ਮੁੱਖ ਸੰਪਾਦਕ
ਡਾ. ਭਾਈ ਪਰਮਜੀਤ ਸਿੰਘ

ਸੰਪਾਦਕ
ਸੁਰਿੰਦਰ ਸਿੰਘ

ਪੰਦਰਵਾੜਾ
# ਗਰਜਦੀ ਸਵੇਰ
स्वयमेव मृगेन्द्रता
FORTNIGHTYLY GARJDI SAVER,PATIALA
ਪਟਿਆਲਾ
Email: garjdisaver@rediffmail.com

ਡਾ. ਹੈਡਗੇਵਾਰ ਕਲੀਨਿਕ ਅਤੇ ਆਯੁਰਵੈਦਿਕ ਮੈਡੀਸਨ ਸੈਂਟਰ
ਚਮੜੀ ਰੋਗਾਂ ਦੇ ਮਾਹਿਰ
ਡਾ. ਭਾਈ ਪਰਮਜੀਤ ਸਿੰਘ
ਬੀ.ਏ.ਐਮ.ਐਸ.
ਅਨਾਰਦਾਨਾ ਚੌਂਕ, ਪਟਿਆਲਾ-147001
ਫੋਨ: 0175-2216759,
ਫੈਕਸ: 0175-2301152
ਮੋਬਾਈਲ: 9317767647

ਆਰ.ਐਨ.ਆਈ. ਨੰ: 042481/86 | ਅੰਕ : 02 | ਸਾਲ : 37 | 15 ਜਨਵਰੀ 2022 | ਦਿਨ : ਸਨਿੱਚਰਵਾਰ | ਮੁੱਲ: 2:00 ਰੁਪਏ | Regd. PTA/0091/2021-2023

## ਟਕਸਾਲੀ ਅਕਾਲੀ ਤੇ ਸਾਬਕਾ ਮੰਤਰੀ ਕੋਹਲੀ ਨੇ ਅਕਾਲੀ ਦਲ ਨੂੰ ਕਿਹਾ ਅਲਵਿਦਾ, ਦਿੱਤਾ ਅਸਤੀਫਾ



ਪਟਿਆਲਾ, (ਪੱਤਰ ਪ੍ਰੇਰਕ)- ਟਕਸਾਲੀ ਅਕਾਲੀ ਅਤੇ ਸਾਬਕਾ ਮੰਤਰੀ ਸੁਰਜੀਤ ਸਿੰਘ ਕੋਹਲੀ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਕਹਿੰਦਿਆਂ ਅੱਜ ਅਸਤੀਫਾ ਦੇ ਦਿੱਤਾ ਹੈ। ਪਾਰਟੀ ਨੂੰ ਭੇਜੇ ਅਸਤੀਫੇ ਵਿੱਚ ਸੁਰਜੀਤ ਸਿੰਘ ਕੋਹਲੀ ਨੇ ਲਿਖਿਆ ਹੈ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਅਕਾਲੀ ਦਲ ਦੇ ਮੁੱਢਲੇ ਸਿਧਾਂਤਾਂ ਵੱਲ ਪਿੱਠ ਕਰਨ ਟਕਸਾਲੀ ਅਕਾਲੀ ਪਰਿਵਾਰਾਂ ਨੂੰ ਅਣਗੌਲਿਆਂ ਕਰਨ ਅਕਾਲੀ ਦਲ ਵੱਲੋਂ ਲੋਕ ਪੱਖੀ ਕਾਰਜਾਂ ਤੇ ਨੀਤੀਆਂ ਵਿਰੁੱਧ ਚੱਲਣ ਪੰਜਾਬ ਅਤੇ ਪਟਿਆਲਾ ਦੇ ਬਹੁਪੱਖੀ ਵਿਕਾਸ ਦੇ ਮੁੱਦਿਆਂ ਨੂੰ ਤਿਲਾਂਜਲੀ ਦੇਣ ਅਤੇ ਇਨ੍ਹਾਂ ਮੁੱਦਿਆਂ ਵੱਲ ਨਕਾਰਾਤਮਕ ਰੁਖ਼ ਅਪਨਾਉਣ ਕਾਰਨ ਉਹ ਸ਼੍ਰੋਮਣੀ ਅਕਾਲੀ ਦਲ ਦੋਸ਼ ਆਪਣੇ ਸਾਥੀਆਂ ਸਮੇਤ ਦਾ ਅਸਤੀਫਾ ਦੇ ਰਹੇ ਹਨ। ਦੱਸਣਾ ਬਣਦਾ ਹੈ ਕਿ ਸਾਬਕਾ ਮੰਤਰੀ ਸੁਰਜੀਤ ਸਿੰਘ ਕੋਹਲੀ ਦੇ ਸਪੁੱਤਰ ਅਜੀਤਪਾਲ ਸਿੰਘ ਕੋਹਲੀ ਅਕਾਲੀ ਦਲ ਵਲੋਂ ਪਟਿਆਲਾ ਦੇ ਮੇਅਰ ਵੀ ਰਹੇ ਹਨ। ਇਸ ਤੋਂ ਇਲਾਵਾ ਉਨ੍ਹਾਂ ਦੇ ਦੂਸਰੇ ਲੜਕੇ ਗੁਰਜੋਤ ਕੋਹਲੀ ਲੰਮੇ ਸਮੇਂ ਤੋਂ ਭਾਰਤੀ ਜਨਤਾ ਪਾਰਟੀ ਨਾਲ ਜੁੜੇ ਹੋਏ ਹਨ। ਇਨ੍ਹਾਂ ਦਿਨਾਂ ਵਿੱਚ ਸਾਬਕਾ ਮੇਅਰ ਅਜੀਤਪਾਲ ਕੋਹਲੀ ਦੇ ਆਮ ਆਦਮੀ ਪਾਰਟੀ ਵਿੱਚ ਜਾਣ ਦੀਆਂ ਚਰਚਾਵਾਂ ਦਾ ਬਾਜ਼ਾਰ ਵੀ ਗਰਮ ਰਿਹਾ ਹੈ।

## ਐੱਮ. ਐੱਮ. ਐਜੂਕੇਸਨਲ ਕਾਲਜ ਫਤਿਹਾਬਾਦ ਵਿਖੇ ਕਾਲਜ ਆਨਲਾਈਨ ਲੈਕਚਰ ਕਰਵਾਇਆ

ਫਤਿਹਾਬਾਦ, (ਪੱਤਰ ਪ੍ਰੇਰਕ)-ਸਥਾਨਕ ਮਨੋਹਰ ਮੈਮੋਰੀਅਲ ਐਜੂਕੇਸਨਲ ਕਾਲਜ ਫਤਿਹਾਬਾਦ ਵਿਖੇ ਕਾਲਜ ਦੇ ਐੱਨ.ਐੱਸ.ਐੱਸ. ਵਿਭਾਗ ਵਲੋਂ ਰਾਸਟਰੀ ਯੁਵਾ ਦਿਵਸ ਤੇ ਨੌਜਵਾਨਾਂ ਦੇ ਪ੍ਰੇਰਨਾ ਸਰੋਤ ਸਵਾਮੀ ਵਿਵੇਕਾਨੰਦ ਦੇ ਜਨਮ ਦਿਵਸ ਮੌਕੇ ਆਨਲਾਈਨ ਲੈਕਚਰ ਕਰਵਾਇਆ ਗਿਆ . ਉਦਘਾਟਨ ਕਾਲਜ ਦੀ ਪ੍ਰਿੰਸੀਪਲ ਡਾ: ਜਨਕ ਰਾਣੀ ਨੇ ਕੀਤਾ . ਮੁੱਖ ਬੁਲਾਰੇ ਵਜੋਂ ਸ੍ਰੀਮਤੀ ਸੰਗੀਤਾ ਬਿਸਨੋਈ ਐੱਚ.ਈ.ਐੱਸ.-1 ਪ੍ਰਿੰਸੀਪਲ ਡਾਈਟ ਮਤਾਨਾ ਨੇ ਵਿਦਿਆਰਥੀਆਂ ਨੂੰ ਸਵਾਮੀ ਵਿਵੇਕਾਨੰਦ ਜੀ ਵਾਂਗ ਚਰਿੱਤਰ ਤੇ ਉੱਚੀਆਂ ਕਦਰਾਂ-ਕੀਮਤਾਂ ਰੱਖਣ ਲਈ ਪ੍ਰੇਰਿਤ ਕੀਤਾ . ਉਨ੍ਹਾਂ ਕਿਹਾ ਕਿ ਦੂਜਿਆਂ ਦੇ ਮਗਰ ਨਾ ਭੱਜੋ ਤੇ ਡਰ ਦਾ ਸਾਹਮਣਾ ਕਰੋ, ਡਰ ਤੋਂ ਨਾ ਭੱਜੋ . ਸਫਲਤਾ ਦਾ ਕੋਈ ਸਾਰਟਕੱਟ ਨਹੀਂ ਹੁੰਦਾ, ਸਖਤ ਮਿਹਨਤ ਹਰ ਸਫਲਤਾ ਦੀ ਕੁੰਜੀ ਹੁੰਦੀ ਹੈ, ਇਸ ਲਈ ਸਾਨੂੰ ਹਮੇਸਾ ਸਖਤ ਮਿਹਨਤ ਕਰਨੀ ਚਾਹੀਦੀ ਹੈ . ਇਸ ਮੌਕੇ ਪੋਸਟਰ ਮੇਕਿੰਗ ਮੁਕਾਬਲੇ ਵੀ ਕਰਵਾਏ ਗਏ, ਜਿਸ ਵਿਚ ਬੀ.ਐੱਡ. ਪਹਿਲੇ ਸਾਲ ਵਿਚੋਂ ਮੰਜੂ ਨੇ ਪਹਿਲਾ, ਕਿਰਨ ਬਾਲਾ ਨੇ ਦੂਜਾ ਤੇ ਮੁਸਕਾਨ ਗੋਇਲ ਨੇ ਤੀਜਾ ਸਥਾਨ ਹਾਸਲ ਕੀਤਾ ।

## ਨਵਜੋਤ ਸਿੱਧੂ ਨੇ ਟਵੀਟ ਕਰ ਪੰਜਾਬ ਦੇ ਸਿਸਟਮ ਨੂੰ ਲੈ ਕੇ ਚੁੱਕੇ ਸਵਾਲ, ਕਹੀਆਂ ਵੱਡੀਆਂ ਗੱਲਾਂ



ਚੰਡੀਗੜ੍ਹ, (ਪੱਤਰ ਪ੍ਰੇਰਕ)-ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਨਵਜੋਤ ਸਿੱਧੂ ਨੇ ਟਵੀਟ ਕਰ ਕੇ ਪੰਜਾਬ ਦੇ ਸਿਸਟਮ ਨੂੰ ਲੈ ਕੇ ਵੱਡੇ ਸਵਾਲ ਚੁੱਕੇ ਹਨ। ਸਿੱਧੂ ਨੇ ਟਵੀਟ ਕਰਦਿਆਂ ਲਿਖਿਆ ਕਿ ਇਹੋ ਜਿਹੇ ਸਿਸਟਮ ਨੂੰ ਢਾਅ ਲਾਉਣ ਦੀ ਲੋੜ ਹੈ, ਜਿਸ ਨੇ ਸਾਡੇ ਗੁਰੂ ਨੂੰ ਇਨਸਾਫ ਨਹੀਂ ਦਿੱਤਾ ਤੇ ਜੋ ਨਸ਼ਿਆਂ ਦੇ ਵਪਾਰ 'ਚ ਸ਼ਾਮਲ ਵੱਡੀਆਂ ਮੱਛੀਆਂ ਨੂੰ ਸਜਾਵਾਂ ਨਹੀਂ ਦੇ ਸਕਿਆ। ਉਨ੍ਹਾਂ ਦਾ ਇਸ਼ਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਦੇ ਦੋਸ਼ੀਆਂ ਨੂੰ ਅਜੇ ਤੱਕ ਸਜਾਵਾਂ ਨਾ ਦੇਣ ਵੱਲ ਸੀ। ਉਨ੍ਹਾਂ ਅੱਗੇ ਕਿ ਉਹ ਕਿਸੇ ਅਹੁਦੇ ਲਈ ਚੋਣ ਨਹੀਂ ਲੜ ਰਹੇ, ਹੁਣ ਤਾਂ ਇਹ ਸਿਸਟਮ ਰਹੇਗਾ ਜਾਂ ਨਵਜੋਤ ਸਿੰਘ ਸਿੱਧੂ। ਸਿੱਧੂ ਨੇ ਕਿਹਾ ਕਿ ਲੜਾਈ ਇਸ ਨਿਜ਼ਾਮ ਨੂੰ ਬਦਲਣ ਦੀ ਹੈ, ਜਿਸ ਨੇ ਪੰਜਾਬ ਨੂੰ ਘੁਣ ਵਾਂਗ ਖਾ ਲਿਆ ਹੈ। ਸ਼ਰਾਰਤੀ ਸਿਆਸਤਦਾਨਾਂ ਦੀ ਮਿਲੀਭੁਗਤ ਨਾਲ ਮਾਫੀਆ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਸਿਸਟਮ ਬਦਲਾਅ ਤੇ ਸੁਧਾਰਾਂ ਦੀ ਦੁਹਾਈ ਦਿੰਦਾ ਹੈ ਕਿਉਂਕਿ ਪੰਜਾਬ ਦੀ ਸ਼ਾਨ ਨੂੰ ਕੁਝ ਸਿਆਸੀ ਨੇਤਾਵਾਂ ਤੇ ਮਾਫੀਆ ਦੇ ਗੱਠਜੋੜ ਨੇ ਤਬਾਹ ਕਰ ਦਿੱਤਾ ਹੈ। ਜਿਕਰਯੋਗ ਹੈ ਕਿ ਨਵਜੋਤ ਸਿੰਘ ਸਿੱਧੂ ਨੇ ਪਹਿਲਾਂ ਵੀ ਕਈ ਵਾਰ ਪੰਜਾਬ ਦੇ ਸਿਸਟਮ 'ਤੇ ਸਵਾਲ ਚੁੱਕੇ ਹਨ ਤੇ ਆਪਣੀ ਪਾਰਟੀ 'ਤੇ ਹੀ ਨਿਸ਼ਾਨੇ ਲਾਉਣ ਤੋਂ ਗੁਰੇਜ ਨਹੀਂ ਕੀਤਾ । ਉਹ ਆਪਣੇ 'ਪੰਜਾਬ ਮਾਡਲ' ਤਹਿਤ ਚੋਣਾਂ ਲੜਨਾ ਚਾਹੁੰਦੇ ਹਨ, ਜਿਸ ਨਾਲ ਉਹ ਪੰਜਾਬ ਵਾਸੀਆਂ ਨੂੰ ਖੁਸ਼ਹਾਲ ਬਣਾਉਣਾ ਚਾਹੁੰਦੇ ਹਨ।

## ਢੀਂਡਸਾ ਦੀ ਅਗਵਾਈ ਵਾਲੀ ਅਕਾਲੀ ਦਲ (ਸੰਯੁਕਤ) ਟੈਲੀਫੋਨ ਦੇ ਚੋਣ ਨਿਸ਼ਾਨ ਲੜੇਗੀ ਚੋਣਾਂ



ਚੰਡੀਗੜ੍ਹ, (ਪੱਤਰ ਪ੍ਰੇਰਕ)- ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਾਲੇ ਅਕਾਲੀ ਦਲ (ਸੰਯੁਕਤ) ਨੂੰ ਸੂਬੇ ਵਿਚ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ 'ਟੈਲੀਫੋਨ' ਚੋਣ ਨਿਸ਼ਾਨ ਮਿਲ ਗਿਆ ਹੈ। ਪਾਰਟੀ ਤਰਜਮਾਨ ਮਨਿੰਦਰਪਾਲ ਸਿੰਘ ਮੁਤਾਬਕ ਕੇਂਦਰੀ ਚੋਣ ਕਮਿਸ਼ਨ ਨੇ ਪਾਰਟੀ ਨੂੰ ਇਹ ਚੋਣ ਨਿਸ਼ਾਨ ਦੇਣਾ ਪ੍ਰਵਾਨ ਕੀਤਾ ਹੈ।

## ਪਾਕਿ ਤਸਕਰਾਂ ਨੇ ਧੁੰਦ 'ਚ ਤੇਜ ਕੀਤੀਆਂ ਗਤੀਵਿਧੀਆਂ, ਸੁਰੱਖਿਆ ਬਲਾਂ ਨੇ ਸਰਹੱਦ ਨੇੜਿਓਂ 4 ਕਿੱਲੋ 760 ਗ੍ਰਾਮ ਹੈਰੋਇਨ ਕੀਤੀ ਬਰਾਮਦ



ਅਟਾਰੀ, (ਪੱਤਰ ਪ੍ਰੇਰਕ)-ਪਾਕਿਸਤਾਨੀ ਤਸਕਰਾਂ ਵੱਲੋਂ ਚੱਲ ਰਹੇ ਧੁੰਦ ਦੇ ਦਿਨਾਂ ਵਿਚ ਆਪਣੀਆਂ ਤਸਕਰੀਆਂ ਦੀਆਂ ਗਤੀਵਿਧੀਆਂ ਨੂੰ ਤੇਜ਼ ਕਰ ਦਿੱਤਾ ਗਿਆ ਹੈ। ਇਕ ਦਿਨ ਪਹਿਲਾਂ ਹੀ ਸੀਮਾ ਸਰੱਖਿਆ ਬਲ ਨੇ ਮੁਹਾਵਾ ਚੌਕੀਂ ਦੇ ਲਾਗੇ ਸਰਹੱਦ 'ਤੇ ਲੱਗੀ ਕੰਡਿਆਲੀ ਤਾਰ ਦੇ ਨਜ਼ਦੀਕ ਤੋਂ ਪਾਕਿ ਸਮੱਗਲਰਾਂ ਵੱਲੋਂ ਪਾਕਿ ਵਾਪਸ ਭੱਜਦੇ ਸਮੇਂ ਜੋ ਹਥਿਆਰ ਸੁੱਟੇ ਗਏ ਸਨ, ਉਨ੍ਹਾਂ ਨੂੰ ਬਰਾਮਦ ਕੀਤਾ ਤੇ ਅੱਜ ਫਿਰ ਸਰਹੱਦ 'ਤੇ ਤਾਇਨਾਤ ਸੀਮਾ ਸੁਰੱਖਿਆ ਬਲ ਦੇ ਜਵਾਨਾਂ ਨੇ ਪਾਕਿ ਤਸਕਰਾਂ ਵੱਲੋਂ ਭਾਰਤ ਅੰਦਰ ਹੈਰੋਇਨ ਦੀ ਸਮੱਗਲੰਗਿ ਕਰਨ ਦੇ ਇਰਾਦਿਆਂ ਨੂੰ ਨਾਕਾਮ ਕਰ ਦਿੱਤਾ ਹੈ।ਜਾਣਕਾਰੀ ਅਨੁਸਾਰ ਬੀਤੀ ਰਾਤ ਬੀਓਪੀਓ ਦਾਉਕੇ 'ਤੇ ਤਾਇਨਾਤ ਸੀਮਾ ਸੁਰੱਖਿਆ ਬਲ ਦੀ 144 ਬਟਾਲੀਅਨ ਨੂੰ ਭਾਰਤ-ਪਕਿਸਤਾਨ ਦਰਮਿਆਨ ਲੱਗੀ ਕੰਡਿਆਲੀ ਤਾਰ ਦੇ ਲਾਗੇ ਕੁਝ ਹਿਲਜੁਲ ਦਾ ਸ਼ੱਕ ਪਿਆ ਸੀ ਤੇ ਜਿਸ 'ਤੇ ਉਨ੍ਹਾਂ ਨੇ ਧੁੰਦ ਘੱਟਣ ਤੋਂ ਬਾਅਦ ਇਕ ਸਰਚ ਆਪ੍ਰੇਸ਼ਨ ਚਲਾਇਆ, ਜਿਸ 'ਤੇ ਉਨ੍ਹਾਂ ਨੂੰ ਬਾਰਡਰ ਪਿਲਰ ਨੰਬਰ 113 ਦੇ ਨਜ਼ਦੀਕ ਸਰਹੱਦ 'ਤੇ ਭਾਰਤ ਵਾਲੇ ਪਾਸੇ ਪਏ ਪੰਜ ਪਲਾਸਟਿਕ ਦੇ ਪੈਕਟ ਮਿਲੇ, ਜਿਸ ਵਿਚ ਪਾਕਿ ਤੋਂ ਆਈ 4 ਕਿਲੋ 760 ਗ੍ਰਾਮ ਹੈਰੋਇਨ ਸੀ। ਸੀਮਾ ਸਰੱਖਿਆ ਬਲ ਨੇ ਹੈਰੋਇਨ ਨੂੰ ਕਬਜ਼ੇ ਵਿਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਗੁਜਰਾਤੀ ਸਕੂਲ ਵੱਲੋਂ ਬੱਚਿਆਂ ਪਾਸੋਂ ਸਾਹਿਬਜ਼ਾਦਿਆਂ ਦਾ ਰੋਲ ਕਰਵਾਉਣ ਦਾ ਸਖ਼ਤ ਨੋਟਿਸ ਲਿਆ



ਅੰਮ੍ਰਿਤਸਰ, (ਪੱਤਰ ਪ੍ਰੇਰਕ)- ਅਹਿਮਦਾਬਾਦ (ਗੁਜਰਾਤ) ਸਥਿਤ ਸਕੂਲ ਵੱਲੋਂ ਕਰਵਾਏ ਗਏ ਪ੍ਰੋਗਰਾਮ ਦੌਰਾਨ ਦਸਵੇਂ ਪਾਤਸ਼ਾਹ ਦੇ ਸਾਹਿਬਜ਼ਾਦਿਆਂ ਦਾ ਰੋਲ ਸਕੂਲੀ ਬੱਚਿਆਂ ਪਾਸੋਂ ਕਰਵਾਉਣ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਨਸ਼ਰ ਹੋਣ ਮਗਰੋਂ ਸ਼੍ਰੋਮਣੀ ਕਮੇਟੀ ਨੇ ਇਸ ਦਾ ਸਖ਼ਤ ਨੋਟਿਸ ਲਿਆ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਆਦੇਸ਼ਾਂ 'ਤੇ ਧਰਮ ਪ੍ਰਚਾਰ ਕਮੇਟੀ ਅਧੀਨ ਚੱਲਦੇ ਸਿੱਖ ਮਿਸ਼ਨ ਗੁਜਰਾਤ ਦੇ ਪ੍ਰਚਾਰਕਾਂ ਨੇ ਸਬੰਧਤ ਸਕੂਲ ਪਾਸੋਂ ਜਵਾਬਤਲਬੀ ਕੀਤੀ ਹੈ। ਇਸ 'ਤੇ ਪ੍ਰਬੰਧਕਾਂ ਨੇ ਲਿਖਤੀ ਤੌਰ 'ਤੇ ਮਾਫ਼ੀ ਮੰਗ ਲਈ ਹੈ। ਸਕੂਲ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਇਹ ਵੀਡੀਓ ਸਾਲ 2019 ਦੀ ਹੈ ਪਰ ਹੁਣ ਇਸ ਨੂੰ ਕਿਸੇ ਨੇ ਸੋਸ਼ਲ ਮੀਡੀਏ 'ਤੇ ਪਾ ਦਿੱਤਾ ਹੈ। ਸਕੂਲ ਪ੍ਰਬੰਧਕਾਂ ਨੇ ਮੰਨਿਆ ਕਿ ਉਨ੍ਹਾਂ ਨੂੰ ਸਿੱਖ ਧਰਮ ਦੇ ਨਿਯਮਾਂ ਬਾਰੇ ਪਤਾ ਨਾ ਹੋਣ ਕਾਰਨ ਅਜਿਹਾ ਹੋਇਆ ਹੈ, ਉਹ ਸਿੱਖ ਜਗਤ ਤੋਂ ਇਸ ਗ਼ਲਤੀ ਦੀ ਮਾਫ਼ੀ ਮੰਗਦੇ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਬਾਰੇ ਆਖਿਆ ਕਿ ਬੀਤੇ ਕੱਲ੍ਹ ਜਦੋਂ ਉਨ੍ਹਾਂ ਨੂੰ ਇਸ ਵੀਡੀਓ ਬਾਰੇ ਪਤਾ ਲੱਗਾ ਸੀ ਤਾਂ ਉਨ੍ਹਾਂ ਨੇ ਤੁਰੰਤ ਇਸ ਦੀ ਪੜਤਾਲ ਲਈ ਹੁਕਮ ਕੀਤੇ ਸਨ। ਉਨ੍ਹਾਂ ਅੱਗੇ ਕਿਹਾ ਕਿ ਪੜਤਾਲ ਦੌਰਾਨ ਭਾਵੇਂ ਸਕੂਲ ਪ੍ਰਬੰਧਕਾਂ ਨੇ ਮਾਫ਼ੀ ਮੰਗ ਲਈ ਹੈ ਅਤੇ ਵੀਡੀਓ ਪੁਰਾਣੀ ਹੋਣ ਦਾ ਦਾਅਵਾ ਕੀਤਾ ਹੈ ਪਰ ਅਜਿਹੀਆਂ ਹਰਕਤਾਂ ਕਰਨ ਵਾਲਿਆਂ ਨੂੰ ਬਾਜ਼ ਆਉਣਾ ਚਾਹੀਦਾ ਹੈ।

## ਜੀ. ਐੱਨ. ਜੀ. ਕਾਲਜ 'ਚ ਰਾਸਟਰੀ ਯੁਵਾ ਦਿਵਸ ਮੌਕੇ ਵੈਬੀਨਾਰ ਕਰਵਾਇਆ

ਯਮੁਨਾਨਗਰ, (ਪੱਤਰ ਪ੍ਰੇਰਕ)-ਗੁਰੂ ਨਾਨਕ ਗਰਲਜ ਕਾਲਜ ਛੋਟੀ ਲਾਈਨ ਵਿਖੇ ਰਾਸਟਰੀ ਯੁਵਾ ਦਿਵਸ ਮੌਕੇ ਵੈਬੀਨਾਰ ਕਰਵਾਇਆ ਗਿਆ, ਜਿਸਦਾ ਮੁੱਖ ਵਿਸਾ ਵਿਵੇਕਾਨੰਦ ਦਾ ਫਲਸਫਾ ਸੀ . ਨੌਜਵਾਨ ਭਾਰਤ ਤੋਂ ਗਿਆਨਵਾਨ ਭਾਰਤ ਦਾ ਮਾਰਗ . ਇਸ ਮੌਕੇ ਦੇਸ ਭਗਤ ਯੂਨੀਵਰਸਿਟੀ ਪੰਜਾਬ ਤੋਂ ਇਤਿਹਾਸ ਵਿਭਾਗ ਦੇ ਚੇਅਰਮੈਨ ਡਾ. ਕ੍ਰਿਸਨ ਕੁਮਾਰ ਮੁੱਖ ਬੁਲਾਰੇ ਵਜੋਂ ਹਾਜਰ ਹੋਏ . ਵੈਬੀਨਾਰ ਕੋਆਰਡੀਨੇਟਰ ਮੋਨਿਕਾ ਚੋਪੜਾ ਨੇ ਦੱਸਿਆ ਕਿ ਇਹ ਪ੍ਰੋਗਰਾਮ ਕਾਲਜ ਡਾਇਰੈਕਟਰ ਡਾ. ਵਰਿੰਦਰ ਗਾਂਧੀ ਤੇ ਪ੍ਰਿੰ. ਡਾ. ਅਨੂ ਅਤਰੇਜਾ ਦੀ ਅਗਵਾਈ ਹੇਠ ਕਰਵਾਇਆ ਗਿਆ . ਇਸ ਮੌਕੇ ਡਾ. ਕ੍ਰਿਸਨ ਕੁਮਾਰ ਨੇ ਵਿਦਿਆਰਥੀਆਂ ਨੂੰ ਸਵਾਮੀ ਵਿਵੇਕਾਨੰਦ ਦੇ ਫਲਸਫੇ ਬਾਰੇ ਦੱਸਿਆ . ਉਨ੍ਹਾਂ ਨੇ ਸਮੁੱਚੇ ਵਿਸਵ ਨੂੰ ਸਰਬ-ਸਾਂਝੀਵਾਲਤਾ ਦਾ ਸੰਦੇਸ ਦਿੱਤਾ .

## ਚੋਣਾਂ 'ਚ ਅਮਨ ਕਾਨੂੰਨ ਕਾਇਮ ਰੱਖਿਆ ਜਾਵੇਗਾ : ਐੱਸ.ਐੱਚ.ਓ.




ਬਹਾਦਰਗੜ੍ਹ, (ਪੱਤਰ ਪ੍ਰੇਰਕ)- ਬਹਾਦਰਗੜ੍ਹ 'ਚ ਵੀਰਵਾਰ ਨੂੰ ਅਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਐੱਸਐੱਚਓ ਸਦਰ ਮਨਪ੍ਰੀਤ ਸਿੰਘ ਤੇ ਪੁਲਿਸ ਚੌਕੀ ਬਹਾਦਰਗੜ੍ਹ ਦੇ ਇੰਚਾਰਜ ਮਨਜੀਤ ਸਿੰਘ ਦੀ ਅਗਵਾਈ ਹੇਠ ਪੰਜਾਬ ਪੁਲਿਸ ਤੇ ਅਰਧ ਸੈਨਿਕ ਬਲ ਦੇ ਦਸਤੇ ਵੱਲੋਂ ਫਲੈਗ ਮਾਰਚ ਕੀਤਾ ਗਿਆ। ਐੱਸਐੱਚਓ ਮਨਪ੍ਰੀਤ ਸਿੰਘ ਨੇ ਦੱਸਿਆ ਕਿ ਇਹ ਫਲੈਗ ਮਾਰਚ ਪੁਲਿਸ ਵੱਲੋਂ ਚੋਣਾਂ ਦੌਰਾਨ ਅਮਨ ਕਾਨੂੰਨ ਦੀ ਸਥਿਤੀ ਨੂੰ ਬਣਾਈ ਰੱਖਣ ਦੇ ਮਕਸਦ ਨਾਲ ਕੀਤਾ ਗਿਆ ਹੈ। ਇਸ ਲਈ ਪੁਲਿਸ ਵੱਲੋਂ ਫਲੈਗ ਮਾਰਚ ਕਰ ਕੇ ਇਹ ਸੁਨੇਹਾ ਦਿੱਤਾ ਗਿਆ ਹੈ ਕਿ ਚੋਣਾਂ ਦੌਰਾਨ ਸਮਾਜ ਵਿਰੋਧੀ ਅਨਸਰਾਂ ਨੂੰ ਕਿਸੇ ਵੀ ਹਾਲਤ 'ਚ ਸਿਰ ਨਹੀਂ ਚੁੱਕਣ ਦਿੱਤਾ ਜਾਵੇਗਾ ਅਤੇ ਹਰ ਹਾਲਤ 'ਚ ਅਮਨ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਿਆ ਜਾਵੇਗਾ। ਇਹ ਫਲੈਗ ਮਾਰਚ ਪੁਲਿਸ ਚੌਂਕੀ ਬਹਾਦਰਗੜ੍ਹ ਤੋਂ ਸ਼ੁਰੂ ਹੋ ਕੇ ਕਸਬੇ ਅਤੇ ਨਾਲ ਲਗਦੇ ਪਿੰਡਾਂ 'ਚੋਂ ਹੁੰਦਾ ਹੋਇਆ ਵਾਪਸ ਪੁਲਿਸ ਚੌਂਕੀ ਵਿਖੇ ਸਮਾਪਤ ਕੀਤਾ ਗਿਆ।

## ਭਾਜਪਾ ਤੇ ਸਹਿਯੋਗੀ ਦਲਾਂ 'ਚ ਸੀਟਾਂ ਨੂੰ ਲੈ ਕੇ ਸਹਿਮਤੀ ਦੇ ਚਰਚੇ, ਇਸ ਦਿਨ ਹੋ ਸਕਦੈ ਐਲਾਨ



ਚੰਡੀਗੜ੍ਹ, (ਪੱਤਰ ਪ੍ਰੇਰਕ)-ਪੰਜਾਬ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਜਿੱਥੇ ਸ਼੍ਰੋਮਣੀ ਅਕਾਲੀ ਦਲ-ਬਸਪਾ ਅਤੇ ਆਮ ਆਦਮੀ ਪਾਰਟੀ ਨੇ 100 ਤੋਂ ਵਧੇਰੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ ਉਥੇ ਹੀ ਕਾਂਗਰਸ ਅਤੇ ਭਾਜਪਾ ਤੇ ਭਾਜਪਾ ਨਾਲ ਗਠਜੋੜ ਕਰ ਚੁੱਕੀਆਂ ਪਾਰਟੀਆਂ, ਪੰਜਾਬ ਲੋਕ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਵੱਲੋਂ ਉਮੀਦਵਾਰਾਂ ਨੂੰ ਲੈ ਕੇ ਵਿਚਾਰ ਚਰਚਾ ਜਾਰੀ ਹੈ। ਮੰਨਿਆ ਜਾ ਰਿਹਾ ਹੈ ਕਿ ਭਾਜਪਾ ਅਤੇ ਗਠਜੋੜ ਪਾਰਟੀਆਂ ਵਿਚਾਲੇ ਇਸ ਗੱਲ ਨੂੰ ਲੈ ਕੇ ਸਹਿਮਤੀ ਬਣ ਚੁੱਕੀ ਹੈ ਕਿ ਕੌਣ ਕਿੰਨੀਆਂ ਸੀਟਾਂ 'ਤੇ ਚੋਣ ਲੜੇਗਾ। ਸੂਤਰਾਂ ਮੁਤਾਬਕ ਭਾਜਪਾ ਦੇ 72, ਕੈਪਟਨ ਧੜੇ ਦੇ 30 ਤੇ ਸੁਖਦੇਵ ਸਿੰਘ ਢੀਂਡਸਾ ਦੀ ਪਾਰਟੀ ਦੇ 15 ਉਮੀਦਵਾਰ ਚੋਣ ਮੈਦਾਨ 'ਚ ਨਿੱਤਰਨਗੇ ।ਕਿਹੜੀ ਪਾਰਟੀ ਦਾ ਉਮੀਦਵਾਰ ਕਿੱਥੋਂ ਚੋਣ ਲੜੇਗਾ, ਇਸ ਦਾ ਐਲਾਨ ਵੀ ਗਠਜੋੜ ਵੱਲੋਂ ਜਲਦ ਕੀਤੇ ਜਾਣ ਦੀ ਸੰਭਾਵਨਾ ਹੈ। ਸੂਤਰਾਂ ਅਨੁਸਾਰ ਤਿੰਨਾਂ ਹੀ ਦਲਾਂ ਦੀ ਕੋਆਰਡੀਨੇਸ਼ਨ ਕਮੇਟੀ ਦੀ ਚੰਡੀਗੜ੍ਹ ਵਿਖੇ ਹੋਈ ਮੀਟਿੰਗ ਵਿੱਚ ਇਹ ਤੈਅ ਕਰ ਲਿਆ ਗਿਆ ਹੈ ਕਿ ਕਿਸ ਧਿਰ ਨੇ ਕਿੰਨੀਆਂ ਸੀਟਾਂ 'ਤੇ ਉਮੀਦਵਾਰ ਉਤਾਰਨੇ ਹਨ। ਫਿਲਹਾਲ ਤਿੰਨੇ ਪਾਰਟੀਆਂ ਆਪੋ-ਆਪਣੇ ਉਮੀਦਵਾਰਾਂ ਦੇ ਨਾਮ ਤੈਅ ਕਰਨ ਵਿੱਚ ਲੱਗੀਆਂ ਹਨ ਅਤੇ 18 ਜਨਵਰੀ ਤੱਕ ਉਮੀਦਵਾਰਾਂ ਦਾ ਐਲਾਨ ਕੀਤਾ ਜਾ ਸਕਦਾ ਹੈ। ਉਧਰ ਪੰਜਾਬ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਹੈ ਕਿ ਸੀਟਾਂ ਦੀ ਵੰਡ ਨੂੰ ਲੈ ਕੇ ਅੰਤਿਮ ਫੈਸਲਾ ਹੋਣਾ ਅਜੇ ਬਾਕੀ ਹੈ ।ਦੱਸਣਯੋਗ ਹੈ ਕਿ ਅਕਾਲੀ ਦਲ ਨਾਲ ਗਠਜੋੜ ਕਰਕੇ ਭਾਜਪਾ 23 ਸੀਟਾਂ 'ਤੇ ਆਪਣੇ ਉਮੀਦਵਾਰ ਉਤਾਰਦੀ ਰਹੀ ਹੈ ।2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੂੰ ਸਿਰਫ 3 ਸੀਟਾਂ ਮਿਲੀਆਂ ਸਨ ।ਇਹ ਪਹਿਲੀ ਵਾਰ ਹੈ ਜਦੋਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਵੱਡੀ ਗਿਣਤੀ ਵਿੱਚ ਆਪਣੇ ਉਮੀਦਵਾਰ ਚੋਣ ਮੈਦਾਨ ਵਿੱਚ ਉਤਾਰੇਗੀ। ਜ਼ਿਕਰਯੋਗ ਹੈ ਕਿ ਚੋਣਾਂ ਦੀ ਤਾਰੀਖ ਨੇੜੇ ਆ ਰਹੀ ਹੈ ਅਤੇ 21 ਜਨਵਰੀ ਤੋਂ 28 ਜਨਵਰੀ ਤੱਕ ਉਮੀਦਵਾਰ ਨਾਮਜਦਗੀ ਪੱਤਰ ਭਰ ਸਕਦੇ ਹਨ ।29 ਜਨਵਰੀ ਨੂੰ ਨਾਮਜਦਗੀ ਪੱਤਰਾਂ ਦੀ ਜਾਂਚ ਹੋਵੇਗੀ ਅਤੇ 31 ਜਨਵਰੀ ਤੱਕ ਉਮੀਦਵਾਰ ਆਪਣੇ ਨਾਮਜਦਗੀ ਪੱਤਰ ਵਾਪਸ ਲੈ ਸਕਦੇ ਹਨ ।14 ਫਰਵਰੀ ਨੂੰ ਹੋਣ ਜਾ ਰਹੀਆਂ ਚੋਣਾਂ ਦੇ ਨਤੀਜੇ 10 ਮਾਰਚ ਨੂੰ ਆਉਣਗੇ।

## ਸੁਚੇਤ ਰਹਿਣ ਦੀ ਲੋੜ, ਪਹਿਲੀ ਵਾਰ ਚੰਡੀਗੜ੍ਹ 'ਚ ਸੀਵਰੇਜ ਦੇ ਨਮੂਨਿਆਂ 'ਚੋਂ ਮਿਲਿਆ 'ਕੋਰੋਨਾ ਵਾਇਰਸ'



ਚੰਡੀਗੜ੍ਹ, (ਪੱਤਰ ਪ੍ਰੇਰਕ)-ਪੂਰੇ ਦੇਸ਼ ਭਰ 'ਚ ਇਕ ਵਾਰ ਫਿਰ ਤੋਂ ਕੋਰੋਨਾ ਵਾਇਰਸ ਦਾ ਕਹਿਰ ਵੱਧਣ ਲੱਗਾ ਹੈ, ਜਿਸ ਤੋਂ ਸੁਚੇਤ ਰਹਿਣ ਦੀ ਲੋੜ ਹੈ। ਚੰਡੀਗੜ੍ਹ ਸ਼ਹਿਰ 'ਚ ਪਹਿਲੀ ਵਾਰ ਸੀਵਰੇਜ ਦੇ ਨਮੂਨਿਆਂ 'ਚ ਕੋਰੋਨਾ ਵਾਇਰਸ ਮਿਲਿਆ ਹੈ। ਇਨ੍ਹਾਂ ਨਮੂਨਿਆਂ ਦੀ ਜਾਂਚ ਪੀ. ਜੀ. ਆਈ, ਚੰਡੀਗੜ੍ਹ ਦੇ ਵਾਇਰੋਲਾਜੀ ਡਿਪਾਰਟਮੈਂਟ ਵੱਲੋਂ ਕੀਤੀ ਗਈ ਹੈ। ਪੀ. ਜੀ. ਆਈ. ਚੰਡੀਗੜ੍ਹ 'ਚ ਪ੍ਰੋਫੈਸਰ ਮਿਨੀ ਪੀ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਨ੍ਹਾਂ ਨੇ ਬੀਤੇ ਦਸੰਬਰ ਦੇ ਮਹੀਨੇ ਤੋਂ ਵੇਸਟ ਵਾਟਰ ਟ੍ਰੀਟਮੈਂਟ ਪਲਾਂਟਸ ਤੋਂ ਨਮੂਨੇ ਲੈਣੇ ਸ਼ੁਰੂ ਕੀਤੇ ਸਨ। ਇਸ ਦੇ ਇਲਾਵਾ ਅੰਮ੍ਰਿਤਸਰ, ਪੰਜਾਬ ਦੇ ਪਲਾਂਟਸ ਤੋਂ ਵੀ ਨਮੂਨੇ ਲਏ ਗਏ ਸਨ। ਇਨ੍ਹਾਂ 'ਚ ਕੋਰੋਨਾ ਵਾਇਰਸ ਦੇ ਕੋਈ ਲੱਛਣ ਨਹੀਂ ਸਨ ਪਰ ਹੁਣ ਸੰਕ੍ਰਮਣ ਵੱਧਣ ਤੋਂ ਬਾਅਦ ਚੰਡੀਗੜ੍ਹ ਦੇ ਸੀਵੇਜ ਦੇ ਪਾਣੀ 'ਚ ਵਾਇਰਸ ਪਾਇਆ ਗਿਆ ਹੈ। ਹੁਣ ਦਿੱਲੀ ਦੇ ਸੀਵਰੇਜ ਟ੍ਰੀਟਮੈਂਟ ਪਲਾਂਟਸ ਤੋਂ ਵੀ ਅਜਿਹੀ ਜਾਂਚ ਲਈ ਨਮੂਨੇ ਪੀ. ਜੀ. ਆਈ. ਚੰਡੀਗੜ੍ਹ ਆ ਸਕਦੇ ਹਨ।

ਇੰਝ ਕੀਤਾ ਜਾਂਦਾ ਹੈ ਸੀਵੇਜ ਦੇ ਨਮੂਨਿਆਂ ਦਾ ਟੈਸਟ : ਰਿਪੋਰਟ ਦੇ ਮੁਤਾਬਕ ਪਹਿਲਾਂ ਸੀਵਰੇਜ ਦੇ 2-3 ਐੱਮ. ਐੱਲ. ਦੇ ਨਮੂਨਿਆਂ ਨੂੰ ਤਿੰਨ ਦਿਨਾਂ ਦੇ ਕਰੀਬ ਸੁਰੱਖਿਅਤ ਰੱਖ ਕੇ ਗਾੜ੍ਹਾ ਕੀਤਾ ਜਾਂਦਾ ਹੈ। ਇਸ ਦੇ ਬਾਅਦ ਇਸ 'ਚੋਂ ਨਿਊਕਲਿਕ ਐਸਿਡ ਹਟਾ ਕੇ ਪਾਣੀ ਨੂੰ ਸਾਫ਼ ਕਰ ਲਿਆ ਜਾਂਦਾ ਹੈ ਤਾਂਕਿ ਇਸ 'ਚ ਪਾਏ ਜਾਣ ਵਾਲੇ ਸੰਭਾਵਿਤ ਵਾਇਰਸ ਨੂੰ ਵੱਖ ਕੀਤਾ ਜਾ ਸਕੇ। ਹੁਣ ਇਸ ਨਮੂਨੇ ਨੂੰ ਆਰ.ਟੀ.-ਪੀ.ਸੀ.ਆਰ. ਮਸ਼ੀਨ 'ਚ ਜਾਂਚ ਕੀਤੀ ਜਾਂਦੀ ਹੈ। ਡਬਲਿਊ. ਐੱਚ.ਓ. ਦੇ ਮੁਤਾਬਕ ਕਿਸੇ ਜਗ੍ਹਾ ਸੀਵਰੇਜ 'ਚ ਕੋਰੋਨਾ ਵਾਇਰਸ ਦਾ ਪਤਾ ਲੱਗਦਾ ਹੈ ਤਾਂ ਇਸ ਦਾ ਮਤਲਬ ਹੈ ਕਿ ਉਥੇ ਬਹੁਤ ਸਾਰੇ ਲੋਕ ਕੋਰੋਨਾ ਦੀ ਲਪੇਟ 'ਚ ਆ ਚੁੱਕੇ ਹਨ।

## ਡੇਰਾਬੱਸੀ ਬਾਰ ਐਸੋਸੀਏਸ਼ਨ ਨੇ ਲੋਹੜੀ ਦਾ ਤਿਉਹਾਰ ਮਨਾਇਆ



ਡੇਰਾਬੱਸੀ, (ਪੱਤਰ ਪ੍ਰੇਰਕ)- ਅੱਜ ਡੇਰਾਬੱਸੀ ਦੇ ਕੋਰਟ ਕੰਪਲੈਕਸ 'ਚ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਅਮਰਿੰਦਰ ਸਿੰਘ ਨਨਵਾਂ ਦੀ ਅਗਵਾਈ ਵਿਚ ਲੋਹੜੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਏਡੀਜੇ ਸ਼ਿਖਾ ਗੋਇਲ ਨੇ ਅਗਨੀ ਭੇਟ ਕਰ ਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਇਸ ਮੌਕੇ ਜੱਜ ਸੀਨੀਅਰ ਡਵੀਜ਼ਨ ਜੱਜ ਪਵਲੀਨ ਸਿੰਘ, ਜੂਨੀਅਰ ਡਵੀਜ਼ਨ ਜੱਜ ਰਮੇਸ਼ ਕੁਮਾਰ, ਜੂਨੀਅਰ ਡਵੀਜ਼ਨ ਜੱਜ ਜਗਮੀਤ ਸਿੰਘ ਨੇ ਵੀ ਹਾਜ਼ਰੀ ਭਰੀ। ਇਸ ਮੌਕੇ ਕਈ ਵਕੀਲਾਂ ਵੱਲੋ ਕਵਿਤਾਵਾਂ ਅਤੇ ਸ਼ਾਇਰੋ ਸ਼ਾਇਰੀ ਨਾਲ ਲੋਹੜੀ ਦੇ ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਲੋਹੜੀ ਦੇ ਤਿਉਹਾਰ ਬਾਰੇ ਚਾਨਣਾ ਪਾਇਆ। ਇਸ ਮੌਕੇ ਸ਼ਿਵ ਸ਼ਰਮਾ ਮੀਤ ਪ੍ਰਧਾਨ, ਵਿਕਾਸ ਗੋਇਲ ਸੈਕਟਰੀ, ਸੁਰੇਸ਼ ਕੁਮਾਰ ਖਜਾਨਚੀ, ਮੈਡਮ ਜੈਬਾ ਪ੍ਰਵੀਨ ਜੁਆਇੰਟ ਸੈਕਟਰੀ, ਦੀਪਕ ਗੁਪਤਾ, ਜਸਬੀਰ ਚੌਹਾਨ, ਅਸ਼ੋਕ ਰਾਣਾ, ਪਰਦੀਪ ਰਾਣਾ, ਜਗਤਾਰ ਸਿੰਘ ਬਾਛਲ, ਹਰਦੀਪ ਸੈਣੀ, ਮੈਡਮ ਬਬੀਤਾ ਗਾਧੀ, ਚੌਧਰੀ ਮਨਮੋਹਨ ਸਿੰਘ, ਹਰਦੀਪ ਰਾਣਾ, ਰਾਮ ਧੀਮਾਨ, ਰਾਜੇਸ਼ ਰਾਣਾ, ਪਰਮਵੀਰ ਰਾਣਾ, ਜਸਵੰਤ ਸਿੰਘ ਤੂਰ, ਸਮੇਤ ਅਨੇਕਾਂ ਵਕੀਲ ਮੌਜੂਦ ਸਨ।

## ਪੰਜਾਬ 'ਚ ਚੋਣ ਜ਼ਾਬਤਾ ਲੱਗਣ ਉਪਰੰਤ 23.8 ਕਰੋੜ ਦੀਆਂ ਵਸਤਾਂ ਜ਼ਬਤ



ਚੰਡੀਗੜ੍ਹ, (ਪੱਤਰ ਪ੍ਰੇਰਕ)- ਪੰਜਾਬ ਰਾਜ ਵਿੱਚ ਵਿਧਾਨ ਸਭਾ ਚੋਣਾਂ ਦੇ ਐਲਾਨ ਹੋਣ ਉਪਰੰਤ ਸੂਬੇ ਵਿੱਚ ਲਾਗੂ ਹੋਏ ਆਦਰਸ਼ ਚੋਣ ਜ਼ਾਬਤੇ ਦੌਰਾਨ ਮਿਤੀ 2022 ਤੱਕ ਕੁਲ 23.8 ਕਰੋੜ ਦੀਆਂ ਵਸਤਾਂ ਅਤੇ ਨਗਦੀ ਜ਼ਬਤ ਕੀਤੀ ਗਈ ਹੈ ।ਇਸ ਸਬੰਧੀ ਜਾਣਕਾਰੀ ਦਿੰਦਿਆਂ ਮੁੱਖ ਚੋਣ ਅਫਸਰ ਪੰਜਾਬ ਡਾ. ਐਸ ਕਰੁਣਾ ਰਾਜੂ ਨੇ ਦੱਸਿਆ ਕਿ ਸੂਬੇ ਵਿੱਚ ਵੱਖ ਵੱਖ ਸਰਵਾਈਲੈਂਸ ਟੀਮਾਂ ਵੱਲੋਂ 79766.512 ਲੀਟਰ ਸ਼ਰਾਬ ਫੜੀ ਗਈ ਹੈ ਜਿਸ ਦੀ ਕੀਮਤ 24 ਲੱਖ ਰੁਪਏ ਬਣਦੀ ਹੈ। ਉਨ੍ਹਾਂ ਦੱਸਿਆ ਇਸੇ ਤਰ੍ਹਾਂ ਸੂਬੇ ਵਿੱਚ ਨਸ਼ੀਲੇ ਪਦਾਰਥ ਵੀ ਫੜ੍ਹੇ ਗਏ ਹਨ, ਜਿਨ੍ਹਾਂ ਦੀ ਕੀਮਤ 23.366 ਕਰੋੜ ਬਣਦੀ ਹੈ। ਇਸ ਤੋਂ ਇਲਾਵਾ ਸੂਬੇ ਵਿੱਚ 4 ਲੱਖ ਰੁਪਏ ਦੀ ਨਗਦ ਰਾਸ਼ੀ ਵੀ ਜਬਤ ਕੀਤੀ ਗਈ ਹੈ ।ਡਾ. ਰਾਜੂ ਨੇ ਦੱਸਿਆ ਕਿ ਆਦਰਸ਼ ਚੋਣ ਜ਼ਾਬਤੇ ਦੇ ਮੱਦੇਨਜਰ ਰਾਜ ਵਿੱਚ 1028 ਸੰਵੇਦਨਸ਼ੀਲ ਸਥਾਨਾਂ ਦੀ ਪਹਿਚਾਣ ਕੀਤੀ ਗਈ ਹੈ। ਇਸ ਤੋਂ ਇਲਾਵਾ ਸੂਬੇ ਵਿੱਚ 1131 ਅਜਿਹੇ ਲੋਕਾਂ ਦੀ ਪਹਿਚਾਣ ਕੀਤੀ ਹੈ ਜੋ ਕਿ ਅਮਨ ਅਮਾਨ ਵਿਚ ਖਲਲ ਪਾ ਸਕਦੇ ਹਨ, ਜਿਨ੍ਹਾਂ ਵਿਚੋਂ 362 ਖ਼ਿਲਾਫ਼ ਕਾਰਵਾਈ ਕਰ ਦਿੱਤੀ ਗਈ ਹੈ ਅਤੇ ਬਾਕੀ ਰਹਿੰਦੇ ਵਿਅਕਤੀਆਂ ਖ਼ਿਲਾਫ਼ ਜਲਦ ਕਾਰਵਾਈ ਕਰ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸੂਬੇ ਵਿੱਚ 2422 ਨਾਕੇ ਸਥਾਪਿਤ ਕੀਤੇ ਗਏ ਹਨ ।ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਸੁਰੱਖਿਆ ਦੀ ਦ੍ਰਿਸ਼ਟੀ ਤੋਂ ਕਾਰਵਾਈ ਕਰਦਿਆਂ 31 ਲੋਕਾਂ ਖ਼ਿਲਾਫ਼ ਅਹਿਤਿਆਤਨ ਕਾਰਵਾਈ ਅਮਲ ਵਿੱਚ ਲਿਆਂਦੀ ਹੈ। ਸੂਬੇ ਵਿੱਚ ਇਸ ਸਮੇਂ ਗ਼ੈਰ ਜ਼ਮਾਨਤੀ ਵਾਰੰਟ ਦੇ 998 ਮਾਮਲੇ ਕਾਰਵਾਈ ਅਧੀਨ ਹਨ ਅਤੇ ਜਿਨ੍ਹਾਂ ਵਿਚੋਂ ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਤੋਂ ਬਾਅਦ 873 ਲੋਕ ਹਿਰਾਸਤ ਵਿੱਚ ਲੈ ਲਏ ਹਨ ਅਤੇ ਬਾਕੀ 125 ਖ਼ਿਲਾਫ਼ ਕਾਰਵਾਈ ਜਾਰੀ ਹੈ ।ਮੁੱਖ ਚੋਣ ਅਫਸਰ ਨੇ ਦੱਸਿਆ ਕਿ ਸੂਬੇ ਵਿੱਚ ਕੁੱਲ 297140 ਲਾਈਸੈਂਸੀ ਹਥਿਆਰ ਹਨ ਜਿਨ੍ਹਾਂ ਵਿਚੋਂ 12684 ਲਾਈਸੈਂਸੀ ਹਥਿਆਰ ਜਮ੍ਹਾਂ ਹੋ ਚੁਕੇ ਹਨ ਅਤੇ ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਉਪਰੰਤ 17 ਗ਼ੈਰ ਲਾਈਸੈਂਸੀ ਹਥਿਆਰ ਫੜ੍ਹੇ ਗਏ ਹਨ ।ਡਾ. ਰਾਜੂ ਨੇ ਦੱਸਿਆ ਕਿ ਸੂਬੇ ਵਿੱਚ ਚੋਣ ਅਮਲ ਵਿੱਚ ਡਿਊਟੀਆਂ ਨਿਭਾਉਣ ਵਾਲੇ ਅਮਲੇ ਦੇ ਕੋਵਿਡ-19 ਵੈਕਸੀਨੇਸ਼ਨ ਦੀ ਪਹਿਲੀ ਡੋਜ਼ 84% ਲੱਗ ਚੁੱਕੀ ਹੈ, ਜਦਕਿ ਦੂਸਰੀ ਡੋਜ਼ 49% ਮੁਲਾਜ਼ਮਾਂ ਨੂੰ ਲੱਗ ਚੁੱਕੀ ਹੈ ।ਉਨ੍ਹਾਂ ਕਿਹਾ ਕਿ ਪੰਜਾਬ ਰਾਜ ਵਿੱਚ ਆਦਰਸ ਚੋਣ ਜ਼ਾਬਤਾ ਲਾਗੂ ਹੋਣ ਤੇ ਵੱਖ ਵੱਖ ਟੀਮਾਂ ਵੱਲੋਂ 49852 ਸਰਕਾਰੀ ਥਾਵਾਂ ਅਤੇ 16900 ਨਿੱਜੀ ਥਾਵਾਂ ਤੋਂ ਬੈਨਰ ਪੋਸਟਰ ਅਤੇ ਦੀਵਾਰੀ ਇਸ਼ਤਿਹਾਰ ਹਟਾਏ ਗਏ ਹਨ।

## ਮੀਂਹ ਕਾਰਨ ਖ਼ਰਾਬ ਫਸਲ ਦੀ ਗਿਰਦਾਵਰੀ ਦੀ ਅਪੀਲ



ਡੇਰਾਬੱਸੀ, (ਪੱਤਰ ਪ੍ਰੇਰਕ)- ਅੱਜ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਵਲੋਂ ਹਲਕਾ ਡੇਰਾਬੱਸੀ ਵਿਚ ਡਿਪਟੀ ਕਮਿਸ਼ਨਰ ਸਾਹਿਬ ਦੇ ਨਾਂ ਦਾ ਤਹਿਸੀਲਦਾਰ ਡੇਰਾਬੱਸੀ ਨੂੰ ਭਾਰੀ ਮੀਂਹ ਨਾਲ ਆਲੂ, ਸਰ੍ਹੋਂ, ਕਣਕ ਦੀ ਤਬਾਹ ਹੋਈ ਫਸਲ ਦੀ ਵਿਸ਼ੇਸ਼ ਗਿਰਦਾਵਰੀ ਕਰਵਾ ਕੇ ਕਿਸਾਨਾਂ ਨੂੰ ਪ੍ਰਤੀ ਏਕੜ ਪਿੱਛੇ ਢੁਕਵਾਂ ਮੁਆਵਜ਼ਾ ਦੇਣ ਲਈ ਮੰਗ ਪੱਤਰ ਦਿੱਤਾ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਬਲਾਕ ਪ੍ਰਧਾਨ ਕਰਮ ਸਿੰਘ ਕਾਰਕੋਰ, ਜਨਰਲ ਸਕੱਤਰ ਕਮਲਜੀਤ ਸਿੰਘ ਢੀਂਡਸਾ, ਪ੍ਰੈਸ ਸਕੱਤਰ ਹਰਦਿੱਤ ਸਿੰਘ ਕਾਲਾ, ਮੀਤ ਪ੍ਰਧਾਨ ਅਵਤਾਰ ਸਿੰਘ ਜਵਾਹਰਪੁਰ, ਜਗਵਿੰਦਰ ਸਿੰਘ ਧਨੌਨੀ, ਕਰਮ ਸਿੰਘ ਮਿੰਟੂ ਤੇ ਹੋਰ ਕਿਸਾਨ ਆਗੂ ਹਾਜ਼ਰ ਸਨ। ਇਸ ਮੌਕੇ ਰਮਨਦੀਪ ਕੌਰ ਤਹਿਸੀਲਦਾਰ ਤੇ ਰਾਜੀਵ ਕੁਮਾਰ ਨਾਇਬ ਤਹਿਸੀਲਦਾਰ ਨੇ ਜਥੇਬੰਦੀ ਨੂੰ ਭਰੋਸਾ ਦਿਵਾਇਆ ਕਿ ਮੰਗ ਪੱਤਰ ਨੂੰ ਡੀ ਸੀ ਸਹਿਬ ਨਾਲ ਗੱਲਬਾਤ ਕਰਕੇ ਕਿਸਾਨਾਂ ਨੂੰ ਮੁਆਵਜ਼ਾ ਦਿਵਾਉਣ ਲਈ ਚੋਣ ਕਮਿਸ਼ਨ ਨੂੰ ਬੇਨਤੀ ਕੀਤੀ ਜਾਵੇਗੀ।

## ਚਾਲੂ ਭੱਠੀ ਸਣੇ 500 ਲੀਟਰ ਲਾਹਣ ਤੇ 77 ਬੋਤਲਾਂ ਨਾਜਾਇਜ਼ ਸ਼ਰਾਬ ਬਰਾਮਦ

ਸਮਾਣਾ, (ਪੱਤਰ ਪ੍ਰੇਰਕ)- ਆਗਾਮੀ ਵਿਧਾਨ ਸਭਾ ਚੋਣਾਂ ਕਾਰਨ ਪੰਜਾਬ ਪੁਲਿਸ ਪੂਰੀ ਤਰ੍ਹਾਂ ਮੁਸਤੈਦ ਨਜ਼ਰ ਆ ਰਹੀ ਹੈ। ਇਸ ਕਾਰਨ ਆਏ ਦਿਨ ਵੱਡੇ ਪੱਧਰ 'ਤੇ ਨਾਜਾਇਜ਼ ਸ਼ਰਾਬ ਕੱਢ ਕੇ ਵੇਚਣ ਵਾਲਿਆਂ ਖਿਲਾਫ ਸਖਤ ਕਾਰਵਾਈ ਕੀਤੀ ਜਾ ਰਹੀ ਹੈ। ਇਸੇ ਤਹਿਤ ਗਾਜੇਵਾਸ ਪੁਲਿਸ ਮੁਖੀ ਸਬ-ਇੰਸਪੈਕਟਰ ਹਰਮਿੰਦਰ ਸਿੰਘ ਦੀ ਅਗਵਾਈ ਹੇਠ ਪੁਲਿਸ ਨੇ ਚਾਰ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਕਰ ਕੇ ਸ਼ਰਾਬ ਦੀ ਚਾਲੂ ਭੱਠੀ ਸਣੇ 500 ਲੀਟਰ ਲਾਹਣ ਤੇ 77 ਬੋਤਲਾਂ ਨਾਜਾਇਜ਼ ਸ਼ਰਾਬ ਬਰਾਮਦ ਕੀਤੀ ਹੈ। ਇਸ ਕਾਰਨ 2 ਔਰਤਾਂ ਸਣੇ ਚਾਰ ਲੋਕਾਂ ਤੇ ਐਕਸਾਈਜ਼ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਿਸ ਦੀ ਛਾਪੇਮਾਰੀ ਦੌਰਾਨ ਇਕ ਮੁਲਜ਼ਮ ਔਰਤ ਨੂੰ ਹਿਰਾਸਤ 'ਚ ਲਿਆ ਗਿਆ ਹੈ, ਜਦ ਕਿ ਹੋਰ 3 ਮੁਲਜ਼ਮ ਫਰਾਰ ਹੋਣ 'ਚ ਸਫਲ ਰਹੇ। ਮੁਲਜ਼ਮਾਂ ਦੀ ਪਛਾਣ ਧਰਮਾ ਸਿੰਘ, ਮਨਜੀਤ ਕੌਰ, ਰੀਨਾ ਤੇ ਨਿਰਮਲ ਸਿੰਘ ਸਾਰੇ ਨਿਵਾਸੀ ਪਿੰਡ ਅਚਰਾਲ ਖੁਰਦ ਵਜੋਂ ਹੋਈ ਹੈ। ਸਦਰ ਪੁਲਿਸ ਮੁਖੀ ਅਮਨਦੀਪ ਸਿੰਘ ਨੇ ਦੱਸਿਆ ਕਿ ਗਾਜੇਵਾਸ ਪੁਲਸ ਚੌਕੀ ਦੇ ਏਐੱਸਆਈ ਚਰਨਜੀਤ ਸਿੰਘ ਨੇ ਪੁਲਿਸ ਪਾਰਟੀ ਸਣੇ ਗਸ਼ਤ ਦੌਰਾਨ ਨਾਜਾਇਜ਼ ਸ਼ਰਾਬ ਕੱਢਣ ਸਬੰਧੀ ਮਿਲੀ ਸੂਚਨਾ ਦੇ ਆਧਾਰ 'ਤੇ ਧਰਮਾ ਸਿੰਘ ਨਿਵਾਸੀ ਅਚਰਾਲ ਖੁਰਦ ਦੇ ਘਰ ਛਾਪੇਮਾਰੀ ਕਰਕੇ ਸ਼ਰਾਬ ਦੀ ਚਾਲੂ ਭੱਠੀ, ਤਿਆਰ ਕੀਤੀ ਗਈ ਨਾਜਾਇਜ਼ ਸ਼ਰਾਬ ਦੀਆਂ 4 ਬੋਤਲਾਂ ਤੇ ਸ਼ਰਾਬ ਬਣਾਉਣ ਲਈ ਰੱਖੀ 350 ਲੀਟਰ ਲਾਹਣ ਬਰਾਮਦ ਕੀਤੀ, ਜਦੋਂ ਕਿ ਪੁਲਿਸ ਨੂੰ ਦੇਖ ਕੇ ਮੁਲਜ਼ਮ ਫਰਾਰ ਹੋਣ 'ਚ ਸਫਲ ਰਿਹਾ। ਏਐੱਸਆਈ ਅੰਮ੍ਰਿਪਾਲ ਸਿੰਘ ਦੀ ਟੀਮ ਨੇ ਗਸ਼ਤ ਦੌਰਾਨ ਨਾਜਾਇਜ਼ ਸ਼ਰਾਬ ਤਿਆਰ ਕਰਨ ਸਬੰਧੀ ਮਿਲੀ ਸੂਚਨਾ ਦੇ ਆਧਾਰ 'ਤੇ ਮਨਜੀਤ ਕੌਰ ਦੇ ਘਰ ਛਾਪੇਮਾਰੀ ਦੌਰਾਨ 40 ਬੋਤਲਾਂ ਨਾਜਾਇਜ਼ ਸ਼ਰਾਬ ਬਰਾਮਦ ਕੀਤੀਆਂ ਅਤੇ ਉਸ ਨੂੰ ਹਿਰਾਸਤ 'ਚ ਲਿਆ ਗਿਆ। ਇਸੇ ਕੜੀ ਤਹਿਤ ਹੌਲਦਾਰ ਦਿਲਬਾਗ ਸਿੰਘ ਨੇ ਪੁਲਸ ਪਾਰਟੀ ਸਣੇ ਗਸ਼ਤ ਦੌਰਾਨ ਮਿਲੀ ਸੂਚਨਾ ਦੇ ਅਧਾਰ 'ਤੇ ਰੀਨਾ ਦੇ ਘਰ ਛਾਪੇਮਾਰੀ ਕਰ ਕੇ 150 ਲਾਹਣ ਤੇ ਨਾਜਾਇਜ਼ ਸ਼ਰਾਬ ਦੀਆਂ 3 ਬੋਤਲਾਂ ਬਰਾਮਦ ਕੀਤੀਆਂ। ਇਕ ਹੋਰ ਮਾਮਲੇ 'ਚ ਨਾਜਾਇਜ਼ ਸ਼ਰਾਬ ਕੱਢ ਕੇ ਵੇਚਣ ਸਬੰਧੀ ਮਿਲੀ ਸੂਚਨਾ ਦੇ ਆਧਾਰ ਤੇ ਏਐੱਸਆਈ ਜਸਵੰਤ ਸਿੰਘ ਵਿਰਕ ਨੇ ਆਪਣੀ ਟੀਮ ਦੇ ਨਾਲ ਮੁਲਜ਼ਮ ਨਿਰਮਲ ਸਿੰਘ ਦੇ ਘਰ ਛਾਪੇਮਾਰੀ ਕਰਕੇ 30 ਬੋਤਲਾਂ ਨਾਜਾਇਜ਼ ਸ਼ਰਾਬ ਬਰਾਮਦ ਕੀਤੀ।

## ਸੰਪਾਦਕੀ



स्वयमेव म गेन्द्रता

## ਕਰੋਨਾ ਦੇ ਵਧ ਰਹੇ ਕੇਸ

ਕਰੋਨਾਵਾਇਰਸ ਦਾ ਨਵਾਂ ਰੂਪ ਓਮੀਕਰੋਨ ਤੇਜੀ ਨਾਲ ਫੈਲ ਰਿਹਾ ਹੈ। ਇਸ ਦੀ ਪਛਾਣ ਨਵੰਬਰ 2020 ਵਿਚ ਦੱਖਣੀ ਅਫਰੀਕਾ ਵਿਚ ਹੋਈ ਸੀ ਅਤੇ ਬਾਅਦ ਵਿਚ ਇਹ ਯੂਰੋਪ ਅਤੇ ਅਮਰੀਕਾ ਵਿਚ ਫੈਲਿਆ। ਇੰਗਲੈਂਡ, ਅਮਰੀਕਾ ਅਤੇ ਕੁਝ ਹੋਰ ਦੇਸ਼ਾਂ ਵਿਚ ਲੱਖਾਂ ਦੀ ਗਿਣਤੀ ਵਿਚ ਮਰੀਜ ਇਸ ਤੋਂ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਨੂੰ ਹਸਪਤਾਲਾਂ ਵਿਚ ਦਾਖਲ ਕਰਨਾ ਪਿਆ। ਹੁਣ ਇਹ ਭਾਰਤ ਵਿਚ ਵੀ ਤੇਜੀ ਨਾਲ ਫੈਲ ਰਿਹਾ ਹੈ। ਇਸ ਦੀ ਖਾਸੀਅਤ ਇਹ ਹੈ ਕਿ ਇਸ ਦੀ ਲਾਗ ਉਨ੍ਹਾਂ ਲੋਕਾਂ, ਜਿਨ੍ਹਾਂ ਨੇ ਵੈਕਸੀਨ ਦੇ ਦੋਵੇਂ ਡੋਜ਼ ਲਗਾਏ ਹੋਣ, ਨੂੰ ਵੀ ਲੱਗ ਸਕਦੀ ਹੈ ਅਤੇ ਪ੍ਰਭਾਵਿਤ ਵਿਅਕਤੀਆਂ ਵਿਚ ਵੱਡੀ ਗਿਣਤੀ ਵਿਚ ਉਹ ਲੋਕ ਹਨ ਜਿਨ੍ਹਾਂ ਦਾ ਟੀਕਾਕਰਨ ਹੋ ਚੁੱਕਾ ਹੈ। ਡਾਕਟਰਾਂ ਅਤੇ ਸਿਹਤ ਵਿਗਿਆਨੀਆਂ ਅਨੁਸਾਰ ਵੈਕਸੀਨ ਦਾ ਫਾਇਦਾ ਇਹ ਹੈ ਕਿ ਇਹ ਬਿਮਾਰੀ ਉਸ ਵਿਅਕਤੀ ਜਿਸ ਦਾ ਟੀਕਾਕਰਨ ਹੋ ਚੁੱਕਾ ਹੈ, ਵਿਚ ਗੰਭੀਰ ਲੱਛਣ ਪੈਦਾ ਨਹੀਂ ਕਰਦੀ। ਦੱਖਣੀ ਅਫਰੀਕਾ ਤੋਂ ਆਈਆਂ ਮੁੱਢਲੀਆਂ ਰਿਪੋਰਟਾਂ ਅਨੁਸਾਰ ਓਮੀਕਰੋਨ ਫੈਲਦਾ ਤਾਂ ਬਹੁਤ ਤੇਜੀ ਨਾਲ ਹੈ ਪਰ ਓਨਾ ਘਾਤਕ ਨਹੀਂ ਹੈ। ਦੱਖਣੀ ਅਫਰੀਕਾ ਵਿਚ ਜਿਆਦਾ ਲੋਕਾਂ ਨੂੰ ਹਸਪਤਾਲ ਦਾਖਲ ਕਰਵਾਉਣ ਦੀ ਵੀ ਜਰੂਰਤ ਨਹੀਂ ਪਈ ਪਰ ਇੰਗਲੈਂਡ ਅਤੇ ਅਮਰੀਕਾ ਵਿਚ ਵੱਡੀ ਗਿਣਤੀ ਵਿਚ ਪ੍ਰਭਾਵਿਤ ਮਰੀਜਾਂ ਨੂੰ ਹਸਪਤਾਲ ਵਿਚ ਦਾਖਲ ਕਰਵਾਉਣਾ ਪਿਆ। ਡਾਕਟਰ ਅਤੇ ਵਿਗਿਆਨੀ ਇਹ ਰਾਏ ਦੇ ਰਹੇ ਹਨ ਕਿ ਦੱਖਣੀ ਅਫਰੀਕਾ ਵਿਚ ਲੋਕਾਂ ਨੂੰ ਵੈਕਸੀਨ ਬਹੁਤ ਘੱਟ ਲੱਗੀ ਸੀ ਅਤੇ ਜਿਆਦਾ ਗਿਣਤੀ ਦੇ ਡੈਲਟਾ ਰੂਪ ਤੋਂ ਪ੍ਰਭਾਵਿਤ ਹੋਣ ਕਾਰਨ ਉਨ੍ਹਾਂ ਵਿਚ ਵਾਇਰਸ ਵਿਰੁੱਧ ਲੜਨ ਦੀ ਤਾਕਤ ਜਿਆਦਾ ਵਿਕਸਤ ਹੋਈ ਸੀ; ਇਸ ਦੇ ਅਰਥ ਇਹ ਹਨ ਕਿ ਉਹ ਵਿਅਕਤੀ ਜੋ ਕਰੋਨਾ ਦੀ ਲਾਗ ਲੱਗਣ ਤੋਂ ਬਾਅਦ ਸਿਹਤਮੰਦ ਹੋ ਜਾਂਦਾ ਹੈ, ਵਿਚ ਇਸ ਬਿਮਾਰੀ ਨਾਲ ਲੜਨ ਦੀ ਤਾਕਤ ਉਸ ਵਿਅਕਤੀ ਜਿਸ ਵਿਚ ਇਹ ਤਾਕਤ ਸਿਰਫ ਵੈਕਸੀਨਾਂ ਕਾਰਨ ਵਿਕਸਤ ਹੋਈ ਹੋਵੇ, ਤੋਂ ਜਿਆਦਾ ਹੁੰਦੀ ਹੈ। ਦੱਖਣੀ ਅਫਰੀਕਾ ਵਿਚ ਮਰੀਜਾਂ ਦੇ ਹਸਪਤਾਲ ਵਿਚ ਘੱਟ ਗਿਣਤੀ ਵਿਚ ਦਾਖਲ ਹੋਣ ਦਾ ਇਕ ਹੋਰ ਕਾਰਨ ਉੱਥੇ ਹਸਪਤਾਲਾਂ ਅਤੇ ਸਿਹਤ ਸਹੂਲਤਾਂ ਦਾ ਘੱਟ ਹੋਣਾ ਮੰਨਿਆ ਜਾਂਦਾ ਹੈ। ਭਾਰਤ ਵਿਚ ਸਰਕਾਰੀ ਅਨੁਮਾਨਾਂ ਅਨੁਸਾਰ ਪ੍ਰਭਾਵਿਤ ਹੋਣ ਵਾਲੇ 5-10 ਫੀਸਦੀ ਵਿਅਕਤੀਆਂ ਨੂੰ ਹਸਪਤਾਲਾਂ ਵਿਚ ਦਾਖਲ ਕਰਵਾਉਣਾ ਪੈ ਰਿਹਾ ਹੈ ਪਰ ਸਥਿਤੀ ਬਦਲ ਸਕਦੀ ਹੈ। ਸੋਮਵਾਰ ਦਿੱਲੀ ਵਿਚ 17 ਤੋਂ ਜਿਆਦਾ ਮੌਤਾਂ ਕਰੋਨਾ ਕਾਰਨ ਹੋਈਆਂ ਦੱਸੀਆਂ ਜਾ ਰਹੀਆਂ ਹਨ। ਮਹਾਰਾਸ਼ਟਰ, ਪੱਛਮੀ ਬੰਗਾਲ, ਦਿੱਲੀ ਅਤੇ ਹੋਰ ਸੂਬਿਆਂ ਵਿਚ ਮਰੀਜਾਂ ਦੀ ਗਿਣਤੀ ਵਿਚ ਵੱਡਾ ਵਾਧਾ ਹੋਇਆ ਹੈ। ਕਰੋਨਾ ਦੀ ਇਸ ਲਹਿਰ ਦੀ ਸਿਖਰ ਆਉਣ ਬਾਰੇ ਵੀ ਮਾਹਿਰਾਂ ਦੀ ਰਾਇ ਵਿਚ ਵੱਡੇ ਅੰਤਰ ਹਨ। ਸੂਬਾ ਸਰਕਾਰਾਂ ਨੇ ਲੋਕਾਂ ਦੇ ਇਕੱਠੇ ਹੋਣ ਅਤੇ ਕਈ ਹੋਰ ਤਰ੍ਹਾਂ ਦੀਆਂ ਪਾਬੰਦੀਆਂ ਲਗਾਈਆਂ ਹਨ ਕੋਵਿਡ ਦਾ ਨਵੇਂ ਰੂਪ ਵਿਚ ਆਉਣਾ ਇਹ ਦੱਸ ਰਿਹਾ ਹੈ ਕਿ ਇਹ ਵਾਇਰਸ ਧਰਤੀ 'ਤੇ ਲੰਮੇ ਸਮੇਂ ਤਕ ਰਹਿਣ ਵਾਲਾ ਹੈ। ਕੁਝ ਮਾਹਿਰਾਂ ਅਨੁਸਾਰ ਨਵੇਂ ਰੂਪ ਦਾ ਘੱਟ ਘਾਤਕ ਅਤੇ ਜਿਆਦਾ ਤੇਜੀ ਵਾਲਾ ਫੈਲਣ ਹੋਣ ਕਾਰਨ ਸੰਭਾਵਨਾ ਇਹ ਹੈ ਕਿ ਲੋਕਾਂ ਵਿਚ ਇਸ ਵਿਰੁੱਧ ਲੜਨ ਦੀ ਕੁਦਰਤੀ ਤਾਕਤ ਵਿਕਸਤ ਹੋਵੇਗੀ ਅਤੇ ਇਸ ਦਾ ਫੈਲਾਅ ਘਟੇਗਾ। ਕੁਝ ਹੋਰ ਮਾਹਿਰਾਂ ਅਨੁਸਾਰ ਅਜਿਹਾ ਰੂਪ ਵੀ ਵਿਕਸਤ ਹੋ ਸਕਦਾ ਹੈ ਜਿਹੜਾ ਜਿਆਦਾ ਘਾਤਕ ਹੋਵੇ। ਜਿੱਥੇ ਇਸ ਤੋਂ ਬਚਾਉ ਲਈ ਵੈਕਸੀਨ ਲਗਾਉਣ ਦੀ ਜਰੂਰਤ ਹੈ, ਉੱਥੇ ਹੋਰ ਜਰੂਰੀ ਸਾਵਧਾਨੀਆਂ ਜਿਨ੍ਹਾਂ ਵਿਚ ਮਾਸਕ ਲਗਾਉਣਾ, ਸਰੀਰਕ ਦੂਰੀ ਬਣਾਈ ਰੱਖਣੀ, ਭੀੜ ਭੜੱਕੇ ਵਾਲੀਆਂ ਥਾਵਾਂ 'ਤੇ ਨਾ ਜਾਣਾ, ਵਾਰ ਵਾਰ ਹੱਥ ਧੋਣਾ, ਪੌਸ਼ਟਿਕ ਭੋਜਨ ਖਾਣਾ ਆਦਿ ਸ਼ਾਮਿਲ ਹਨ, ਵਰਤਣ ਦੀ ਲੋੜ ਹੈ। ਭਾਰਤ ਦੀ ਮੁੱਖ ਸਮੱਸਿਆ ਇਹ ਹੈ ਕਿ ਵੱਡੀ ਗਿਣਤੀ ਵਿਚ ਲੋਕ ਕੁਪੋਸ਼ਣ ਦਾ ਸ਼ਿਕਾਰ ਹਨ; ਉਨ੍ਹਾਂ ਨੂੰ ਲੋੜੀਂਦਾ ਪੌਸ਼ਟਿਕ ਆਹਾਰ ਨਹੀਂ ਮਿਲਦਾ ਜਿਸ ਕਾਰਨ ਉਨ੍ਹਾਂ ਦੇ ਬਿਮਾਰੀਆਂ ਤੋਂ ਪ੍ਰਭਾਵਿਤ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਕੇਂਦਰ ਨੇ ਸੂਬਾ ਸਰਕਾਰਾਂ ਨੂੰ ਲੋੜੀਂਦੀਆਂ ਤਿਆਰੀਆਂ ਕਰਨ ਲਈ ਕਿਹਾ ਹੈ। ਸੂਬਾ ਸਰਕਾਰਾਂ ਇਹ ਤਿਆਰੀਆਂ ਕਰਨਗੀਆਂ ਵੀ ਪਰ ਕਈ ਦਹਾਕਿਆਂ ਤੋਂ ਸਿਹਤ ਖੇਤਰ ਨੂੰ ਨਜਰਅੰਦਾਜ ਕੀਤਾ ਗਿਆ ਹੈ। ਪਿਛਲੇ ਤਿੰਨ ਦਹਾਕਿਆਂ ਤੋਂ ਜਿਆਦਾ ਧਿਆਨ ਨਿੱਜੀ ਖੇਤਰ ਦੇ ਹਸਪਤਾਲਾਂ ਵੱਲ ਦਿੱਤਾ ਗਿਆ ਹੈ ਜਿਸ ਕਾਰਨ ਸਰਕਾਰੀ ਸਿਹਤ ਖੇਤਰ ਕਮਜ਼ੋਰ ਅਤੇ ਜਰਜਰਾ ਹੋ ਗਿਆ ਹੈ। ਦੇਸ਼ ਦੇ ਵਿਦਿਆਰਥੀ ਐੱਮਬੀਬੀਐੱਸ ਕਰਨ ਲਈ ਨੇਪਾਲ, ਯੂਕਰੇਨ, ਚੀਨ ਅਤੇ ਹੋਰ ਦੇਸ਼ਾਂ ਵਿਚ ਜਾਂਦੇ ਹਨ। ਹਾਲ ਦੀ ਘੜੀ ਸੂਬਾ ਸਰਕਾਰਾਂ ਨੂੰ ਹਸਪਤਾਲਾਂ ਵਿਚ ਆਕਸੀਜਨ ਅਤੇ ਬੈੱਡ ਮੁਹੱਈਆ ਕਰਵਾਉਣ ਵੱਲ ਧਿਆਨ ਦੇਣਾ ਚਾਹੀਦਾ ਹੈ। ਸ੍ਵੈ-ਅਨੁਸ਼ਾਸਨ ਅਤੇ ਸਾਵਧਾਨੀਆਂ ਵਰਤਣਾ ਇਸ ਮਹਾਮਾਰੀ ਵਿਰੁੱਧ ਲੜਨ ਦੇ ਵੱਡੇ ਹਥਿਆਰ ਹਨ।

-ਡਾ. ਭਾਈ ਪਰਮਜੀਤ ਸਿੰਘ

## ਕਿਸਾਨ ਅੰਦੋਲਨ ਤੋਂ ਬਾਅਦ-ਖੇਤੀ ਦੇ ਅਗਲੇ ਸਰੋਕਾਰ ਕੀ ਹੋਣ ?

ਭਾਰਤ ਵਿਚ ਇਕ ਸਾਲ ਤੋਂ ਵੱਧ ਸਮਾਂ ਅਤੇ ਨਿਰੰਤਰ ਚੱਲੇ ਅਜੋਕੇ ਕਿਸਾਨ ਅੰਦੋਲਨ ਨੇ ਸ਼ਾਨਦਾਰ ਸਫਲਤਾ ਤੱਕ ਪਹੁੰਚ ਕੇ ਵਿਸ਼ਵ ਅੰਦਰ ਇਕ ਵਿਲੱਖਣ ਅਤੇ ਗੌਰਵਮਈ ਇਤਿਹਾਸ ਨੂੰ ਜਨਮ ਦਿੱਤਾ ਹੈ। ਦੋ ਹਿੰਦਸਿਆਂ ਵਿਚ ਲੱਖਾਂ ਦੀ ਗਿਣਤੀ 'ਚ ਮੀਹਾਂ, ਹਨੇਰੀਆਂ ਅਤੇ ਗਰਮੀਆਂ-ਸਰਦੀਆਂ ਦੀ ਸਖ਼ਤ ਮਾਰ ਝੱਲ ਕੇ ਕਿਸਾਨਾਂ ਨੇ ਕਿਸੇ ਵੀ ਹਾਲਤ ਵਿਚ ਤੇ ਕਿਸੇ ਵੀ ਮੋੜ 'ਤੇ ਅੰਦੋਲਨ ਵਿਚੋਂ ਅਹਿੰਸਾ ਨੂੰ ਗਾਇਬ ਨਹੀਂ ਹੋਣ ਦਿੱਤਾ। ਕਿਸਾਨਾਂ ਨੇ ਆਪਣੇ ਸਿਰੜ ਤੇ ਠਰ੍ਹੰਮੇ ਨਾਲ ਅੰਦੋਲਨ ਵਿਚ ਵਿਲੱਖਣ ਗੁਣ ਵਿਕਸਿਤ ਕਰਨ ਦੇ ਕੰਮ ਵਿਚ ਵੀ ਸ਼ਾਨਦਾਰ ਸਫਲਤਾ ਪ੍ਰਾਪਤ ਕੀਤੀ ਹੈ। ਪਰ ਅੰਦੋਲਨ ਦੀ ਇਸ ਸਫਲਤਾ ਤੋਂ ਬਾਅਦ ਵੀ ਕਿਸਾਨਾਂ ਨੂੰ ਗੰਭੀਰਤਾ ਨਾਲ ਅਗਲੇ ਕਦਮ ਚੁੱਕਣੇ ਹੋਣਗੇ, ਕਿਉਂਕਿ ਰਾਸ਼ਟਰੀ ਪੱਧਰ 'ਤੇ ਮੌਜੂਦਾ ਤੇ ਕਿਸੇ ਵੀ ਪਾਰਟੀ ਦੀ ਬਣਨ ਵਾਲੀ ਅਗਲੀ ਸਰਕਾਰ ਆਪਣੀ ਕਿਸੇ ਮਜਬੂਰੀ ਤੋਂ ਨੌਸਰਬਾਜ਼ੀ ਕਰ ਕੇ ਕਿਸਾਨਾਂ ਨੂੰ ਮੀਂਗਣਾਂ ਪਾ ਕੇ ਦੁੱਧ ਦੇਣ ਦੀ ਹੀ ਕੋਸ਼ਿਸ਼ ਕਰੇਗੀ, ਅਜਿਹੇ ਹਾਲਾਤ ਵਿਚ ਕਿਸਾਨਾਂ ਨੂੰ ਜਿੱਥੇ ਅਜੋਕੀ ਰਵਾਇਤੀ ਖੇਤੀ ਦੇ ਅਜੋਕੇ ਢੰਗ-ਤਰੀਕੇ ਤੇ ਆਪਣੀ ਰਵਾਇਤੀ ਮਾਨਸਿਕਤਾ ਬਦਲਣੀ ਹੋਵੇਗੀ, ਉੱਥੇ ਖੇਤੀ ਲਈ ਕਿਸੇ ਹੱਦ ਤੱਕ ਸਰਕਾਰਾਂ 'ਤੇ ਨਿਰਭਰਤਾ ਵੀ ਘਟਾਉਣੀ ਪਵੇਗੀ।

ਕੇਂਦਰ ਸਰਕਾਰ ਅਨੁਸਾਰ ਪੰਜਾਬ ਤੇ ਹਰਿਆਣੇ ਵਿਚ ਅਨਾਜ ਦੀ ਖ਼ਰੀਦ ਲਈ ਅਸੀਂ ਜਿੰਨਾ ਪੈਸਾ ਖ਼ਰਚਦੇ ਹਾਂ ਉਹਦੇ ਨਾਲੋਂ ਵੱਧ ਪੈਸਾ ਅਨਾਜ ਦੀ ਢੋਆ-ਢੁਆਈ ਤੇ ਅਨਾਜ ਦੇ ਵਪਾਰ ਵਿਚ ਹੁੰਦੇ ਭ੍ਰਿਸ਼ਟਾਚਾਰ ਅਤੇ ਸਟੋਰਾਂ ਦੇ ਅੰਦਰ ਤੇ ਬਾਹਰ ਪਏ ਅਨਾਜ ਦੇ ਖ਼ਰਾਬੇ ਦੀ ਭੇਟ ਚੜ੍ਹ ਜਾਂਦਾ ਹੈ ਤੇ ਅਗਲੇ ਤਿੰਨ ਸਾਲ ਦੀ ਲੋੜ ਜੋਗਾ ਅਨਾਜ ਸਟੋਰਾਂ ਵਿਚ ਪਿਆ ਹੈ, ਭਾਰਤ ਸਰਕਾਰ ਦੇ ਅਜਿਹੇ ਪ੍ਰਗਟਾਵੇ ਵਿਚ ਸ਼ਾਇਦ ਸਚਾਈ ਵੀ ਹੋਵੇ।

ਜੇਕਰ ਕੇਂਦਰ ਸਰਕਾਰ ਨਾਲ ਗੱਲਬਾਤ ਲਈ ਮੇਜ਼ ਦੁਆਲੇ ਬਹਿਣ ਦਾ ਮੌਕਾ ਮਿਲਦਾ ਹੈ ਤਾਂ ਕੇਵਲ ਅਨਾਜ ਖ਼ਰੀਦਣ ਲਈ ਸਰਕਾਰ ਦੀਆਂ ਸਮੱਸਿਆਵਾਂ ਕਰਕੇ ਨਹੀਂ ਸਗੋਂ ਪੰਜਾਬ ਤੇ ਹਰਿਆਣੇ ਦੇ ਕੁਦਰਤੀ ਸਰੋਤਾਂ ਨੂੰ ਤੇ ਆਪਣੇ ਆਪ ਨੂੰ ਮਾਰੂ ਪ੍ਰਦੂਸ਼ਣ, ਖੇਚਲ ਤੇ ਖਰਚੇ ਅਤੇ ਰੋਗਾਂ ਦੀ ਤੇਜ਼ ਹਨੇਰੀ ਤੋਂ ਬਚਾਉਣ ਲਈ ਕਿਸਾਨਾਂ ਨੂੰ ਖ਼ੁਦ ਹੀ ਕੇਵਲ ਝੋਨੇ ਦੀ ਕਾਸ਼ਤ ਨੂੰ ਬੰਦ ਕਰਨ ਦਾ ਕ੍ਰਾਂਤੀਕਾਰੀ ਤੇ ਕਲਿਆਣਕਾਰੀ ਫ਼ੈਸਲਾ ਸੁਣਾਉਣ ਦੀ ਦਲੇਰੀ ਵਿਖਾਉਣੀ ਚਾਹੀਦੀ ਹੈ।

ਪਰ ਇਸ ਤੋਂ ਪਹਿਲਾਂ ਇਕ ਸਾਲ ਵਿਚ ਖ਼ਰਬਾਂ ਰੁਪਏ ਦੇ ਤੇਲ ਬੀਜ ਤੇ ਖ਼ਰਬਾਂ ਰੁਪਏ ਦੀਆਂ ਦਾਲਾਂ ਵਿਦੇਸ਼ਾਂ ਵਿਚੋਂ ਖ਼ਰੀਦਣੀਆਂ ਬੰਦ ਕਰਨ ਲਈ ਭਾਰਤ ਸਰਕਾਰ ਨੂੰ ਵਚਨਬੱਧ ਕੀਤਾ ਜਾਵੇ ਤੇ ਇਨ੍ਹਾਂ ਜਿਣਸਾਂ ਲਈ ਪ੍ਰਤੀ ਏਕੜ ਝੋਨੇ ਨਾਲੋਂ ਵੱਧ ਆਮਦਨ ਦੇਣ ਵਾਲੀ ਐੱਮ.ਐੱਸ.ਪੀ. ਨਿਰਧਾਰਤ ਕਰਵਾ ਕੇ ਇਨ੍ਹਾਂ ਫ਼ਸਲਾਂ ਦੀ ਸਾਰੀ ਪੈਦਾਵਾਰ ਸਰਕਾਰੀ ਜਾਂ ਗ਼ੈਰ-ਸਰਕਾਰੀ ਪੱਧਰ 'ਤੇ ਖ਼ਰੀਦਣ ਲਈ ਸਰਕਾਰ ਤੋਂ ਲਿਖਤੀ ਗਾਰੰਟੀ ਲਈ ਜਾਵੇ।

ਇਨ੍ਹਾਂ ਫ਼ਸਲਾਂ ਦੀ ਕਾਸ਼ਤ ਲਈ ਖ਼ੇਚਲ ਤੇ ਲਾਗਤਾਂ ਘੱਟ ਹੋਣ ਕਰਕੇ ਜਿੱਥੇ ਕਿਸਾਨਾਂ ਨੂੰ ਲਾਭ ਮਿਲੇਗਾ, ਉਥੇ ਦੋਵਾਂ ਰਾਜਾਂ ਅੰਦਰ ਮਿੱਟੀ, ਪਾਣੀ ਤੇ ਹਵਾ ਨੂੰ ਵੀ ਸੁਰੱਖਿਆ ਨਸੀਬ ਹੋਵੇਗੀ।

ਪੰਜਾਬ ਤੇ ਹਰਿਆਣਾ ਦੇ ਪੇਂਡੂ ਖੇਤਰਾਂ ਵਿਚੋਂ ਲੰਘਦਿਆਂ ਮੁੱਖ ਸੜਕਾਂ 'ਤੇ ਗੰਨੇ ਅਤੇ ਮੱਕੀ ਤੋਂ ਈਥਾਨੋਲ ਤਿਆਰ ਕਰਨ ਲਈ ਉਦਯੋਗ ਚਾਲੂ ਕਰਨ ਲਈ ਵੀ ਸਰਕਾਰ ਤੋਂ ਲਿਖਤੀ ਇਕਰਾਰ ਲਿਆ ਜਾਵੇ। ਮੱਕੀ ਤੇ ਗੰਨੇ ਦੀ ਹੁਣ ਨਾਲੋਂ ਵੀਹ ਤੋਂ ਪੱਚੀ ਫ਼ੀਸਦੀ ਵੱਧ ਕੀਮਤ ਤਾਰ ਕੇ ਵੀ ਉਦਯੋਗ ਮੁਨਾਫ਼ੇ ਵਿਚ ਜਾ ਸਕਦੇ ਹਨ ਤੇ ਸਰਕਾਰ ਵਲੋਂ ਪੈਟਰੋਲ ਤੇ ਡੀਜ਼ਲ 'ਤੇ ਖ਼ਰਚ ਹੋ ਰਹੀ ਵਿਦੇਸ਼ੀ ਕਰੰਸੀ ਬਚ ਸਕਦੀ ਹੈ, ਨਾਲ ਹੀ ਪੈਟਰੋਲ-ਡੀਜ਼ਲ ਦੇ ਖਪਤਕਾਰਾਂ ਨੂੰ ਵੀ ਰਾਹਤ ਮਿਲ ਸਕਦੀ ਹੈ ਅਤੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਬੱਚਿਆਂ ਨੂੰ ਘਰਾਂ ਦੇ ਨੇੜੇ ਰੁਜ਼ਗਾਰ ਦੇ ਮੌਕੇ ਮਿਲ ਸਕਦੇ ਹਨ।

ਕਿਸਾਨ ਜਥੇਬੰਦੀਆਂ ਨੇ ਜਿਵੇਂ ਆਪਣੇ ਅੰਦੋਲਨ ਰਾਹੀਂ ਦਿੱਲੀ ਦੀਆਂ ਸਰਹੱਦਾਂ 'ਤੇ ਆਪਣਾ ਦਮਖਮ ਵਿਖਾਇਆ ਹੈ, ਅਜਿਹਾ ਇਕ ਹੰਭਲਾ ਹੁਣ ਪਿੰਡਾਂ ਵਿਚ ਵੀ ਇਕੱਠੇ ਹੋ ਕੇ ਮਾਰਨ ਦੀ ਹਿੰਮਤ ਕਰਨ ਤਾਂ ਸਰਕਾਰਾਂ ਮਗਰ ਖੇਤੀ ਜਿਣਸਾਂ ਵੇਚਣ ਲਈ ਘੁੰਮਣ ਦੀ ਲੋੜ ਵੀ ਸ਼ਾਇਦ ਨਾ ਰਹੇ।

ਪੰਜਾਬ ਤੇ ਹਰਿਆਣਾ ਦਾ ਸਮੁੱਚਾ ਸਮਾਜ ਹੁਣ ਦਿਲੋਂ ਕਿਸਾਨਾਂ ਦੇ ਨਾਲ ਜੁੜਿਆ ਹੋਇਆ ਹੈ, ਵੰਨ-ਸੁਵੰਨੀਆਂ ਖੇਤੀ ਜਿਣਸਾਂ ਦੀ ਕਾਸ਼ਤ ਲਈ ਦੋਵੇਂ ਰਾਜ ਸਰਕਾਰਾਂ ਦੇ ਅਦਾਰਿਆਂ ਵਲੋਂ ਮੁਫ਼ਤ ਸਿਖਲਾਈ ਦੇਣ ਦੇ ਕੰਮ ਵਿਚ ਕੋਈ ਦਿੱਕਤ ਨਹੀਂ, ਕਿਸਾਨਾਂ ਨੂੰ ਵੰਨ-ਸੁਵੰਨੀਆਂ ਖੇਤੀ ਜਿਣਸਾਂ ਤਿਆਰ ਕਰਵਾ ਕੇ ਇਨ੍ਹਾਂ ਜਿਣਸਾਂ ਦੇ ਹਰ ਪਿੰਡ ਵਿਚ ਦੋ-ਦੋ ਸੈਂਟਰ ਸਥਾਪਤ ਕਰ ਕੇ ਪੇਂਡੂ ਖਪਤਕਾਰਾਂ ਨੂੰ ਆਪਣੇ ਸਾਹਮਣੇ ਤਿਆਰ ਹੋਈਆਂ ਪ੍ਰਦੂਸ਼ਣ ਮੁਕਤ ਤੇ ਸੱਜਰੀਆਂ ਜਿਣਸਾਂ ਖ਼ਰੀਦਣ ਲਈ ਇਨ੍ਹਾਂ ਸੈਂਟਰਾਂ ਨਾਲ ਜੋੜਨ ਦੀ ਮੁਹਿੰਮ ਚਲਾਈ ਜਾਵੇ ਅਤੇ ਕੋਸ਼ਿਸ਼ ਕੀਤੀ ਜਾਵੇ ਕਿ ਫ਼ਸਲ ਬੀਜਣ ਤੋਂ ਭਾਵੇਂ ਪਹਿਲਾਂ ਆਪਣੀ ਲੋੜ ਦੱਸ ਕੇ ਹਰ ਖਪਤਕਾਰ ਇਨ੍ਹਾਂ ਸੈਂਟਰਾਂ ਨਾਲ ਜੁੜੇ ਤੇ ਵਪਾਰੀਆਂ ਵਾਲੇ ਮੁਨਾਫ਼ੇ ਨੂੰ ਸੈਂਟਰ ਦੇ ਖ਼ਰਚੇ ਕੱਢ ਕੇ ਅੱਧੋ-ਅੱਧ ਵੰਡ ਲਿਆ ਜਾਵੇ। ਇਸ ਕੰਮ ਲਈ ਕਿਸਾਨ ਸੰਗਠਨਾਂ ਨੂੰ ਵੱਡੀ ਪੱਧਰ 'ਤੇ ਲੋਕਾਂ ਵਿਚ ਵਿਚਰਨਾ ਪਵੇਗਾ ਤੇ ਹਰ ਪਰਿਵਾਰ ਨੂੰ ਅਜਿਹੀ ਮੁਹਿੰਮ ਨਾਲ ਜੋੜਨਾ ਪਵੇਗਾ।

ਖੇਤੀ ਜਿਣਸਾਂ ਦੀ ਅਜਿਹੀ ਮਾਰਕੀਟਿੰਗ ਲਈ ਅਸੀਂ ਕੁਝ ਸਮਾਂ ਪਹਿਲਾਂ ਹਿਮਾਚਲ ਦੇ ਪ੍ਰਗਤੀਸ਼ੀਲ ਕਿਸਾਨਾਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਆਪਣੇ ਖੇਤਾਂ ਤੇ ਬਾਗਾਂ ਤੋਂ ਸਿੱਧੇ ਪਹਾੜੀ ਫਲ ਤੇ ਪੰਜਾਬ ਲਈ ਬੇਮੌਸਮੀਆਂ ਸਬਜ਼ੀਆਂ ਇਨ੍ਹਾਂ ਸਟੋਰਾਂ ਵਿਚ ਲਿਆਉਣ ਦੀ ਅਤੇ ਹਿਮਾਚਲ ਵਿਚ ਵੀ ਅਜਿਹੇ ਕਿਸਾਨ ਸੈਂਟਰ ਕਾਇਮ ਕਰਨ ਦੀ ਇੱਛਾ ਜਤਾਈ, ਕਿਉਂਕਿ ਜਿਨ੍ਹਾਂ ਗੱਡੀਆਂ ਵਿਚ ਹਿਮਾਚਲ ਦੇ ਫਲ ਸਬਜ਼ੀਆਂ ਪੰਜਾਬ ਵਿਚ ਆਉਣਗੀਆਂ, ਉਨ੍ਹਾਂ ਗੱਡੀਆਂ ਵਿਚ ਹੀ ਪੰਜਾਬ ਦੀਆਂ ਖੇਤੀ ਜਿਣਸਾਂ ਹਿਮਾਚਲ ਵਿਚ ਭੇਜੀਆਂ ਜਾ ਸਕਦੀਆਂ ਹਨ। ਇਉਂ ਭੂਮੀਹੀਣ ਤੇ ਨਿਮਨ ਵਰਗ ਦੇ ਕਿਸਾਨਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਰੁਜ਼ਗਾਰ ਦੇ ਮੌਕੇ ਵੀ ਮਿਲਣਗੇ ਪਰ ਅਜਿਹੇ ਕ੍ਰਾਂਤੀਕਾਰੀ ਪ੍ਰਾਜੈਕਟ ਨੂੰ ਕੇਵਲ ਕਿਸਾਨ ਸੰਗਠਨਾਂ ਰਾਹੀਂ ਹੀ ਸਫਲਤਾ ਪ੍ਰਾਪਤ ਹੋ ਸਕਦੀ ਹੈ।

ਕਿਸਾਨਾਂ ਨੂੰ ਵੀ ਨਿੱਜੀ ਪੱਧਰ 'ਤੇ ਆਪਣੀ ਮਾਨਸਿਕਤਾ ਤੇ ਖੇਤੀ ਦੇ ਰਵਾਇਤੀ ਰੁਝਾਨ ਨੂੰ ਬਦਲਣ ਲਈ ਯਤਨ ਕਰਨੇ ਚਾਹੀਦੇ ਹਨ। ਜਿਹੜੇ ਕਿਸਾਨ ਕੇਵਲ ਕਣਕ ਝੋਨੇ ਦੀ ਖੇਤੀ ਕਰਦੇ ਹਨ, ਉਨ੍ਹਾਂ ਨੂੰ ਇਨ੍ਹਾਂ ਦੋਵੇਂ ਫ਼ਸਲਾਂ ਦੀ ਬਿਜਾਈ, ਲਵਾਈ ਤੇ ਕਟਾਈ ਲਈ ਕੇਵਲ ਇਕ ਮਹੀਨਾ ਕੰਮ ਕਰਨਾ ਪੈਂਦਾ ਹੈ, ਬਾਕੀ ਵਿਹਲੇ ਗਿਆਰਾਂ ਮਹੀਨਿਆਂ ਵਿਚ ਉਹ ਕੇਵਲ ਆਪਣੀਆਂ ਅਤੇ ਆਲੇ-ਦੁਆਲੇ ਦੀਆਂ ਲੋੜਾਂ ਲਈ ਪੰਜ-ਸੱਤ ਬੂਟੇ ਫਲਾਂ ਦੇ ਲਾਉਣ ਤੇ ਪੰਜ-ਸੱਤ ਮਰਲੇ ਸਬਜ਼ੀਆਂ ਬੀਜਣ ਲਈ ਨਹੀਂ ਸੋਚਦੇ ਹਾਲਾਂਕਿ ਇਸ ਸਮੇਂ ਵਿਚ ਉਹ ਛੋਟੇ ਪੱਧਰ 'ਤੇ ਮੱਛੀ ਪਾਲਣ, ਸ਼ਹਿਦ ਲਈ ਮੱਖੀਆਂ ਪਾਲਣ ਤੇ ਖੁੰਬਾਂ ਦੀ ਕਾਸ਼ਤ ਵੀ ਕਰ ਸਕਦੇ ਹਨ, ਇਨ੍ਹਾਂ ਤਿੰਨਾਂ ਚੀਜ਼ਾਂ ਦੇ ਉਤਪਾਦਨ ਲਈ ਮੰਡੀ ਦੀ ਬਹੁਤ ਵੱਡੀ ਸਮੱਸਿਆ ਵੀ ਨਹੀਂ ਹੈ। ਇਸ ਵੇਲੇ ਬਹੁਤੇ ਕਿਸਾਨ ਖੇਤਾਂ ਦੇ ਮਾਲਕ ਹੁੰਦਿਆਂ ਵੀ ਸੱਤਰ-ਅੱਸੀ ਰੁਪਏ ਕਿੱਲੋ ਗੁੜ, ਦੋ ਸੌ ਰੁਪਏ ਲੀਟਰ ਦੇਸੀ ਤੇਲ, ਦਾਲਾਂ ਤੇ ਸ਼ਹਿਰਾਂ ਵਿਚੋਂ ਘੁੰਮ ਕੇ ਆਈਆਂ ਬੇਹੀਆਂ ਤੇ ਰਸਾਇਣਾਂ ਵਾਲੀਆਂ ਸਬਜ਼ੀਆਂ ਮਹਿੰਗੇ ਭਾਅ ਖ਼ਰੀਦ ਕੇ ਵਰਤ ਰਹੇ ਹਨ, ਹਾਲਾਂਕਿ ਆਪਣੀਆਂ ਸੀਮਤ ਲੋੜਾਂ ਲਈ ਖੇਤੀ ਜਿਣਸਾਂ ਪੈਦਾ ਕਰਨ ਲਈ ਨਾ ਕਿਸੇ ਵੱਡੀ ਮੰਡੀ ਦੀ ਤੇ ਨਾ ਹੀ ਕਿਸੇ ਸਰਕਾਰੀ ਯੋਜਨਾ ਦੀ ਲੋੜ ਹੈ।

ਪਸ਼ੂਆਂ ਦੇ ਮਾਹਰਾਂ ਅਨੁਸਾਰ ਹਰ ਦੁੱਧ ਦਿੰਦੇ ਸਿਹਤਮੰਦ ਲਵੇਰੇ ਦੀ ਰੋਜ਼ਾਨਾ ਲਗਪਗ ਚਾਲੀ ਕਿਲੋ ਹਰੇ ਚਾਰੇ ਦੀ ਲੋੜ ਹੁੰਦੀ ਹੈ, ਪਰ ਇਕ ਸਰਵੇਖਣ ਤੋਂ ਮਿਲੀ ਰਿਪੋਰਟ ਅਨੁਸਾਰ ਇਕ ਲਵੇਰੇ ਨੂੰ ਰੋਜ਼ਾਨਾ ਅਠਾਰਾਂ ਕਿੱਲੋ ਹਰਾ ਚਾਰਾ ਹੀ ਨਸੀਬ ਹੋ ਰਿਹਾ ਹੈ ਮੈਨੂੰ ਦਸ ਮੈਂਬਰਾਂ ਵਾਲੇ ਇਕ ਪਰਿਵਾਰ ਨੇ ਹਿਸਾਬ ਲਾ ਕੇ ਦੱਸਿਆ ਕਿ ਸਾਡੇ ਘਰ ਵਿਚ ਸਾਲ ਅੰਦਰ ਇਕ ਸੌ ਵੀਹ ਲੀਟਰ ਸਰ੍ਹੋਂ ਦੇ ਤੇਲ ਦੀ ਖਪਤ ਹੁੰਦੀ ਹੈ ਤੇ ਇਸ ਲਈ ਸਾਢੇ ਤਿੰਨ ਸੌ ਕਿੱਲੋ ਸਰ੍ਹੋਂ ਦੀ ਲੋੜ ਪੈਂਦੀ ਹੈ, ਸਾਢੇ ਤਿੰਨ ਸੌ ਕਿੱਲੋ ਸਰ੍ਹੋਂ ਪੈਦਾ ਕਰਨ ਲਈ ਘੱਟੋ-ਘੱਟ ਚਾਰ ਕਨਾਲ ਰਕਬੇ ਦੀ ਲੋੜ ਹੁੰਦੀ ਹੈ।ਜੇਕਰ ਕਿਸੇ ਪਿੰਡ ਵਿਚ ਇਕ ਸੌ ਪਰਿਵਾਰ ਵਸਦਾ ਹੈ ਤਾਂ ਉੱਥੇ ਲਗਭਗ ਪੰਜਾਹ ਏਕੜ ਸਰ੍ਹੋਂ ਪਿੰਡ ਦੀਆਂ ਲੋੜਾਂ ਲਈ ਚਾਹੀਦੀ ਹੈ ਪਰ ਪੰਜਾਹ ਏਕੜ ਸਰ੍ਹੋਂ ਸ਼ਾਇਦ ਕਿਸੇ ਹੀ ਪਿੰਡ ਵਿਚ ਹੁੰਦੀ ਹੋਵੇ।ਅੱਜ ਲੋੜ ਹੈ ਕਿ ਖੇਤੀ ਅਤੇ ਖੇਤੀ ਨਾਲ ਸੰਬੰਧਿਤ ਪਰਿਵਾਰਕ ਲੋੜਾਂ ਵਾਸਤੇ ਔਸਤਨ ਪੰਜ ਏਕੜ ਜ਼ਮੀਨ ਵਾਲਾ ਹਰ ਕਿਸਾਨ ਹੋਰ ਫ਼ਸਲਾਂ ਤੋਂ ਇਲਾਵਾ ਆਪਣੇ ਢਾਈ ਏਕੜਾਂ ਵਿਚ ਲੋੜੀਂਦੇ ਚਾਰੇ, ਫਲਾਂ, ਦਾਲਾਂ ਤੇ ਤੇਲ ਬੀਜਾਂ ਦੀ ਕਾਸ਼ਤ ਕਰੇ, ਅਜਿਹਾ ਕਰਨ ਨਾਲ ਖੇਤੀ ਜਿਣਸਾਂ ਦੀ ਰਵਾਇਤੀ ਮੰਡੀ 'ਤੇ ਨਿਰਭਰਤਾ ਘਟੇਗੀ ਤੇ ਸੌਖੇ ਢੰਗ ਨਾਲ ਖੇਤੀ ਵੰਨ-ਸੁਵੰਨਤਾ ਦੀ ਮੁਹਿੰਮ ਪ੍ਰਫੁੱਲਿਤ ਹੋਵੇਗੀ, ਕੁਦਰਤੀ ਸੋਮਿਆਂ ਦੇ ਉਜਾੜੇ ਨੂੰ ਰੋਕ ਲੱਗੇਗੀ ਤੇ ਕਿਸੇ ਹੱਦ ਤੱਕ ਕਿਸਾਨਾਂ ਨੂੰ ਵੀ ਖ਼ੁਸ਼ਹਾਲੀ ਨਸੀਬ ਹੋਵੇਗੀ।

## ਹਰ ਮਸਲੇ ਦੀ ਬੁੱਕਲ ਵਿਚ ਹੀ ਹੁੰਦਾ ਹੈ ਉਸ ਦਾ ਹੱਲ

ਕੁਛ ਦੇਰ ਕੋ ਰੁਕਾ ਤੋ ਥਾ ਕਾਫਿਲਾ ਬਹਾਰ ਕਾ...। ਇਹ ਸਤਰਾਂ ਅੱਜ ਬੇਵਜ੍ਹਾ ਹੀ ਮਨ ਵਿਚ ਘਰ ਕਰ ਗਈਆਂ। ਇਨਸਾਨ ਆਪਣੀ ਜ਼ਿੰਦਗੀ ਘੜੀ ਦੀਆਂ ਸੂਈਆਂ ਨਾਲ ਬੰਨ੍ਹ ਕੇ ਰੱਖਦਾ ਹੈ। ਹੁਣ ਆਹ ਕਰਨਾ ਹੈ, ਫਿਰ ਉਸ ਚੀਜ਼ ਦਾ ਟਾਈਮ ਹੈ ਅਤੇ ਘੱਟ ਹੀ ਕਿਤੇ ਘੜੀ ਦੀਆਂ ਸੂਈਆਂ ਕਿਸੇ ਬੇਕਦਰੇ ਇਨਸਾਨ ਖ਼ਾਤਰ ਵਕਤ ਨੂੰ ਢਿੱਲ ਦਿੰਦੀਆਂ ਹਨ। ਉਮਰ ਦੇ ਇਸ ਪੜਾਅ 'ਤੇ ਆ ਕੇ ਬਹੁਤ ਵਾਰ ਪਛਤਾਵਾ ਹੁੰਦਾ ਹੈ ਕਿ ਜਦੋਂ ਵਿਹਲ ਹੁੰਦੀ ਸੀ, ਉਦੋਂ ਆਹ ਸਭ ਕਿਉਂ ਨਾ ਕੀਤਾ ਜੋ ਹੁਣ ਕਰਨਾ ਚਾਹੁੰਦੇ ਹਾਂ। ਕੁਝ ਮਰਜ਼ੀ ਦਾ ਪੜ੍ਹਿਆ ਹੁੰਦਾ, ਸਿੱਖਿਆ ਹੁੰਦਾ। ਕੋਈ ਵਧੀਆ ਡਾਕੂਮੈਂਟਰੀ ਰਚ ਲਈ ਹੁੰਦੀ। ਜੀਵਨੀ ਲਿਖਣ ਦੀ ਸ਼ੁਰੂਆਤ ਕਰ ਲਈ ਹੁੰਦੀ। ਸੰਗੀਤ ਸਿੱਖ ਲਿਆ ਹੁੰਦਾ। ਫਲਾਣਾ ਮੁਲਕ ਵੀ ਵੇਖ ਲਿਆ ਹੁੰਦਾ। ਪਰ ਸਭ ਤੋਂ ਉੱਪਰ ਇਹ ਗੱਲ ਹੈ, ਰੋਸੇ ਮੁਕਾ ਲਏ ਹੁੰਦੇ। ਕਿੰਨੇ ਹੀ ਰਿਸ਼ਤੇ, ਬੰਦਾ ਅਣਗਹਿਲੀ ਨਾਲ ਖ਼ਤਮ ਕਰ ਲੈਂਦਾ ਹੈ। ਕਿੰਨੇ ਹੀ ਤਾਅਲੁਕ ਵਕਤ ਨਾ ਹੋਣ ਕਰਕੇ ਜਾਂ ਕਹਿ ਲਓ ਵਕਤ ਨਾ ਦੇਣ ਕਰਕੇ ਫਿੱਕੇ ਪੈ ਜਾਂਦੇ ਹਨ। ਜਦੋਂ ਤੱਕ ਸਿੱਖਦੇ ਹਾਂ ਰਿਸ਼ਤਿਆਂ ਦੀ ਗਣਿਤ, ਉਦੋਂ ਤੱਕ ਰਿਸ਼ਤੇ ਦਾ ਪਹਾੜਾ ਬਦਲ ਜਾਂਦਾ ਹੈ। ਅੱਜ ਵੀ ਤਾਂ ਆਪਾਂ ਸਮਝ ਹੀ ਰਹੇ ਹਾਂ ਨਾ ਬੇਤੁਕੇ ਇਨਸਾਨਾਂ ਨਾਲ ਤੁਕ ਬਿਠਾਉਣਾ। ਵੇਲੇ ਸਿਰ ਸਿੱਖ ਜਾਂਦੇ ਤਾਂ ਵਕਤ ਅਤੇ ਜ਼ਿਹਨੀ ਤਾਕਤ ਦੋਵਾਂ ਦਾ ਬਚਾਅ ਹੋ ਜਾਂਦਾ। ਕਿਸੇ ਵੀ ਫ਼ਿਕਰ ਦਾ ਅਸਰ, ਮਨ 'ਤੇ ਬਹੁਤ ਲੰਮਾ ਹੋ ਜਾਵੇ ਤਾਂ ਉਹ ਨਾਸੂਰ ਬਣ ਜਾਂਦਾ ਹੈ। ਮੌਕਾ ਸਾਂਭਿਆ ਨਾ ਜਾਵੇ ਤਾਂ ਮੌਕਾ ਹੱਥ ਨਹੀਂ ਆਉਂਦਾ। ਵੱਡੇ ਤੋਂ ਵੱਡੇ ਹਾਦਸੇ ਦੀ ਸੱਟ ਦਾ ਇਲਾਜ ਵਕਤ ਹੈ। ਫਿਰ ਵਕਤ ਹੀ ਜੇ ਮਲ੍ਹਮ ਹੈ ਤਾਂ ਵਕਤ ਹੀ ਅਮੁੱਲ ਹੋਵੇਗਾ। ਇਸ ਨੂੰ ਗੁਆਚਣ ਨਹੀਂ ਦੇਣਾ ਚਾਹੀਦਾ। ਇਕ ਮੌਕੇ ਥੋੜ੍ਹੀ ਜਿਹੀ ਸਿਆਣਪ ਨਾਲ ਕਿੰਨਾ ਕੁਝ ਕੱਜ ਲੈਣ ਵਾਲਾ ਹੁੰਦਾ ਹੈ ਤੇ ਦੂਜਾ ਮੌਕਾ ਤੁਹਾਨੂੰ ਗੋਡਿਆਂ ਭਾਰ ਕਰਕੇ ਵੀ ਗੱਲ ਤੁਹਾਡੇ ਮੁਤਾਬਿਕ ਨਹੀਂ ਮੁੱਕਣ ਦਿੰਦਾ। ਇਕ ਸਿਆਣੇ ਨੇ ਕਿਹਾ ਸੀ ਕਿ ਜਜ਼ਬ ਕਰ ਲੈਣ ਵਾਲਾ ਇਨਸਾਨ ਸਭ ਤੋਂ ਵੱਧ ਤਾਕਤਵਰ ਹੁੰਦਾ ਹੈ। ਮੈਂ ਪੁੱਛਿਆ ਉਹ ਕਿਵੇਂ ? ਉਹ ਕਹਿਣ ਲੱਗੇ ਕਿ ਆਪਾਂ ਆਪਣੇ ਹਿੱਸੇ ਦਾ ਕਮਾ ਕੇ ਵੀ ਜਾਣਾ ਹੈ ਤੇ ਹੰਢਾ ਕੇ ਵੀ। ਜੇ ਹਨੇਰੀ ਤੋਂ ਬਚਣ ਲਈ ਦਰਵਾਜ਼ਾ ਭੇੜੋਗੇ ਤਾਂ ਖਿੜਕੀਆਂ ਖੁੱਲ੍ਹ ਜਾਣਗੀਆਂ। ਜੇ ਉਹ ਵੀ ਬੰਦ ਕਰ ਲਵੋਗੇ ਤਾਂ ਬਾਹਰ ਵਾਲਾ ਵਿਹੜਾ ਤਾਂ ਫਿਰ ਵੀ ਮਿੱਟੀ-ਝੱਖੜ ਨਾਲ ਭਰ ਹੀ ਜਾਵੇਗਾ। ਆਪਣੇ ਹਾਲਾਤ ਤੋਂ ਪੂਰੀ ਤਰ੍ਹਾਂ ਕੋਈ ਬਚ ਨਹੀਂ ਸਕਦਾ। ਬਸ ਉਨ੍ਹਾਂ ਹਾਲਤਾਂ ਨਾਲ ਨਜਿੱਠਣ ਖ਼ਾਤਰ ਨਜ਼ਰੀਆ ਤੇ ਇਰਾਦਾ ਮੁਕਾਬਲੇ ਦਾ ਕਰਨਾ ਜ਼ਰੂਰੀ ਹੁੰਦਾ ਹੈ। ਕਿੰਨੇ ਹੀ ਸਾਲਾਂ ਮਗਰੋਂ ਇਹ ਗੱਲ ਸਮਝ ਆਈ ਕਿ ਜ਼ਿੰਦਗੀ ਨੇ ਕਿਸੇ ਦੇ ਕੰਨ ਵਿਚ ਬੁਰੀ ਸੌਖ ਦੀ ਫੂਕ ਨਹੀਂ ਮਾਰੀ ਹੁੰਦੀ। ਕਿਸੇ ਨੂੰ ਹਾੜ੍ਹ ਖਾ ਜਾਂਦਾ ਹੈ, ਕਿਸੇ ਨੂੰ ਸਾਉਣ ਡੋਬ ਜਾਂਦਾ ਹੈ। ਕਾਮਯਾਬ ਉਹ ਹੈ ਜੋ ਕਹੇ, ਕਰ ਲਵੋ ਜੋ ਮਰਜ਼ੀ ਮੈਂ ਤਾਂ ਰਾਹ 'ਤੇ ਵਧੀ ਹੀ ਜਾਣਾ ਹੈ। ਉਹ ਜਿਸ ਨੂੰ ਮੰਜ਼ਿਲ ਦੀ ਏਨੀ ਤਾਂਘ ਹੋਵੇ ਕਿ ਰੋਣ ਦੀ, ਰੋਸਾ ਕਰਨ ਦੀ ਵੀ ਵਿਹਲ ਨਾ ਲੱਗੇ। ਇਹੋ ਮਕਸਦ ਹੋਵੇ ਕਿ ਪਹਿਲਾਂ ਥਾਂ-ਟਿਕਾਣੇ ਤਾਂ ਪਹੁੰਚੀਏ, ਫਿਰ ਵੇਖਾਂਗੇ ਕਿ ਹਾਲੇ ਵੀ ਰੋਣ ਦੀ ਵਜ੍ਹਾ ਬਚੀ ਹੈ ? ਕਿਸੇ ਵੀ ਕਾਮਯਾਬ ਇਨਸਾਨ ਨੂੰ ਵੇਖੋ ਤਾਂ ਉਸ ਦੀ ਸੂਖ਼ਮਤਾ ਉਸ ਦੇ ਸੁਭਾਅ ਵਿਚ ਨਜ਼ਰ ਨਹੀਂ ਆਵੇਗੀ। ਕਲਾਕਾਰ ਵੀ ਉਪਰਲੀ ਤਹਿ ਵਿਚ ਆਪਣੀ ਸੰਵੇਦਨਸ਼ੀਲਤਾ ਨੂੰ ਬਹੁਤੀ ਜਗ੍ਹਾ ਨਹੀਂ ਦਿੰਦੇ। ਕਿਉਂਕਿ ਕਲਾ ਦੀ ਦੁਨੀਆ ਦੀ ਦੌੜ ਹੀ ਵੱਖਰੀ ਹੈ। ਨਰਮ ਤੋਂ ਨਰਮ ਗੱਲ ਕਹਿਣ ਲਈ ਸਖ਼ਤ ਤੋਂ ਸਖ਼ਤ ਤਜਰਬਿਆਂ ਵਿਚੋਂ ਲੰਘਣਾ ਪੈਂਦਾ ਹੈ। ਹਾਲਾਤ ਦਾ ਸਭ ਤੋਂ ਕਰੂਰ ਰੂਪ ਵੇਖਣਾ ਪੈਂਦਾ ਹੈ। ਸੌ, ਸੰਤਾਪ ਹੰਢਾਇਆ, ਫਿਰ ਇਕ ਗੀਤ ਗਾਇਆ। ਲਿਖਾਰੀ ਆਪਣੀ ਲਿਖਤ ਵਿਚ ਆਪਣੀ ਜ਼ਿੰਦਗੀ ਦੀ ਤਲਖ਼ੀ ਨੂੰ ਉਤਰਨ ਦੀ ਇਜਾਜ਼ਤ ਦੇ ਦੇਣ ਤਾਂ ਕੋਈ ਉਨ੍ਹਾਂ ਨੂੰ ਪੜ੍ਹੇ ਹੀ ਨਾ। ਉਹ ਜੋ ਉਨ੍ਹਾਂ ਦੇ ਹਿੱਸੇ ਸਹਿਣ ਨੂੰ ਆਇਆ ਹੈ, ਇਹ ਉਨ੍ਹਾਂ ਦੀ ਆਪਣੀ ਕਿਸਮਤ ਹੈ। ਜੋ ਕੁਝ ਇਸ ਦੇ ਬਾਵਜੂਦ ਉਹ ਕਹਿਣ ਦੀ ਕਲਾ ਰੱਖਦੇ ਹਨ, ਉਹ ਪੜ੍ਹਨ ਵਾਲਿਆਂ ਲਈ ਹੈ। ਇਨਸਾਨ ਆਪਣੇ ਦੁੱਖ ਨੂੰ ਬਹੁਤ ਵੱਡਾ ਕਰਕੇ ਵੇਖਣ ਦਾ ਆਦੀ ਹੁੰਦਾ ਹੈ। ਕਈ ਵਾਰ ਬਾਹਰ ਜਾਣ ਨੂੰ ਦਰਵਾਜ਼ਾ ਬਣਿਆ ਹੁੰਦਾ ਹੈ ਪਰ ਉਹ ਕੰਧ ਨਾਲ ਹੀ ਮੱਥਾ ਮਾਰੀ ਜਾਵੇਗਾ, ਰਾਹ ਬਣਾਉਣ ਨੂੰ। ਜੇਕਰ ਏਨੀ ਕੁ ਗੱਲ ਹੀ ਸਮਝ ਜਾਵੇ ਕਿ ਹਰ ਪਾਸੇ ਜਾਣਾ ਮੁਮਕਿਨ ਨਹੀਂ। ਜਾਂ ਇਹ ਕਿ ਸਭ ਕੁਝ ਉਸ ਦੀ ਮਰਜ਼ੀ ਮੁਤਾਬਿਕ ਹੋ ਨਹੀਂ ਸਕਦਾ ਪਰ ਜ਼ਰੂਰਤ ਮੁਤਾਬਿਕ ਜ਼ਰੂਰ ਹੋਵੇਗਾ, ਤਾਂ ਰਾਹਵਾਂ ਦੀਆਂ ਸਾਰੀਆਂ ਮੁਸ਼ਕਿਲਾਂ ਹੱਲ ਹੋ ਜਾਣਗੀਆਂ। ਵਿਗਿਆਨਕ ਖੋਜ ਨੇ ਮੰਨਿਆ ਹੈ ਕਿ ਮਨ ਤੋਂ ਤੁਸੀਂ ਵੱਡੇ ਤੋਂ ਵੱਡੇ ਡਾਕਟਰ ਵਾਂਗ ਇਲਾਜ ਕਰਵਾ ਸਕਦੇ ਹੋ ਤੇ ਮਾੜੇ ਤੋਂ ਮਾੜੇ ਦੁਸ਼ਮਣ ਵਾਂਗ ਨੁਕਸਾਨ ਵੀ ਕਰਵਾ ਸਕਦੇ ਹੋ। ਇਸ ਨੂੰ ਕਹਿ ਕੇ ਵੇਖੋ ਕਿ ਤੂੰ ਕਦੇ ਘਬਰਾਉਣਾ ਨਹੀਂ। ਆਪਾਂ ਹਰ ਮੋਰਚਾ ਫ਼ਤਹਿ ਕਰ ਲਵਾਂਗੇ। ਇਹ ਤੁਹਾਨੂੰ ਡੋਲ੍ਹਣ ਹੀ ਨਹੀਂ ਦੇਵੇਗਾ। ਤੇ ਫਿਰ ਇਕ ਦਿਨ ਤਜਰਬੇ ਦੇ ਤੌਰ 'ਤੇ ਹੀ ਕਹਿ ਦੇਣਾ, ਬਈ ਮਨਾ, ਅੱਜ ਦਾ ਦਿਨ ਬੜਾ ਮਾੜਾ ਰਹਿਣਾ ਹੈ। ਭਾਵੇਂ ਰੱਬ ਹੀ ਉੱਤੋਂ ਪੁਸ਼ਪ ਵਰਖਾ ਕਰ ਦੇਵੇ, ਤੁਹਾਨੂੰ ਉਸ ਦਿਨ ਕਿਸੇ ਗੱਲ ਦਾ ਲੁਤਫ਼ ਨਹੀਂ ਆਉਣਾ।

## ਜ਼ਿੰਦਗੀ ਦਾ ਨਿਚੋੜ ਪ੍ਰੋ. ਪ੍ਰੀਤਮ ਸਿੰਘ ਦੀ ਨਜ਼ਰ ਵਿਚ

ਭਾਵੇਂ ਮੇਰੇ ਭਾਪਾ ਜੀ, ਪ੍ਰੋ. ਪ੍ਰੀਤਮ ਸਿੰਘ ਜੀ 25 ਅਕਤੂਬਰ ਸੰਨ 2008 ਨੂੰ ਸਾਨੂੰ ਅਲਵਿਦਾ ਕਹਿ ਗਏ ਸਨ ਪਰ ਉਨ੍ਹਾਂ ਦੀਆਂ ਅਨੇਕ ਗੱਲਾਂ ਅੱਜ ਵੀ ਇੰਜ ਯਾਦ ਹਨ ਜਿਵੇਂ ਹੁਣੇ ਹੀ ਸੁਣੀਆਂ ਹੋਣ।

ਇਕ ਵਾਰ ਭਾਪਾ ਜੀ ਕੋਲ ਕੋਈ ਲੇਖਕ ਆਪਣੀ ਤਕਲੀਫ਼ ਲੈ ਕੇ ਪਹੁੰਚੇ ਸਨ ਤਾਂ ਮੇਰੀ ਡਿਊਟੀ ਹਮੇਸ਼ਾ ਵਾਂਗ ਚਾਹ ਪਿਆਉਣ ਦੀ ਲੱਗ ਗਈ। ਚਾਹ ਦੇਣ ਲੱਗਿਆਂ ਜਿਹੜੀਆਂ ਗਿਆਨ ਦੀਆਂ ਗੱਲਾਂ ਕੰਨੀਂ ਪੈ ਜਾਂਦੀਆਂ, ਉਹ ਮੇਰੇ ਲਈ ਸੋਨੇ ਉੱਤੇ ਸੁਹਾਗੇ ਵਾਲੀ ਗੱਲ ਹੁੰਦੀਆਂ ਸਨ।

ਹੁਣ ਏਨੇ ਵਰ੍ਹਿਆਂ ਬਾਅਦ ਇਹ ਤਾਂ ਚੇਤੇ ਨਹੀਂ ਰਿਹਾ ਕਿ ਉਹ ਲੇਖਕ ਕਿਸ ਤਕਲੀਫ਼ ਨੂੰ ਲੈ ਕੇ ਆਏ ਸਨ ਪਰ ਭਾਪਾ ਜੀ ਨੇ ਮੈਨੂੰ ਉੱਥੇ ਹੀ ਬੈਠਣ ਦਾ ਇਸ਼ਾਰਾ ਕਰ ਕੇ ਇਕ ਚੁਟਕੁਲਾ ਸੁਣਾਉਣ ਨੂੰ ਕਿਹਾ। ਮੈਂ ਸੁਣਾਇਆ ਤਾਂ ਭਾਪਾ ਜੀ ਤੇ ਲੇਖਕ ਖਿੜਖਿੜਾ ਕੇ ਹੱਸ ਪਏ। ਕੁਝ ਮਿੰਟਾਂ ਬਾਅਦ ਭਾਪਾ ਜੀ ਨੇ ਫਿਰ ਕਿਹਾ- ਚੁਟਕੁਲਾ ਸੁਣਾ! ਮੈਂ ਕੋਈ ਦੂਸਰਾ ਸੁਣਾਉਣ ਲੱਗੀ ਤਾਂ ਟੋਕ ਕੇ ਕਹਿਣ ਲੱਗੇ, 'ਉਹੀ ਦੁਬਾਰਾ ਸੁਣਾ।' ਰਤਾ ਹੈਰਾਨ ਹੋ ਕੇ ਮੈਂ ਪਹਿਲੇ ਵਾਲਾ ਚੁਟਕੁਲਾ ਦੁਬਾਰਾ ਸੁਣਾ ਦਿੱਤਾ ਤਾਂ ਦੋਵੇਂ ਮੁਸਕੁਰਾ ਪਏ ਪਰ ਖਿੜਖਿੜਾ ਕੇ ਨਾ ਹੱਸੇ।

ਕੁਝ ਮਿੰਟਾਂ ਬਾਅਦ ਭਾਪਾ ਜੀ ਫਿਰ ਬੋਲੇ, 'ਹਰਸ਼ਾਂ ਪਹਿਲੇ ਵਾਲਾ ਚੁਟਕੁਲਾ ਫਿਰ ਸੁਣਾ ਖਾਂ।' ਮੈਂ ਬਹੁਤ ਹੈਰਾਨੀ ਨਾਲ ਉਨ੍ਹਾਂ ਵੱਲ ਤੱਕਿਆ। ਉਹ ਲੇਖਕ ਵੀ ਹੈਰਾਨ ਜਿਹੇ ਹੋ ਕੇ ਭਾਪਾ ਜੀ ਵੱਲ ਵੇਖਣ ਲੱਗੇ। 'ਤੀਜੀ ਵਾਰ ਕਿਉਂ,' ਮੈਂ ਪੁੱਛਿਆ ? ਭਾਪਾ ਜੀ ਕਹਿਣ ਲੱਗੇ, 'ਬੱਲਿਆ ਸੁਣਾ ਤਾਂ ਸਹੀ।' ਮੈਂ ਜੱਕੋਤੱਕੀ ਵਿਚ ਤੀਜੀ ਵਾਰ ਅਣਮੰਨੇ ਜਿਹੇ ਨਾਲ ਸੁਣਾਇਆ ਤਾਂ ਇਸ ਵਾਰ ਕੋਈ ਨਾ ਹੱਸਿਆ।

ਭਾਪਾ ਜੀ ਨੇ ਲੇਖਕ ਵੱਲ ਮੂੰਹ ਕਰ ਕੇ ਕਿਹਾ, 'ਵੇਖੋ, ਇੱਕੋ ਚੁਟਕੁਲਾ ਵਾਰ-ਵਾਰ ਸੁਣਨ ਉੱਤੇ ਵੀ ਹਾਸਾ ਨਹੀਂ ਆਉਂਦਾ ਤਾਂ ਫਿਰ ਇੱਕੋ ਨੁਕਤੇ ਨੂੰ ਲੈ ਕੇ ਏਨੀ ਦੇਰ ਨਿਰਾਸ਼ ਕਿਉਂ ਬੈਠਣਾ ਹੋਇਆ ? ਹੁਣ ਤੁਸੀਂ ਵੀ ਨਿਰਾਸ਼ਾ ਤਿਆਗੋ।' ਉਸ ਤੋਂ ਬਾਅਦ ਮੇਰੇ ਵੱਲ ਮੂੰਹ ਕਰ ਕੇ ਬੋਲੇ, 'ਹਰਸ਼ਾਂ ਤੂੰ ਭਾਵੇਂ ਬੱਚਿਆਂ ਦੀ ਡਾਕਟਰ ਏਂ ਪਰ ਇਨਸਾਨੀ ਦਿਮਾਗ਼ ਬਾਰੇ ਖੋਜ ਕਰਨ ਦੀ ਲੋੜ ਹੈ। ਤੂੰ ਆਪ ਹੀ ਵੇਖ ਕਿ ਜਿਸ ਘਰ ਬੱਚੇ ਨਾ ਹੋਣ, ਉਹ ਤਾਂ ਹਰ ਵੇਲੇ ਦੁਖੀ ਰਹਿੰਦਾ ਹੀ ਹੈ ਪਰ ਜਿਸ ਘਰ ਬੱਚੇ ਹੋਣ, ਉਹ ਵੀ ਬੱਚਿਆਂ ਦੇ ਰੌਲੇ-ਰੱਪੇ ਅਤੇ ਉਨ੍ਹਾਂ ਦੇ ਖ਼ਰਚੇ ਤੋਂ ਦੁਖੀ ਹੈ। ਜਿਸ ਦਾ ਵਿਆਹ ਨਾ ਹੋਵੇ, ਉਹ ਦੁਖੀ ਤੇ ਜਿਸ ਦਾ ਹੋ ਜਾਵੇ ਉਹ ਵੀ ਅਨੇਕ ਝਮੇਲਿਆਂ ਤੋਂ ਦੁਖੀ। ਜੇ ਪੈਸੇ ਨਾ ਹੋਣ ਤਾਂ ਵੀ ਚਿੰਤਾ ਅਤੇ ਜੇ ਪੈਸੇ ਵਾਧੂ ਹੋ ਜਾਣ ਤਾਂ ਟੈਕਸਾਂ ਦੀ ਚਿੰਤਾ। ਜਿਹੜਾ ਅਨਪੜ੍ਹ ਹੈ ਉਸ ਨੂੰ ਵੱਖ ਦਿੱਕਤਾਂ ਹਨ ਤੇ ਜਿਹੜਾ ਪੜ੍ਹ-ਲਿਖ ਗਿਆ ਉਹ ਵੀ ਤੰਗ ਹੋਇਆ ਪਿਆ ਹੈ। ਜ਼ਿੰਦਗੀ ਭਲਾ ਸਿੱਧੀ ਲਾਈਨ ਵਿਚ ਕਿਵੇਂ ਚਲ ਸਕਦੀ ਹੈ ? ਜ਼ਿੰਦਗੀ ਦੇ ਕੈਨਵਸ ਉੱਤੇ ਉਤਾਰ-ਚੜ੍ਹਾਓ ਵੀ ਵੱਖੋ-ਵੱਖ ਤਰ੍ਹਾਂ ਦੇ ਰੰਗ ਭਰਦੇ ਹਨ, ਜਿਸ ਨਾਲ ਜ਼ਿੰਦਗੀ ਦੀ ਰਵਾਨਗੀ ਕਾਇਮ ਰਹਿੰਦੀ ਹੈ। ਹਮੇਸ਼ਾ ਇੱਕੋ ਰਫ਼ਤਾਰ ਵਿਚ ਤੁਰਦੀ ਗੱਡੀ ਵਿਚ ਬਹਿ ਕੇ ਵੀ ਕੀ ਮਜ਼ਾ ਹੈ ?

'ਔਖੇ ਸਮੇਂ ਵਿਚ ਸਾਡਾ ਮਨ ਹੀ ਸਾਨੂੰ ਸੁਨੇਹਾ ਦਿੰਦਾ ਹੈ ਕਿ ਹੁਣ ਅਫ਼ਸੋਸ ਕਰਨ ਦੀ ਲੋੜ ਹੈ। ਇੰਜ ਹੀ ਚੰਗੇ ਸਮੇਂ ਦੌਰਾਨ ਸਾਡਾ ਮਨ ਖ਼ੁਸ਼ ਹੋਣ ਦੀ ਸਲਾਹ ਦਿੰਦਾ ਹੈ। ਭਲਾ ਜੇ ਮਨ ਨੂੰ ਹੀ ਕਾਬੂ ਕਰ ਲਿਆ ਜਾਵੇ ਤੇ ਦੁਖ-ਸੁਖ ਦੇ ਸਮੇਂ ਨੂੰ ਸੀਮਤ ਕਰ ਕੇ ਬਾਕੀ ਸਮਾਂ ਜ਼ਿੰਦਗੀ ਦੇ ਹਰ ਰੰਗ ਨੂੰ ਮਾਣ ਕੇ ਜੀਅ ਲਿਆ ਜਾਵੇ ਤਾਂ ਕਿੰਨਾ ਚੰਗਾ ਹੋਵੇ। ਬਹਿ ਕੇ ਝੂਰਨ ਨੂੰ ਕਿਸੇ ਵੀ ਪਾਸਿਓਂ ਜ਼ਿੰਦਗੀ ਜਿਊਣਾ ਨਹੀਂ ਮੰਨਿਆ ਜਾ ਸਕਦਾ। ਜੋ ਸਾਡੇ ਚੁਫ਼ੇਰੇ ਵਾਪਰਦਾ ਹੈ, ਉਸ ਉੱਤੇ ਹੋ ਸਕਦਾ ਹੈ ਸਾਡਾ ਵੱਸ ਨਾ ਚੱਲੇ ਪਰ ਜੋ ਸਾਡੇ ਮਨ ਅੰਦਰ ਵਾਪਰ ਰਿਹਾ ਹੈ, ਉਸ ਨੂੰ ਤਾਂ ਅਸੀਂ ਕਾਬੂ ਕਰ ਹੀ ਸਕਦੇ ਹਾਂ। ਬਾਹਰੀ ਜ਼ਿੰਦਗੀ ਵਿਚ ਅਸੀਂ ਪੈਸੇ ਨਾਲ ਕੁਝ ਸਮੇਂ ਲਈ ਆਰਾਮ ਭਾਲ ਸਕਦੇ ਹਾਂ ਪਰ ਤਸੱਲੀ ਤਾਂ ਮਨ ਦੇ ਅੰਦਰੋਂ ਉਤਪੰਨ ਹੁੰਦੀ ਹੈ, ਜਿਸ ਵਾਸਤੇ ਕਿਸੇ ਪੈਸੇ-ਧੇਲੇ ਦੀ ਲੋੜ ਨਹੀਂ ਹੁੰਦੀ। ਇਹੀ ਕਾਰਨ ਹੈ ਕਿ ਕਰੋੜਾਂਪਤੀ ਇਨਸਾਨ ਵੀ ਸਭ ਕੁਝ ਹੁੰਦਿਆਂ ਢਹਿੰਦੀ ਕਲਾ ਦਾ ਸ਼ਿਕਾਰ ਬਣ ਜਾਂਦਾ ਹੈ ਤੇ ਦੂਜੇ ਪਾਸੇ ਫੱਕਰ ਹਾਲ ਵਿਚ ਬੈਠਾ ਬੰਦਾ ਖ਼ੁਸ਼ੀ ਦੇ ਗੀਤ ਗਾਉਂਦਾ ਰਹਿੰਦਾ ਹੈ।'

ਸਾਹਮਣੇ ਬੈਠੇ ਲੇਖਕ ਨੇ ਸਭ ਕੁਝ ਸੁਣਦਿਆਂ ਹਾਮੀ ਭਰੀ, 'ਬਿਲਕੁਲ ਠੀਕ ਕਹਿੰਦੇ ਹੋ ਪ੍ਰੋਫ਼ੈਸਰ ਸਾਹਿਬ। ਮੈਂ ਬਹੁਤ ਕੁਝ ਸਮਝ ਗਿਆ ਹਾਂ।'

'ਬਹੁਤ ਵਧੀਆ,' ਭਾਪਾ ਜੀ ਕਹਿਣ ਲੱਗੇ, 'ਬਸ ਹੁਣ ਖ਼ੁਸ਼ ਰਹੋ ਤੇ ਇਕ ਗੱਲ ਪੱਲੇ ਬੰਨ੍ਹ ਲਵੋ। ਜੇ ਤੁਹਾਡੇ ਸਾਹਮਣੇ ਵਾਲਾ ਤੁਹਾਡੇ ਨਾਲ ਗੁੱਸੇ ਨਾਲ ਗੱਲ ਕਰ ਕੇ ਤੁਹਾਨੂੰ ਗੁੱਸਾ ਦੁਆ ਦਿੰਦਾ ਹੈ ਤਾਂ ਸਮਝੋ ਉਹ ਜਿੱਤ ਗਿਆ। ਤੁਸੀਂ ਆਪਣੇ ਕੰਮ ਵਿਚ ਮਸਤ ਰਹੋ ਤੇ ਗੁੱਸੇ ਨਾ ਹੋਵੋ ਤਾਂ ਇਸ ਦਾ ਮਤਲਬ ਹੈ ਕਿ ਤੁਸੀਂ ਆਪਣੇ ਮਨ ਨੂੰ ਕਾਬੂ ਕੀਤਾ ਹੋਇਆ ਹੈ। ਇੰਜ ਤੁਹਾਡਾ ਚੈਨ ਕੋਈ ਨਹੀਂ ਖੋਹ ਸਕੇਗਾ।'

ਗੱਲ ਭਾਵੇਂ ਲੇਖਕ ਅੰਕਲ ਲਈ ਭਾਪਾ ਜੀ ਨੇ ਕਹੀ ਸੀ, ਪਰ ਮੈਨੂੰ ਚਾਹ ਪਿਆਉਣ ਦੇ ਨਾਲ ਮੁਫ਼ਤੋ-ਮੁਫ਼ਤੀ ਜ਼ਿੰਦਗੀ ਦਾ ਨਿਚੋੜ ਹਾਸਲ ਹੋ ਗਿਆ ਸੀ। ਉਹੀ ਨਿਚੋੜ ਅੱਜ ਉਨ੍ਹਾਂ ਦੇ 104ਵੇਂ ਜਨਮ ਦਿਨ ਉੱਤੇ ਸਭ ਨਾਲ ਸਾਂਝਾ ਕਰ ਰਹੀ ਹਾਂ।

## ਨਫਰਤ ਦਾ ਵਧਦਾ-ਫੁੱਲਦਾ ਕਾਲਾ ਕਾਰੋਬਾਰ

25-26 ਦਸੰਬਰ ਨੂੰ ਰਾਇਪੁਰ ਵਿਚ ਹੋਈ ਧਰਮ ਸੰਸਦ ਦਾ ਦੁਖਦ ਪੱਖ ਇਹ ਹੈ ਕਿ ਇਸ ਮੁਤਾਬਕ ਫੈਂਸੀ ਡਰੈੱਸ (ਬਹੁਰੂਪੀਆ ਪੁਸ਼ਾਕਾਂ) ਅਤੇ ਕਰਾਸ-ਡਰੈੱਸਿੰਗ (ਭਾਵ ਦੂਜੇ ਲਿੰਗ ਨਾਲ ਸਬੰਧਤ ਕੱਪੜੇ ਪਹਿਨਣੇ) ਭਾਰਤੀ ਰਵਾਇਤਾਂ, ਇਤਿਹਾਸ ਅਤੇ ਸਿਆਸਤ ਵਿਚ ਵਿਦਵਤਾ ਲਈ ਯੋਗ ਹਨ। ਖੁੱਲ੍ਹੇ ਵਾਲਾਂ, ਸੰਘਣੀ ਦਾੜ੍ਹੀ, ਮੱਥੇ ਉੱਤੇ ਵੱਡੇ ਟਿੱਕੇ ਅਤੇ ਭਗਵਾ ਪਹਿਰਾਵੇ ਵਾਲਾ ਇਕ ਸਖਸ ਗਾਂਧੀ ਲਈ ਅਪਸ਼ਬਦ ਇਸਤੇਮਾਲ ਕਰਦਾ ਹੈ। ਇਸ ਗਾਂਧੀਵਾਦੀ ਗਣਤੰਤਰ ਵਿਚ ਜੋ ਕੋਈ ਵੀ ਗਾਂਧੀ ਬਾਰੇ ਬਦਕਲਾਮੀ ਕਰਨਾ ਚਾਹੁੰਦਾ ਹੈ, ਉਸ ਨੂੰ ਅਜਿਹਾ ਕਰਨ ਲਈ ਵਿਚਾਰਾਂ ਦੇ ਪ੍ਰਗਟਾਵੇ ਦੀ ਪੂਰੀ ਆਜਾਦੀ ਅਤੇ ਮੌਕਾ ਮਿਲਣਾ ਚਾਹੀਦਾ ਹੈ, ਫਿਰ ਭਾਵੇਂ ਉਹ ਪ੍ਰਗਿਆ ਠਾਕੁਰ ਹੋਵੇ, ਅਰੁੰਧਤੀ ਰਾਏ ਹੋਵੇ ਜਾਂ ਕਾਲੀਚਰਨ ਮਹਾਰਾਜ। ਦਰਅਸਲ, ਗਾਂਧੀਵਾਦੀ ਗਣਤੰਤਰ ਦੀ ਸਿਹਤ ਦੀ ਖਰਾਬੀ ਦੀਆਂ ਸ਼ੁਰੂਆਤੀ ਅਲਾਮਤਾਂ ਤਾਂ ਉਦੋਂ ਹੀ ਦਿਖਾਈ ਦੇਣ ਲੱਗ ਪਈਆਂ ਸਨ, ਜਦੋਂ ਹਾਕਮ ਕਾਂਗਰਸੀਆਂ ਨੇ ਸਲਮਾਨ ਰਸ਼ਦੀ ਦੀ ਕਿਤਾਬ 'ਸ਼ੈਤਾਨ ਦੀਆਂ ਆਇਤਾਂ' ( ) ਉਤੇ ਪਾਬੰਦੀ ਲਾਉਣ ਦੀ ਮਾੜੀ ਕਾਰਵਾਈ ਕੀਤੀ ਸੀ। ਹੁਣ ਇਹ ਅਥਾਹ ਸਿਆਸੀ ਲਾਹਿਆਂ ਨਾਲ ਮੁਕੰਮਲ ਸਨਅਤ ਬਣ ਚੁੱਕੀ ਹੈ।ਗਾਂਧੀ ਨੂੰ ਗਾਲ੍ਹਾਂ ਕੱਢਣ ਦਾ ਬੁਰਾ ਨਾ ਵੀ ਮਨਾਇਆ ਜਾਵੇ, ਤਾਂ ਵੀ ਧਰਮ ਸੰਸਦ ਇਕ ਹੋਰ ਕਾਰਨ ਕਰ ਕੇ ਵੀ ਨਿਰਾਸ਼ਾਜਨਕ ਸੀ। ਕਾਲੀਚਰਨ ਨੇ ਗਾਂਧੀ ਨੂੰ ਮੰਦੇ ਬੋਲ ਬੋਲਣ ਲਈ ਕੋਈ ਭਾਰਤੀ ਜਾਂ ਹਿੰਦੂ ਲਫਜ ਇਸਤੇਮਾਲ ਨਹੀਂ ਕੀਤਾ। ਉਸ ਨੂੰ ਗਾਂਧੀ ਨੂੰ ਭਰਪੂਰ ਹਿੰਦੂ ਨਾ ਹੋਣ ਕਾਰਨ ਮੰਦਾ ਬੋਲਣ ਵਾਸਤੇ ਅਰਬੀ ਤੇ ਇਸਲਾਮੀ ਪ੍ਰਥਾਵਾਂ ਤੋਂ ਮਦਦ ਲੈਣੀ ਪਈ। 'ਹਰਾਮ' ਅਰਬੀ ਲਫਜ ਹੈ ਅਤੇ ਇਹ ਇਸਲਾਮ ਦਾ ਅਟੁੱਟ ਸਿਧਾਂਤ ਹੈ ਜਿਸ ਦੇ ਮਾਇਨੇ ਹਨ, ਕਿਸੇ ਚੀਜ ਦਾ ਵਰਜਿਤ ਹੋਣਾ। ਇਸੇ ਤਰ੍ਹਾਂ ਹਰਾਮੀ ਸ਼ਬਦ ਦਾ ਇਸਤੇਮਾਲ ਕਿਸੇ ਵਰਜਿਤ ਰਿਸ਼ਤੇ ਤੋਂ ਪੈਦਾ ਹੋਏ ਨਾਜਾਇਜ ਬੱਚੇ ਲਈ ਕੀਤਾ ਜਾਂਦਾ ਹੈ। ਯਕੀਨਨ ਸਵਦੇਸ਼ੀ ਧਰਮਾਂ ਨਾਲ ਸੰਬੰਧਿਤ ਕਿਸੇ ਸਖਸ ਤੋਂ ਕਿਸੇ ਬੁੱਕਰ ਇਨਾਮ ਜੇਤੂ ਜਾਂ ਚਰਚਿਲ ਵਰਗੇ ਨੋਬੇਲ ਇਨਾਮ ਜੇਤੂ ਦੀਆਂ ਟਿੱਪਣੀਆਂ ਅਤੇ ਪ੍ਰਗਟਾਵਿਆਂ ਦਾ ਲਾਹਾ ਲੈਣ ਦੀ ਉਮੀਦ ਨਹੀਂ ਕੀਤੀ ਜਾ ਸਕਦੀ, ਜਿਵੇਂ ਚਰਚਿਲ ਨੇ ਆਪਣੀ ਮਸ਼ਹੂਰ ਟਿੱਪਣੀ ਵਿਚ ਪੁੱਛਿਆ ਸੀ ਕਿ ਗਾਂਧੀ ਉਨ੍ਹਾਂ ਲੱਖਾਂ ਲੋਕਾਂ ਨਾਲ ਕਿਉਂ ਨਹੀਂ ਸੀ ਮਰ ਗਿਆ ਜਿਹੜੇ ਬਰਤਾਨਵੀ ਹਕੂਮਤ ਦੌਰਾਨ ਭੁੱਖ ਕਾਰਨ ਮੌਤ ਦੇ ਮੂੰਹ ਜਾ ਪਏ ਸਨ; ਪਰ ਕੀ ਕਾਲੀਚਰਚਨ ਸੰਸਕ੍ਰਿਤ ਭਾਸ਼ਾ ਦੀਆਂ ਕੁਝ ਗਾਲ੍ਹਾਂ ਨਹੀਂ ਸਿੱਖ ਸਕਦਾ, ਜਿਵੇਂ ਜਾਰਜਾ (ਵਿਆਹੁਤਾ ਔਰਤ ਨੂੰ ਪੈਦਾ ਹੋਇਆ ਉਸ ਦੇ ਪ੍ਰੇਮੀ ਦਾ ਬੱਚਾ) ਜਾਂ ਕਾਨੀਨਾ (ਅਣਵਿਆਹੀ ਔਰਤ ਦਾ ਬੱਚਾ) ਜਾਂ ਗੋਲਕਾ (ਵਿਧਵਾ ਦੇ ਪੈਦਾ ਹੋਇਆ ਬੱਚਾ)? ਜਿਵੇਂ ਭਾਰਤ ਵਿਚ ਜਿਆਦਾਤਰ ਰਿਸ਼ਤਿਆਂ ਲਈ ਵੱਖੋ-ਵੱਖਰੇ ਸ਼ਬਦ ਹਨ, ਉਵੇਂ ਹੀ ਸਾਡੇ ਕੋਲ ਹਰ ਸੰਭਵ ਨਾਜਾਇਜ ਕਾਰਵਾਈ ਲਈ ਖਾਸ ਅਪਸ਼ਬਦ ਵੀ ਹੈ।

ਅਜਿਹੇ ਭਰਪੂਰ ਤੇ ਰੰਗ-ਬਰੰਗੇ ਸ਼ਬਦ ਭੰਡਾਰ ਦੇ ਬਾਵਜੂਦ ਜੇ ਕਿਸੇ ਭਗਵਾਧਾਰੀ ਨੇ ਬਹੁਤ ਹੀ ਆਮ ਗਾਲ੍ਹ ਦਾ ਇਸਤੇਮਾਲ ਕੀਤਾ ਹੈ ਤਾਂ ਇਸ ਤੋਂ ਇਕ ਵਾਰੀ ਫਿਰ ਇਹ ਜਾਹਿਰ ਹੋ ਜਾਂਦਾ ਹੈ ਕਿ ਕਿਵੇਂ ਇਸਲਾਮ ਅਤੇ ਅਰਬੀ ਮੂਲ ਦੀ ਸ਼ਬਦਾਵਲੀ ਸਭ ਤੋਂ ਮਾੜੇ ਨਾਮਕਰਨ ਲਈ ਭਾਰਤੀ ਸਮਾਜਿਕ ਬੋਲਚਾਲ ਦਾ ਜਰੂਰੀ ਹਿੱਸਾ ਬਣ ਚੁੱਕੀ ਹੈ। ਉਸ ਪੱਖ ਤੋਂ ਦੇਖਿਆ ਜਾਵੇ ਤਾਂ ਕਾਲੀਚਰਨ ਨੇ ਸ਼ਬਦਾਂ ਦੀ ਚੋਣ ਦੇ ਪੱਖ ਤੋਂ ਪੂਰੀ ਨਿਰਪੱਖਤਾ ਵਰਤੀ ਹੈ ਪਰ ਮਸ਼ਹੂਰ ਹਿੰਦੂ ਪੁਰੋਹਿਤਾਂ ਦੀ ਅਗਿਆਨਤਾ ਵਿਚ ਇਸ ਭਾਵਨਾ ਦਾ ਇੰਝ ਪੂਰੀ ਤਰ੍ਹਾਂ ਉਤਰ ਜਾਣਾ ਪ੍ਰੇਸ਼ਾਨ ਕਰਨ ਵਾਲੀ ਗੱਲ ਹੈ। ਨਾਲ ਹੀ ਇਸ ਤੱਥ ਨੂੰ ਦੇਖਦਿਆਂ ਕਿ ਜੇ ਕਿਸੇ ਅਨਪੜ੍ਹ ਜਾਂ ਅੱਧ-ਪੜ੍ਹ ਸਖਸ ਨੂੰ ਕਥਿਤ ਧਰਮ ਸੰਸਦ ਵਿਚ ਸੱਦਿਆ ਜਾਂਦਾ ਹੈ, ਜਿਵੇਂ ਇਸ ਮਾਮਲੇ ਵਿਚ ਸੰਬੰਧਿਤ ਸਖਸ ਨੇ ਸਕੂਲੀ ਪੜ੍ਹਾਈ ਅੱਧ-ਵਿਚਾਲੇ ਛੱਡ ਦਿੱਤੀ ਸੀ ਤਾਂ ਇਹ ਗੱਲ ਸਾਬਤ ਹੋ ਜਾਂਦੀ ਹੈ ਕਿ ਹਿੰਦੂ ਧਰਮ ਅੱਜ ਅਜਿਹੇ ਲੋਕਾਂ ਦੇ ਹੱਥਾਂ ਵਿਚ ਹੈ ਜਿਨ੍ਹਾਂ ਨੂੰ ਇਸ ਦੀਆਂ ਵੱਖੋ-ਵੱਖ ਭਾਸ਼ਾਵਾਂ, ਸਾਹਿਤ, ਰਵਾਇਤਾਂ ਅਤੇ ਕਰਮ-ਕਾਂਡਾਂ ਬਾਰੇ ਬਹੁਤਾ ਗਿਆਨ ਨਹੀਂ। ਅੱਜ ਕੋਈ ਵੀ ਸਖਸ ਜਿਸ ਨੇ ਭਗਵਾ ਵਸਤਰ ਪਹਿਨੇ ਹੋਣ, ਮੁਸਲਮਾਨਾਂ ਨੂੰ ਵੱਧ-ਘੱਟ ਬੋਲਦਾ ਹੋਵੇ ਅਤੇ ਹਾਕਮ ਪਾਰਟੀ ਪ੍ਰਤੀ ਵਫਾਦਾਰੀ ਦਾ ਦਾਅਵੇਦਾਰ ਹੋਵੇ, ਉਹ ਖੁਦ ਨੂੰ ਧਰਮ ਦਾ ਅਲੰਬਰਦਾਰ ਅਖਵਾਉਣ ਦੇ ਯੋਗ ਹੋ ਜਾਂਦਾ ਹੈ।

ਨਫਰਤ ਅੱਜ ਸਾਡੇ ਉਤੇ ਲਿਓਨਾਰਦੋ ਡੀਕੈਪਰੀਓ ਦੀ ਅਦਾਕਾਰੀ ਵਾਲੀ ਹਾਲੀਆ ਵਿਅੰਗਾਤਮਕ ਫਿਲਮ 'ਡੋਂਟ ਲੁੱਕ ਅਪ' ਵਿਚਲੇ ਪੂਛਲ ਤਾਰੇ 'ਕੌਮੈਟ ਡਿਬੀਆਸਕਾਈ' ਵਾਂਗ ਆਣ ਡਿੱਗ ਪਈ ਹੈ। ਜੇ ਅਸੀਂ ਫਿਰ ਵੀ ਉੱਪਰ ਨੂੰ ਦੇਖਦੇ ਹਾਂ ਤਾਂ ਸਾਨੂੰ ਦਿਖਾਈ ਦਿੰਦਾ ਹੈ ਕਿ ਕਿਵੇਂ ਇਕ ਰਾਸ਼ਟਰ-ਹਤਿਆਰਾ ਨਫਰਤ ਦਾ ਪੂਛਲ ਤਾਰਾ ਹਰ ਭਾਰਤੀ ਨੂੰ ਨਿਸ਼ਾਨਾ ਬਣਾ ਰਿਹਾ ਹੈ। ਇਸ ਤੋਂ ਕੋਈ ਵੀ ਸੁਰੱਖਿਅਤ ਨਹੀਂ ਅਤੇ ਜੇ ਅਸੀਂ ਇਸ ਪੂਛਲ ਤਾਰੇ ਨੂੰ ਆਪਣੇ ਆਪ ਨੂੰ ਨਿਸ਼ਾਨਾ ਬਣਾਉਣ ਦਿੰਦੇ ਹਾਂ ਤਾਂ ਸਾਡਾ ਕਿਸੇ ਦਾ ਵੀ ਭਵਿੱਖ ਸੁਰੱਖਿਅਤ ਨਹੀਂ ਰਹੇਗਾ। ਨਫਰਤ ਫੈਲਾਉਣ ਵਾਲਿਆਂ ਨੇ ਹੋ ਸਕਦਾ ਹੈ, ਚੋਣਾਂ ਦਾ ਸਮਾਂ ਨੇੜੇ ਹੋਣ ਕਾਰਨ ਆਪਣੀ ਆਵਾਜ ਉੱਚੀ ਕਰ ਲਈ ਹੋਵੇ ਪਰ ਅਜਿਹੇ ਸਾਰੇ ਹਮਲਿਆਂ ਦੇ ਪ੍ਰਭਾਵ ਲੰਮਾ ਸਮਾਂ ਰਹਿਣ ਵਾਲੇ ਹੁੰਦੇ ਹਨ। ਹਰ ਵਾਰ ਜਦੋਂ ਸਮੁੱਚੇ ਭਾਈਚਾਰੇ ਨੂੰ ਨਸਲੀ ਸਫਾਏ ਅਤੇ ਕਤਲੇਆਮ ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਹਨ ਤਾਂ ਉਸ ਨੂੰ ਹਥਿਆਰ ਚੁੱਕਣ ਤੇ ਲੜਨ ਲਈ ਵਾਜਬ ਕਾਰਨ ਦਿੱਤਾ ਜਾਂਦਾ ਹੈ। ਜਿਹੜੇ ਇਹ ਜਹਿਰ ਉਗਲਦੇ ਹਨ, ਉਨ੍ਹਾਂ ਦਾ ਇਸ ਲਈ ਮਕਸਦ ਭਾਵੇਂ ਫੌਰੀ ਚੁਣਾਵੀ ਲਾਹਾ ਲੈਣਾ ਹੋ ਸਕਦਾ ਹੈ ਪਰ ਉਹ ਜਿਸ ਸਿਆਸਤ ਦੀ ਗੱਲ ਕਰਦੇ ਹਨ, ਉਹ ਬਹੁਤ ਪੁਰਾਣੀ ਹੈ, ਮੁਲਕ ਦੀ ਵੰਡ ਜਿੰਨੀ ਹੀ ਪੁਰਾਣੀ। ਹਿੰਦੂ ਕੱਟੜਵਾਦੀਆਂ ਦੇ ਇਹ ਨਫਰਤੀ ਭਾਸ਼ਣ ਮੁਲਕ ਨੂੰ ਇਕਮੁੱਠ ਨਾ ਰੱਖ ਸਕਣ ਦੇ ਮੁਆਫੀਨਾਮੇ ਵਜੋਂ ਹੁੰਦੇ ਹਨ ਅਤੇ ਇਸ ਸੰਬੰਧ ਵਿਚ ਗਾਂਧੀ ਹਮੇਸ਼ਾ ਆਸਾਨ ਖਲਨਾਇਕ ਬਣਦੇ ਹਨ।

ਯਕੀਨਨ, ਇਸ ਕਥਨ ਵਿਚਲਾ ਲਾਜਮੀ ਵਿਰੋਧਾਭਾਸ ਅਖੰਡ ਭਾਰਤ ਦੇ ਚਾਹਵਾਨ ਹਿੰਦੂਤਵੀਆਂ ਲਈ ਨਹੀਂ ਹੈ ਜਿਸ ਵਿਚ ਮੌਜੂਦਾ ਪਾਕਿਸਤਾਨ ਵੀ ਸ਼ਾਮਲ ਹੈ। ਜੇ ਹਿੰਦੂ ਅਤੇ ਮੁਸਲਿਮ ਦੋ ਵੱਖੋ-ਵੱਖਰੇ ਰਾਸ਼ਟਰ ਹਨ, ਜਿਵੇਂ ਸਾਵਰਕਰ ਤੇ ਜਿਨਾਹ ਨੇ ਆਪਣੇ ਅੰਗਰੇਜ ਆਕਾਵਾਂ ਦੇ ਫਾਇਦੇ ਲਈ ਦਾਅਵਾ ਕੀਤਾ ਸੀ, ਤਾਂ ਉਹ ਕਿਸੇ ਹਿੰਦੂ ਸਰਕਾਰ ਦੇ ਮਾਤਹਿਤ ਕਿਵੇਂ ਇਕਮੁੱਠ ਹੋ ਸਕਦੇ ਹਨ ? ਹੋ ਸਕਦਾ ਹੈ, ਗਾਂਧੀ ਨੇ ਪਿਆਰ ਅਤੇ ਪੁਰਅਮਨ ਸਹਿਹੋਂਦ ਦੀ ਮਿਸਾਲ ਰਾਹੀਂ ਮੁਲਕ ਦੀ ਵੰਡ ਨੂੰ ਉਲਟਾ ਤੱਕ ਦੇਣ ਦਾ ਸੁਪਨਾ ਦੇਖਿਆ ਹੋਵੇ ਅਤੇ ਹਕੀਕਤ ਵਿਚ ਜਦੋਂ ਉਨ੍ਹਾਂ ਦੀ ਹੱਤਿਆ ਹੋਈ ਤਾਂ ਉਹ ਪਾਕਿਸਤਾਨ ਦਾ ਦੌਰਾ ਕਰਨ ਦੀ ਯੋਜਨਾ ਬਣਾ ਰਹੇ ਸਨ। ਅਖੰਡ ਭਾਰਤ ਤਾਂ ਹੀ ਸਾਕਾਰ ਹੋ ਸਕਦਾ ਹੈ, ਜੇ ਦੋਵੇਂ ਭਾਈਚਾਰੇ ਇਕੱਠਿਆਂ ਖੁਸ਼ੀ ਖੁਸ਼ੀ ਤੇ ਪੁਰਅਮਨ ਢੰਗ ਨਾਲ ਰਹਿਣ ਪਰ ਇਹ ਅਜਿਹੀ ਹਾਲਤ ਹੈ ਜਿਹੜੀ ਜੰਮੂ ਕਸ਼ਮੀਰ ਵਿਚ ਵੀ ਨਹੀਂ ਬਣ ਸਕੀ। ਇਸ ਦੇ ਬਾਵਜੂਦ ਜੇ ਅੱਧ-ਪੜ੍ਹੇ, ਭਗਵਾਧਾਰੀ ਜਨਤਕ ਬੁਲਾਰੇ ਹਿੰਦੂ ਰਾਸ਼ਟਰ ਦੀ ਚਾਹਤ ਦਾ ਪ੍ਰਗਟਾਵਾ ਕਰਦੇ ਹਨ ਤਾਂ ਉਹ ਮਹਿਜ ਨਿੰਦਣਯੋਗ ਦੋ-ਰਾਸ਼ਟਰ ਸਿਧਾਂਤ ਨੂੰ ਹੀ ਇਸ ਗੱਲ ਦਾ ਅਹਿਸਾਸ ਕੀਤੇ ਬਿਨਾਂ ਦੁਹਰਾਉਂਦੇ ਹਨ ਕਿ ਸਾਡਾ ਸਮਾਜ ਨਾ ਤਾਂ ਇਸ ਨੂੰ ਝੱਲ ਸਕਦਾ ਹੈ ਤੇ ਨਾ ਹੀ ਉਹ ਇਕ ਹੋਰ ਵੰਡ ਸਹਿਣ ਜੋਗਾ ਹੈ।ਗਾਂਧੀ ਨੂੰ ਕਿਸੇ ਕੁਲ-ਦੇਵਤਾ ਵਾਂਗ ਲੈਣ ਦੀ ਜਰੂਰਤ ਤਾਂ ਨਹੀਂ ਹੈ ਪਰ ਉਹ ਜਿਸ ਸੋਚ ਦੀ ਪ੍ਰਤੀਨਿਧਤਾ ਕਰਦੇ ਹਨ, ਉਸ ਨੂੰ ਭਾਰਤ ਵਰਗੇ ਉੱਭਰਦੇ ਅਰਥਚਾਰੇ ਲਈ ਪਵਿੱਤਰ ਮੰਨਿਆ ਜਾਣਾ ਚਾਹੀਦਾ ਹੈ। ਆਲਮੀ ਮਹਾਮਾਰੀ ਕਾਰਨ ਲਾਏ ਲੌਕਡਾਊਨ ਨੇ ਸਾਡਾ ਲੱਕ ਤੋੜ ਕੇ ਰੱਖ ਦਿੱਤਾ ਹੈ ਤਾਂ ਇਸ ਸੂਰਤ ਵਿਚ ਖਾਨਾਜੰਗੀ ਸਾਨੂੰ ਕਿਸ ਹਾਲਤ ਤੱਕ ਲੈ ਜਾਵੇਗੀ, ਇਹ ਕਲਪਨਾ ਹੀ ਕੀਤੀ ਜਾ ਸਕਦੀ ਹੈ। ਖੈਰ, ਇਸ ਗੱਲ ਤੇ ਬਹਿਸ ਹੋ ਸਕਦੀ ਹੈ ਕਿ ਕੁਝ ਕੁ ਫੈਂਸੀ ਪਹਿਰਾਵੇ ਵਾਲੇ ਅਨਪੜ੍ਹ ਮੁਲਕ ਵਿਚ ਖਾਨਾਜੰਗੀ ਭੜਕਾ ਸਕਦੇ ਹਨ ? ਕੀ ਇਹ ਮਹਿਜ ਚੋਣ ਵਾਅਦਿਆਂ ਤੱਕ ਹੀ ਨਹੀਂ ਹੋਵੇਗਾ ਜਿਸ ਨੂੰ ਵੋਟਾਂ ਦੀ ਗਿਣਤੀ ਤੋਂ ਬਾਅਦ ਭੁਲਾ ਦਿੱਤਾ ਜਾਣਾ ਹੋਵੇ ? ਨਹੀਂ। ਨਫਰਤ ਦੇ ਇਨ੍ਹਾਂ ਸੌਦਾਗਰਾਂ ਨੇ ਜਿਹੜੇ ਸਮਾਜਿਕ-ਸੱਭਿਆਚਾਰਕ ਜਖਮ ਦਿੱਤੇ ਹਨ, ਉਹ ਭਰਨ ਵਾਲੇ ਨਹੀਂ ਹਨ। ਜੇ ਬਸਤੀਵਾਦੀ ਹਾਕਮਾਂ ਲਈ ਜਿਨਾਹ ਨੂੰ ਹੁਲਾਰਾ ਦੇਣਾ ਅਤੇ 75 ਵਰ੍ਹੇ ਪਹਿਲਾਂ ਪਾਕਿਸਤਾਨ ਬਣਾਉਣਾ ਇੰਨਾ ਆਸਾਨ ਸੀ ਤਾਂ ਹੁਣ ਵੀ ਸਾਡੇ ਸ਼ਹਿਰਾਂ ਤੇ ਪਿੰਡਾਂ ਵਿਚ ਵੱਖ ਵੱਖ ਭਾਈਚਾਰਿਆਂ ਦਰਮਿਆਨ ਖੂਨ ਭਿੱਜੀਆਂ ਕੰਧਾਂ ਖੜ੍ਹੀਆਂ ਕਰਨਾ ਕੋਈ ਔਖਾ ਨਹੀਂ ਹੋਵੇਗਾ। ਆਖਰਕਾਰ, ਭਾਰਤੀ ਸਿਆਸੀ ਕੱਟੜਪੰਥ ਉਸ ਥਾਂ ਤੋਂ ਅਜੇ ਤੱਕ ਇਕ ਇੰਚ ਵੀ ਅਗਾਂਹ ਨਹੀਂ ਵਧਿਆ ਜਿਥੇ ਖੜ੍ਹਾ ਰਹਿਣ ਲਈ ਇਸ ਨੂੰ ਅੰਗਰੇਜ ਹਕੂਮਤ ਨੇ ਉਸਾਰਿਆ ਸੀ।

ਦੂਜੇ ਪਾਸੇ ਉਦਾਰ ਭਾਰਤੀਆਂ ਵੱਲੋਂ ਲਗਾਤਾਰ ਆਪਣੀਆਂ ਸੱਭਿਆਚਾਰਕ ਜੜ੍ਹਾਂ ਛੱਡਦੇ ਜਾਣ ਅਤੇ ਕੌਮੀ ਫੈਂਸੀ ਡਰੈੱਸ ਮੁਕਾਬਲੇ ਨੂੰ ਵੱਧ ਤੋਂ ਵੱਧ ਥਾਂ ਦਿੰਦੇ ਜਾਣ ਕਾਰਨ ਹਾਲਾਤ ਬਦ ਤੋਂ ਬਦਤਰ ਹੋ ਰਹੇ ਹਨ। ਬਸਤੀਵਾਦੀ ਪ੍ਰਤਿਭਾ ਉਤੇ ਕੋਈ ਹੈਰਾਨ ਹੀ ਹੋ ਸਕਦਾ ਹੈ ਕਿ ਇਸ ਦੇ ਸਹਿਯੋਗੀ ਹਾਲੇ ਵੀ ਜਿਨਾਹ, ਸਾਵਰਕਰ, ਅੰਬੇਡਕਰ ਦੇ ਨਜਰੀਏ ਤੋਂ ਭਾਰਤੀ ਬਿਰਤਾਂਤ ਨੂੰ ਕੰਟਰੋਲ ਕਰ ਸਕਦੇ ਹਨ, ਇਥੋਂ ਤੱਕ ਕਿ ਲੰਗੋਟੀ ਪਹਿਨਣ ਵਾਲੇ ਇਕੱਲੇ ਸਖਸ ਖਿਲਾਫ ਅਸੱਭਿਅਕ ਰਾਜਸ਼ਾਹੀਆਂ ਨੂੰ ਵੀ। ਭਾਰਤੀ ਰਵਾਇਤਾਂ ਮੁਤਾਬਕ ਨਾਜਾਇਜ ਬੱਚਾ ਜਾਂ ਹਰਾਮੀ ਹੋਣਾ ਕੋਈ ਵੱਡੀ ਗੱਲ ਨਹੀਂ ਹੈ ਜਿਵੇਂ ਮਹਾਭਾਰਤ ਦੇ ਮਹਾਨ ਕਿਰਦਾਰ ਕਰਨ ਨੇ ਦਿਖਾਇਆ ਹੈ; ਪਰ ਕਿਸੇ ਪਿਉ ਨੂੰ ਉਸ ਦੇ ਬੱਚਿਆਂ ਵੱਲੋਂ ਤਿਆਗ ਦਿੱਤਾ ਜਾਣਾ ਭਾਰੀ ਬਦਨਾਮੀ ਵਾਲੀ ਗੱਲ ਹੁੰਦੀ ਹੈ; ਕਿਉਂਕਿ ਉਹ ਪੁੱਤ ਹੀ ਹੈ ਜੋ ਪਿਤਾ ਨੂੰ ਨਰਕ ਤੋਂ ਛੁਟਕਾਰਾ ਦਿਵਾਉਂਦਾ ਹੈ (ਪੁਤ ਨਮਾ ਨਰਕਾਤ ਤਰਾਯਤੇ ਇਤੀ ਪੁਤਰਾ)। ਆਉ ਅਸੀਂ ਸਾਲ 2022 ਦੌਰਾਨ ਆਪਣੇ ਰਾਸ਼ਟਰ ਪਿਤਾ ਦੀ ਮੁਕਤੀ ਦੀ ਕਾਮਨਾ ਕਰੀਏ। ਨਵਾਂ ਸਾਲ ਮੁਬਾਰਕ !

ਰਾਜੇਸ਼ ਰਾਮਚੰਦਰਨ

## ਚੰਡੀਗੜ੍ਹ ਦੇ ਜੰਗਲਾਤ ਏਰੀਏ 'ਚ ਨਗਨ ਹਾਲਤ 'ਚ ਮਿਲੀ ਔਰਤ ਦੀ ਲਾਸ਼, ਜਬਰ ਜਨਾਹ ਤੋਂ ਬਾਅਦ ਹੱਤਿਆ ਦਾ ਖ਼ਦਸ਼ਾ

ਚੰਡੀਗੜ੍ਹ , (ਪੱਤਰ ਪ੍ਰੇਰਕ)- ਮੰਗਲਵਾਰ ਸ਼ਾਮ ਨੂੰ ਲਾਪਤਾ ਹੋਈ ਔਰਤ ਦੀ ਮਲੋਇਆ ਸਥਿਤ ਘਰ ਤੋਂ ਕੁਝ ਦੂਰੀ 'ਤੇ ਬੁੱਧਵਾਰ ਸਵੇਰੇ ਨਗਨ ਹਾਲਤ ਵਿਚ ਲਾਸ਼ ਬਰਾਮਦ ਹੋਈ। ਔਰਤ ਦੇ ਮੂੰਹ 'ਚ ਮੋਜੇ ਤੁੰਨੇ ਹੋਏ ਸਨ। ਇਸ ਦੀ ਸੂਚਨਾ ਮਿਲਦਿਆਂ ਹੀ ਪੁਲਿਸ ਨੇ ਔਰਤ ਦੀ ਲਾਸ਼ ਨੂੰ ਜੀਐੱਮਐੱਸਐੱਚ-16 'ਚ ਪਹੁੰਚਾਇਆ। ਪੁਲਿਸ ਨੇ ਮੁੱਢਲੀ ਜਾਂਚ ਦੇ ਆਧਾਰ 'ਤੇ ਜਬਰ ਜਨਾਹ ਤੋਂ ਬਾਅਦ ਹੱਤਿਆ ਦਾ ਖ਼ਦਸ਼ਾ ਪ੍ਰਗਟਾਇਆ ਹੈ। ਮਲੋਇਆ ਥਾਣਾ ਪੁਲਿਸ ਨੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਹੱਤਿਆ ਦੀ ਧਾਰਾ ਤਹਿਤ ਕੇਸ ਦਰਜ ਕਰਕੇ ਦੇਰ ਰਾਤ ਤਕ ਤਲਾਸ਼ ਵਿਚ ਲੱਗੀ ਸੀ। ਉਥੇ ਪੁਲਿਸ ਪੋਸਟਮਾਰਟਮ ਹੋਣ ਤੋਂ ਬਾਅਦ ਰਿਪੋਰਟ ਵਿਚ ਜਬਰ ਜਨਾਹ ਦੀ ਪੁਸ਼ਟੀ ਕਰਨ ਦਾ ਹਵਾਲਾ ਦੇ ਰਹੀ ਹੈ। ਮ੍ਰਿਤਕਾ ਦੇ ਪਤੀ ਨੇ ਦੱਸਿਆ ਕਿ ਉਹ ਮਲੋਇਆ 'ਚ ਪਰਿਵਾਰ ਸਮੇਤ ਰਹਿੰਦੇ ਹਨ। ਉਸ ਦੀਆਂ ਦੋ ਧੀਆਂ ਅਤੇ ਇਕ ਪੁੱਤਰ ਹੈ। ਮੰਗਲਵਾਰ ਸ਼ਾਮ ਨੂੰ ਪਤਨੀ ਨਾਲ ਖਰੀਦਦਾਰੀ ਕਰਨ ਗਿਆ ਸੀ। ਉਸ ਨੂੰ ਮਲੋਇਆ ਬੱਸ ਅੱਡੇ 'ਤੇ ਆਪਣੇ ਆਟੋ 'ਚ ਛੱਡਣ ਤੋਂ ਬਾਅਦ ਅੱਗੇ ਚਲਾ ਗਿਆ। ਪਤਨੀ ਦੇ ਦੇਰ ਸ਼ਾਮ ਤਕ ਘਰ ਵਾਪਸ ਨਾ ਆਉਣ 'ਤੇ ਉਸ ਨੂੰ ਲੱਭਣਾ ਸ਼ੁਰੂ ਕੀਤਾ। ਇਸ ਦੀ ਸੂਚਨਾ ਵੀ ਮਲੋਇਆ ਥਾਣਾ ਪੁਲਿਸ ਨੂੰ ਦਿੱਤੀ ਗਈ। ਹਾਲਾਂਕਿ ਸਵੇਰੇ ਲਗਪਗ 9.30 ਵਜੇ ਉਸ ਦੀ ਪਤਨੀ ਦੀ ਲਾਸ਼ ਮਿਲਣ ਦੀ ਸੂਚਨਾ ਮਿਲੀ। ਉਸ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੁਲਿਸ 'ਤੇ ਥਾਣੇ ਅੰਦਰ ਪੁੱਛਗਿੱਛ ਦੌਰਾਨ ਉਸ ਨੂੰ ਥੱਪਡ ਮਾਰੇ ਜਾਣ ਦੇ ਦੋਸ਼ ਵੀ ਲਗਾਏ। ਹਾਲਾਂਕਿ ਪੁਲਿਸ ਉਸ ਨੇ ਉਸ ਦੇ ਦੋਸ਼ਾਂ ਨੂੰ ਗਲਤ ਕਰਾਰ ਦੇ ਕੇ ਸਿਰਫ ਪੁੱਛਗਿੱਛ ਕਰਕੇ ਬਿਆਨ ਦਰਜ ਕਰਨ ਦਾ ਹਵਾਲਾ ਦੇ ਰਹੀ ਹੈ।

# ਲੋਕ ਨਹੀਂ ਪਾਰਟੀ ਵਿਧਾਇਕ ਤੈਅ ਕਰਨਗੇ ਮੁੱਖ ਮੰਤਰੀ : ਗ੍ਰਹਿ ਮੰਤਰੀ ਰੰਧਾਵਾ



ਚੰਡੀਗੜ੍ਹ , (ਪੱਤਰ ਪ੍ਰੇਰਕ)-ਸੂਬੇ ਦੇ ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾਂ ਨੇ ਨਵਜੋਤ ਸਿੱਧੂ ਦੇ ਪੰਜਾਬ ਮਾਡਲ ਦੀ ਫੂਕ ਕੱਢਦੇ ਹੋਏ ਕਿਹਾ ਕਿ ਵਿਧਾਨ ਸਭਾ ਚੋਣਾਂ ਕਾਂਗਰਸੀ ਮਾਡਲ ਤਹਿਤ ਲੜ੍ਹੀਆਂ ਜਾਣਗੀਆਂ। ਜੇਕਰ ਕਿਸੇ ਵਿਅਕਤੀ ਦਾ ਨਿੱਜੀ ਏਜੰਡਾ ਹੈ ਤਾਂ ਉਹ ਆਪਣਾ ਏਜੰਡਾ ਜਾਂ ਸੁਝਾਅ ਪਾਰਟੀ ਦੀ ਚੋਣ ਮੈਨੀਫੈਸਟੋ ਕਮੇਟੀ ਨੂੰ ਸੌਂਪ ਸਕਦਾ ਹੈ। ਰੰਧਾਵਾਂ ਨੇ ਇਹ ਵੀ ਕਿਹਾ ਕਿ ਸੂਬੇ ਦਾ ਮੁੱਖ ਮੰਤਰੀ ਲੋਕ ਨਹੀਂ ਵਿਧਾਇਕ ਚੁਣਨਗੇ ਕਿਉਂਕਿ ਸਿੱਧੂ ਖੁਦ ਕਹਿੰਦਾ ਆ ਰਿਹਾ ਕਿ ਵਿਧਾਇਕ ਆਪਣੇ ਹਲਕੇ ਦੇ ਦੋ ਲੱਖ ਲੋਕਾਂ ਦੀ ਨੁਮਾਇੰਦਗੀ ਕਰਦਾ ਹੈ। ਚੇਤੇ ਰਹੇ ਕਿ ਬੀਤੇ ਕੱਲ੍ਹ ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਨੇ ਪੰਜਾਬ ਮਾਡਲ ਦਾ ਖਾਕਾ ਪੇਸ਼ ਕਰਦਿਆਂ ਸੂਬੇ ਦਾ ਮੁੱਖ ਮੰਤਰੀ ਲੋਕਾਂ ਦੁਆਰਾ ਚੁਣੇ ਜਾਣ ਦੀ ਗੱਲ ਕਹੀ ਸੀ।

ਰੰਧਾਵਾਂ ਨੇ ਵਰਚੂਅਲ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆ ਕਿਹਾ ਕਿ ਗੁਟਕਾ ਸਾਹਿਬ ਦੀ ਸਹੁੰ ਖਾਣ ਵਾਲੇ ਬਾਕੀਆਂ 'ਚ ਉਹ ਵੀ ਦੋਸ਼ੀ ਹਨ, ਕਿਉਂਕਿ ਉਸ ਸਮੇਂ ਉਹ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਾਲ ਸਨ, ਤੇ ਬੋਲੇ ਸੋ ਨਿਹਾਲ ਦਾ ਜੈਕਾਰੇ ਵੀ ਲਗਾਏ ਸਨ। ਰੰਧਾਵਾਂ ਨੇ ਬਿਕਰਮ ਮਜੀਠੀਆ ਦੀ ਦੇਖ ਲੈਣ ਦੀ ਧਮਕੀ ਦਾ ਜਵਾਬ ਦਿੰਦਿਆਂ ਕਿਹਾ ਕਿ ਉਹ ਡਰਨ ਵਾਲੇ ਨਹੀਂ ਹਨ, ਕਿਉਂਕਿ ਉਨ੍ਹਾਂ ਦੀਆਂ ਰਗਾਂ ਵਿਚ ਗੱਦਾਰਾਂ ਵਾਲਾ ਨਹੀਂ ਦੇਸ਼ ਭਗਤਾਂ ਵਾਲਾ ਖੂਨ ਦੌੜ ਰਿਹਾ ਹੈ। ਉਨ੍ਹਾਂ ਕਿਹਾ ਕਿ ਮਜੀਠੀਆ ਨੂੰ ਅਦਾਲਤ ਤੋਂ ਪੇਸ਼ਗੀ ਜਮਾਨਤ ਮਿਲੀ ਹੈ, ਇਸ ਵਿਚ ਉਨ੍ਹਾਂ ਕੋਈ ਵੱਡਾ ਮਾਅਰਕਾ ਨਹੀਂ ਮਾਰਿਆ, ਜ਼ਮਾਨਤ ਤਾਂ ਗੈਂਗਸਟਰਾਂ, ਬਦਮਾਸ਼ਾਂ ਜਾਂ ਹੋਰਨਾਂ ਨੂੰ ਵੀ ਮਿਲ ਜਾਂਦੀ ਹੈ ਪਰ ਡਰੱਗ ਦੀ ਲੱਗੀ ਤੋਹਮਤ ਖ਼ਤਮ ਹੋਣ ਵਾਲੀ ਨਹੀਂ ਹੈ। ਮਜੀਠੀਆ ਵੱਲੋਂ ਰੂਪੋਸ਼ ਹੋਣ ਦਾ ਮੁੱਖ ਮੰਤਰੀ ਤੇ ਗ੍ਰਹਿ ਮੰਤਰੀ ਨੂੰ ਪਤਾ ਹੋਣ ਦੇ ਲਾਏ ਦੋਸ਼ਾਂ ਦਾ ਜਵਾਬ ਦਿੰਦਿਆਂ ਰੰਧਾਵਾਂ ਨੇ ਕਿਹਾ ਕਿ ਅਕਾਲੀ ਦਲ ਤੇ ਭਾਜਪਾ ਦੇ ਨਹੁੰ ਮਾਸ ਦਾ ਰਿਸ਼ਤਾ ਸਾਫ਼ ਹੋ ਗਿਆ ਹੈ। ਮਜੀਠੀਆ ਨੂੰ ਭਾਜਪਾ ਨੇ ਪਨਾਹ ਦਿੱਤੀ ਹੋਈ ਸੀ ਤਾਂ ਹੀ ਉਹ ਹਰਿਆਣਾ ਰਾਹੀਂ ਨਾਢਾ ਸਾਹਿਬ ਗਏ ਹਨ।

ਗਿਆਰਾਂ ਪੁਲਿਸ ਅਧਿਕਾਰੀਆਂ ਨੂੰ ਫਰਜ਼ੀ ਦਸਤਖ਼ਤਾਂ ਰਾਹੀਂ ਤਰੱਕੀ ਦੇਣ ਦੇ ਮਾਮਲੇ ਵਿਚ ਰੰਧਾਵਾ ਨੇ ਕਿਹਾ ਕਿ ਡੀਜੀਪੀ ਵੱਲੋਂ ਮਾਮਲਾ ਧਿਆਨ ਵਿਚ ਲਿਆਉਣ ਤੋਂ ਬਾਅਦ ਸ਼ਿਕਾਇਤ ਦਰਜ ਕਰਵਾ ਦਿੱਤੀ ਗਈ ਹੈ। ਇਸੇ ਤਰ੍ਹਾਂ ਡੀ.ਐੱਸ.ਪੀ ਦੀਆਂ ਬਦਲੀਆਂ ਸਰਕਾਰ ਨਹੀਂ ਵਿਭਾਗ ਪੱਧਰ 'ਤੇ ਹੁੰਦੀਆਂ ਹਨ।

ਪ੍ਰਧਾਨ ਮੰਤਰੀ ਦੀ ਸੁਰੱਖਿਆ ਵਿਚ ਕੁਤਾਹੀ ਦੇ ਲੱਗ ਰਹੇ ਦੋਸ਼ਾਂ ਦੇ ਜਵਾਬ ਵਿਚ ਕਿਹਾ ਕਿ ਪ੍ਰਧਾਨ ਮੰਤਰੀ ਦੇ ਰੂਟ ਦਾ ਫੈਸਲਾ ਐੱਸਪੀਜੀ ਤੈਅ ਕਰਦੀ ਅਤੇ ਪ੍ਰਧਾਨ ਮੰਤਰੀ ਦੀ ਗੱਡੀ ਦੇ ਨੇੜੇ ਕਿਸਾਨ ਨਹੀਂ ਭਾਜਪਾ ਦੇ ਵਰਕਰ ਜ਼ਿੰਦਾਬਾਦ ਦੇ ਨਾਅਰੇ ਲਾ ਰਹੇ ਸਨ।

ਪੰਜਾਬ ਦਾ ਹੈਲਥ ਸਿਸਟਮ ਦਿੱਲੀ ਤੋਂ ਬਿਹਤਰ : ਰੰਧਾਵਾਂ ਨੇ ਆਪ ਮੁਖੀ ਅਰਵਿੰਦ ਕੇਜਰੀਵਾਲ 'ਤੇ ਹਮਲਾ ਕਰਦਿਆਂ ਕਿਹਾ ਕਿ ਲੋਕਾਂ ਤੇ ਪੱਤਰਕਾਰਾਂ ਨੂੰ ਆਪਣੇ ਨਾਲ ਲਿਜਾ ਕੇ ਦਿੱਲੀ ਮਾਡਲ ਦਿਖਾਉਣ ਦੀ ਗੱਲ ਕਹੀ। ਦਿੱਲੀ 'ਚ ਸ਼ਰਾਬ ਦੇ ਸਰਕਾਰੀ ਠੇਕੇ ਸਨ ਅਤੇ ਉਹ ਲੋਕਾਂ ਨੂੰ ਦੱਸਣ ਕਿਉਂ ਮਿਲੀਭੁਗਤ ਨਾਲ ਪ੍ਰਾਈਵੇਟ ਹੱਥਾਂ ਵਿਚ ਸੌਂਪੇ। ਉਨ੍ਹਾਂ ਕਿਹਾ ਕਿ ਪੰਜਾਬ ਦਾ ਹੈਲਥ ਸਿਸਟਮ ਦਿੱਲੀ ਨਾਲ ਬਿਹਤਰ ਹੈ, ਦਿੱਲੀ ਸਰਕਾਰ ਨੇ ਤਾਂ ਆਪਣਾ ਇਕ ਵਿਧਾਇਕ ਵੀ ਕੋਰੋਨਾ 'ਚ ਗੁਆ ਲਿਆ ਸੀ।

## ਬਿਨਾਂ ਮਾਸਕ ਫੜੇ ਜਾਣ 'ਤੇ ਲੱਗੇਗਾ ਇਕ ਹਜ਼ਾਰ ਦਾ ਜੁਰਮਾਨਾ

ਐੱਸਏਐੱਸ ਨਗਰ , (ਪੱਤਰ ਪ੍ਰੇਰਕ)- ਮੋਹਾਲੀ 'ਚ ਬਿਨਾਂ ਮਾਸਕ ਫੜੇ ਜਾਣ 'ਤੇ ਇਕ ਹਜ਼ਾਰ ਰੁਪਏ ਜੁਰਮਾਨਾ ਭਰਨਾ ਪਵੇਗਾ। ਕੋਵਿਡ ਨਿਯਮਾਂ ਨੂੰ ਲੈ ਕੇ ਪ੍ਰਸ਼ਾਸਨ ਸਖ਼ਤ ਹੋ ਗਿਆ ਹੈ। ਨਿਗਮ ਵੱਲੋਂ ਕੋਵਿਡ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਫੜਨ ਲਈ ਸ਼ਹਿਰ ਨੂੰ ਦੋ ਹਿੱਸਿਆਂ 'ਚ ਵੰਡਿਆ ਗਿਆ ਹੈ। ਨਿਯਮਾਂ ਦੀ ਉਲੰਘਣਾ ਲਈ ਚਾਰ ਟੀਮਾਂ ਬਣਾਈਆਂ ਗਈਆਂ ਹਨ। ਚੇਤੇ ਰਹੇ ਕਿ ਇਸ ਸਮੇਂ ਮੋਹਾਲੀ 'ਚ 3000 ਤੋਂ ਵੱਧ ਕੇਸ ਐਕਟਿਵ ਹਨ। ਹਾਲਾਂਕਿ ਸਿਹਤ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਜ਼ਿਆਦਾਤਰ ਐਕਟਿਵ ਕੇਸਾਂ ਦਾ ਇਲਾਜ ਘਰਾਂ 'ਚ ਹੀ ਹੋ ਰਿਹਾ ਹੈ। ਮੋਹਾਲੀ 'ਚ ਕੋਵਿਡ ਸਕਾਰਾਤਮਕ ਦਰ 25 ਫ਼ੀਸਦੀ ਦੇ ਕਰੀਬ ਹੈ। ਹਰ ਰੋਜ਼ 700 ਦੇ ਕਰੀਬ ਕੇਸ ਆ ਰਹੇ ਹਨ। ਸਿਵਲ ਸਰਜਨ ਡਾ. ਆਦਰਸ਼ਪਾਲ ਕੌਰ ਨੇ ਦੱਸਿਆ ਕਿ ਸਾਰੀ ਸਥਿਤੀ 'ਤੇ ਨਜ਼ਰ ਰੱਖੀ ਜਾ ਰਹੀ ਹੈ। ਦੂਜੇ ਪਾਸੇ ਜ਼ਿਲ੍ਹੇ ਦੇ ਤਿੰਨ ਵਿਧਾਨ ਸਭਾ ਹਲਕਿਆਂ 'ਚ ਹੋਣ ਵਾਲੀਆਂ ਚੋਣਾਂ ਦੌਰਾਨ ਸਿਆਸੀ ਪਾਰਟੀਆਂ ਨੂੰ ਕੋਵਿਡ ਦਿਸ਼ਾ-ਨਿਰਦੇਸ਼ਾਂ ਦੀ ਸਖ਼ਤੀ ਨਾਲ ਪਾਲਣਾ ਕਰਨੀ ਪਵੇਗੀ। ਇਸ 'ਤੇ ਨਜ਼ਰ ਰੱਖਣ ਲਈ ਸੈਕਟਰ ਹੈਲਥ ਰੈਗੂਲੇਟਰ ਤਾਇਨਾਤ ਕੀਤੇ ਗਏ ਹਨ, ਜੋ ਕੋਵਿਡ ਪ੍ਰੋਕਾਲ ਦੀ ਸਖ਼ਤੀ ਨਾਲ ਪਾਲਣਾ ਨੂੰ ਯਕੀਨੀ ਬਣਾਉਣਗੇ। ਐੱਸਡੀਐੱਮ ਹਰਬੰਸ ਸਿੰਘ ਨੇ ਰਾਜਸੀ ਆਗੂਆਂ ਅਤੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਕੋਰੋਨਾ ਦਾ ਟੀਕਾਕਰਨ ਜ਼ਰੂਰ ਕਰਵਾਉਣ ਤਾਂ ਜੋ ਕੋਰੋਨਾ ਮਹਾਮਾਰੀ ਨੂੰ ਹਰਾਇਆ ਜਾ ਸਕੇ। ਹਰਬੰਸ ਸਿੰਘ ਨੇ ਦੱਸਿਆ ਕਿ ਕੋਵਿਡ ਮਹਾਮਾਰੀ ਦੇ ਪ੍ਰਕੋਪ ਦੇ ਮੱਦੇਨਜ਼ਰ ਸਾਰੇ ਢੁਕਵੇਂ ਪ੍ਰਬੰਧ ਕੀਤੇ ਜਾ ਰਹੇ ਹਨ। ਸਾਰੀਆਂ ਸਿਆਸੀ ਪਾਰਟੀਆਂ ਨੂੰ ਕੋਵਿਡ ਪ੍ਰੋਕੋਲ ਦੀ ਪਾਲਣਾ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਚੇਤੇ ਰਹੇ ਕਿ 15 ਜਨਵਰੀ ਤਕ ਸਿਆਸੀ ਪਾਰਟੀਆਂ ਕਿਸੇ ਵੀ ਤਰ੍ਹਾਂ ਦੀਆਂ ਰੈਲੀਆਂ 'ਤੇ ਪਾਬੰਦੀ ਹੈ। ਜੇਕਰ ਕੋਵਿਡ ਦੇ ਮਾਮਲੇ ਇਸੇ ਤਰ੍ਹਾਂ ਵਧਦੇ ਰਹੇ ਤਾਂ ਆਉਣ ਵਾਲੇ ਦਿਨਾਂ 'ਚ ਪਾਬੰਦੀਆਂ ਵਧ ਸਕਦੀਆਂ ਹਨ।

## 'ਆਪ' ਦੇ ਸੰਸਥਾਪਕ ਮੈਂਬਰ ਕੋਹਲੀ ਦਾ ਪਰਿਵਾਰ ਅਕਾਲੀ ਦਲ 'ਚ ਸ਼ਾਮਲ



ਡੇਰਾਬੱਸੀ , (ਪੱਤਰ ਪ੍ਰੇਰਕ)- ਹਲਕਾ ਡੇਰਾਬੱਸੀ 'ਚ ਸ਼੍ਰੋਮਣੀ ਅਕਾਲੀ ਦਲ ਬਸਪਾ ਨੂੰ ਉਸ ਸਮੇਂ ਵੱਡਾ ਹੁਲਾਰਾ ਮਿਲਿਆ ਜਦੋਂ ਆਮ ਆਦਮੀ ਪਾਰਟੀ ਦੇ ਸੰਸਥਾਪਕ ਮੈਂਬਰ ਤੇਜਿੰਦਰ ਸਿੰਘ ਕੋਹਲੀ ਦੇ ਪਰਿਵਾਰਕ ਮੈਂਬਰ ਅਕਾਲੀ ਦਲ 'ਚ ਸ਼ਾਮਲ ਹੋ ਗਏ। ਇਸ ਮੌਕੇ ਵਿਧਾਇਕ ਐੱਨਕੇ ਸ਼ਰਮਾ ਨੇ ਆਪਣੇ ਪਰਿਵਾਰਕ ਮੈਂਬਰਾਂ ਨਵਪ੍ਰੀਤ ਕੌਰ ਕੋਹਲੀ, ਤੇਜਿੰਦਰ ਸਿੰਘ ਕੋਹਲੀ ਅਤੇ ਅਭਿਜੀਤ ਕੋਹਲੀ ਦਾ ਅਕਾਲੀ ਦਲ 'ਚ ਸਵਾਗਤ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਪਾਰਟੀ 'ਚ ਪੂਰਾ ਮਾਣ ਸਤਿਕਾਰ ਦਿੱਤਾ ਜਾਵੇਗਾ। ਜ਼ਿਕਰਯੋਗ ਹੈ ਕਿ ਕੋਹਲੀ ਪਰਿਵਾਰ 1984 ਦਾ ਦੰਗਾ ਪੀੜਤ ਪਰਿਵਾਰ ਹੈ ਜਿਸ ਦੇ ਪਰਿਵਾਰਕ ਮੈਂਬਰਾਂ ਨੂੰ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਕਤਲ ਕਰ ਦਿੱਤਾ ਗਿਆ ਅਤੇ ਕਾਂਗਰਸ ਪਾਰਟੀ ਅੱਜ ਤਕ ਇਨਸਾਫ਼ ਨਹੀਂ ਲੈ ਸਕੀ। ਉਨ੍ਹਾਂ ਕਿਹਾ ਕਿ 1984 'ਚ ਦਿੱਲੀ 'ਚ ਵਾਪਰਿਆ ਸਿੱਖ ਕਤਲੇਆਮ ਇਤਿਹਾਸ ਦੀ ਇਕ ਅਜਿਹੀ ਦੁਖਦਾਈ ਘਟਨਾ ਹੈ ਜਿਸ ਨੂੰ ਸਿੱਖ ਕੌਮ ਕਦੇ ਵੀ ਭੁਲਾ ਨਹੀਂ ਸਕਦੀ ਪਰ ਇਸ ਸਭ ਦੇ ਬਾਵਜੂਦ ਅੱਜ ਤਕ ਇੱਕ ਵੀ ਵਿਅਕਤੀ ਨੂੰ ਸਜ਼ਾ ਨਹੀਂ ਦਿੱਤੀ ਗਈ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਹਮੇਸ਼ਾ ਹੀ ਪਾੜੋ ਤੇ ਰਾਜ ਕਰੋ ਦੀ ਨੀਤੀ ਨਾਲ ਭਾਈਚਾਰਕ ਸਾਂਝ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਹੈ।

## ਪੰਜਾਬ 'ਚ ਗਣਤੰਤਰ ਦਿਵਸ ਸਮਾਗਮ ਦੀਆਂ ਤਿਆਰੀਆਂ ਸ਼ੁਰੂ, ਜਾਣੋ ਕਿਹੜਾ ਮੰਤਰੀ ਕਿਸ ਜ਼ਿਲ੍ਹੇ 'ਚ ਲਹਿਰਾਵੇਗਾ ਤਿਰੰਗਾ

ਲੁਧਿਆਣਾ , (ਪੱਤਰ ਪ੍ਰੇਰਕ)- 26 ਜਨਵਰੀ ਨੂੰ ਹੋਣ ਵਾਲੇ ਗਣਤੰਤਰ ਦਿਵਸ ਸਮਾਗਮ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਲੁਧਿਆਣਾ ਮਹਾਨਗਰ 'ਚ ਇਸ ਵਾਰ ਗਣਤੰਤਰ ਦਿਵਸ ਸਮਾਗਮ ਮੌਕੇ ਬਤੌਰ ਮੁੱਖ ਮਹਿਮਾਨ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਪਹੁੰਚ ਰਹੇ ਹਨ। ਉੱਥੇ ਹੀ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਜਲੰਧਰ ਅਤੇ ਸਪੀਕਰ ਵਿਧਾਨ ਸਭਾ ਰਾਣਾ ਕੇ. ਪੀ. ਸਿੰਘ ਸ਼ਹੀਦ ਭਗਤ ਸਿੰਘ ਨਗਰ 'ਚ ਇਸ ਵਾਰ ਕੌਮੀ ਝੰਡਾ ਚੜ੍ਹਾਉਣਗੇ। ਪੰਜਾਬ ਵਿਚ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ ਕਾਰਨ ਲਾਗੂ ਹੋ ਚੁੱਕੇ ਚੋਣ ਜਾਬਤੇ ਅਤੇ ਕੋਰੋਨਾ ਮਹਾਮਾਰੀ ਦੇ ਮੱਦੇਨਜ਼ਰ ਇਸ ਵਾਰ ਗਣਤੰਤਰ ਦਿਵਸ ਸਮਾਗਮ ਨੂੰ ਮੁੱਖ ਤੌਰ 'ਤੇ ਸਾਦੇ ਰੂਪ ਵਿਚ ਮਨਾਉਣ ਦਾ ਪਹਿਲਾਂ ਹੀ ਫੈਸਲਾ ਕੀਤਾ ਜਾ ਚੁੱਕਾ ਹੈ। ਇਸ ਦੌਰਾਨ ਹਮੇਸ਼ਾ ਵਾਂਗ ਹੋਣ ਵਾਲੇ ਸੱਭਿਆਚਾਰਕ ਪ੍ਰੋਗਰਾਮ ਨਹੀਂ ਹੋਣਗੇ। ਵਿਭਾਗ ਵੱਲੋਂ ਜਾਰੀ ਲਿਸਟ ਮੁਤਾਬਕ ਡਿਪਟੀ ਸਪੀਕਰ ਅਜਾਇਬ ਸਿੰਘ ਭੱਟੀ ਫਾਜ਼ਿਲਕਾ, ਉਪ ਮੁੱਖ ਮੰਤਰੀ ਸੁਖਜਿੰਦਰ ਰੰਧਾਵਾ ਅੰਮ੍ਰਿਤਸਰ, ਓਮ ਪ੍ਰਕਾਸ਼ ਸੋਨੀ ਬਠਿੰਡਾ, ਬ੍ਰਹਮ ਮਹਿੰਦਰਾ ਫਤਿਹਗੜ੍ਹ ਸਾਹਿਬ, ਮਨਪ੍ਰੀਤ ਸਿੰਘ ਬਾਦਲ ਪਟਿਆਲਾ 'ਚ ਕੌਮੀ ਝੰਡਾ ਚੜ੍ਹਾਉਣਗੇ।ਇਸ ਤੋਂ ਇਲਾਵਾ ਤ੍ਰਿਪਤ ਰਜਿੰਦਰ ਬਾਜਵਾ ਪਠਾਨਕੋਟ, ਅਰੁਣਾ ਚੌਧਰੀ ਹੁਸ਼ਿਆਰਪੁਰ, ਸੁਖਬਿੰਦਰ ਸਰਕਾਰੀਆ ਤਰਨਤਾਰਨ, ਰਾਣਾ ਗੁਰਜੀਤ ਸਿੰਘ ਗੁਰਦਾਸਪੁਰ, ਰਜ਼ੀਆ ਸੁਲਤਾਨਾ ਸੰਗਰੂਰ, ਵਿਜੇ ਇੰਦਰ ਸਿੰਗਲਾ ਬਰਨਾਲਾ, ਭਾਰਤ ਭੂਸ਼ਣ ਆਸ਼ੂ ਮੋਗਾ, ਰਣਦੀਪ ਸਿੰਘ ਨਾਭਾ ਐੱਸ. ਏ. ਐੱਸ. ਨਗਰ, ਰਾਜ ਕੁਮਾਰ ਵੇਰਕਾ ਫਿਰੋਜ਼ਪੁਰ, ਸੰਗਤ ਸਿੰਘ ਗਿਲਜੀਆਂ ਰੋਪੜ, ਪਰਗਟ ਸਿੰਘ ਕਪੂਰਥਲਾ, ਅਮਰਿੰਦਰ ਰਾਜਾ ਵੜਿੰਗ ਮਾਨਸਾ, ਗੁਰਕੀਰਤ ਕੋਟਲੀ ਮਾਲੇਰਕੋਟਲਾ 'ਚ ਕੌਮੀ ਝੰਡਾ ਚੜ੍ਹਾਉਣਗੇ।



## ਸਿਆਸੀ ਪਾਰਟੀਆਂ ਚੋਣ ਮੈਨੀਫੈਸਟੋ 'ਚ 6 ਵਿਧਾਨ ਸਭਾ ਸੀਟਾਂ 'ਤੇ ਐਲਾਨਣ ਮੁਸਲਿਮ ਉਮੀਦਵਾਰ : ਸ਼ਾਹੀ ਇਮਾਮ

ਲੁਧਿਆਣਾ , (ਪੱਤਰ ਪ੍ਰੇਰਕ)- 14 ਫਰਵਰੀ ਨੂੰ ਹੋ ਰਹੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਜਾਮਾ ਮਸਜਿਦ ਲੁਧਿਆਣਾ 'ਚ ਮਜਲਿਸ ਅਹਿਰਾਰ ਇਸਲਾਮ ਹਿੰਦ ਪਾਰਟੀ ਦੇ ਕੌਮੀ ਪ੍ਰਧਾਨ ਅਤੇ ਪੰਜਾਬ ਦੇ ਸ਼ਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਲੁਧਿਆਣਵੀ ਨੇ ਕਿਹਾ ਕਿ ਪੰਜਾਬ 'ਚ ਘੱਟ ਗਿਣਤੀ ਭਾਈਚਾਰੇ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ। ਸਿਆਸੀ ਪਾਰਟੀਆਂ ਨੇ ਕਦੇ ਵੀ ਘੱਟ ਗਿਣਤੀਆਂ ਲਈ ਚੋਣ ਮੈਨੀਫੈਸਟੋ 'ਚ ਕਬਰਿਸਤਾਨਾਂ ਤੋਂ ਇਲਾਵਾ ਕੋਈ ਗੱਲ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਸੂਬੇ 'ਚ ਮੁਸਲਮਾਨਾਂ ਦੀ ਗਿਣਤੀ ਕਾਫੀ ਜ਼ਿਆਦਾ ਹੈ ਪਰ ਰਾਜਨੀਤਕ ਪਾਰਟੀਆਂ ਨੇ ਇਸ ਵਰਗ ਨੂੰ ਹੁਣ ਤੱਕ ਵੋਟ ਫ਼ੀਸਦੀ ਦੇ ਹਿਸਾਬ ਨਾਲ ਕੋਈ ਨੁਮਾਇੰਦਗੀ ਨਹੀਂ ਦਿੱਤੀ। ਸ਼ਾਹੀ ਇਮਾਮ ਨੇ ਕਿਹਾ ਕਿ ਮੈਂ ਪੰਜਾਬ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ, ਸ੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ 'ਆਪ' ਪ੍ਰਧਾਨ ਭਗਵੰਤ ਮਾਨ ਸਮੇਤ ਸਾਰੇ ਰਾਜਨੀਤਕ ਦਲਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ 'ਚ ਸਾਰੇ ਧਰਮਾਂ ਦਾ ਸਨਮਾਨ ਕੀਤਾ ਜਾਂਦਾ ਹੈ, ਇਸ ਲਈ ਵਿਧਾਨ ਸਭਾ ਚੋਣਾਂ 'ਚ ਵੀ ਸਾਰਿਆਂ ਨੂੰ ਬਰਾਬਰ ਦੀ ਨੁਮਾਇੰਦਗੀ ਮਿਲਣੀ ਚਾਹੀਦੀ ਹੈ। ਸੁਜਾਨਪੁਰ ਤੇ ਅਮਰਗੜ੍ਹ ਵਿਧਾਨ ਸਭਾ ਸਮੇਤ ਪੰਜਾਬ 'ਚ ਆਬਾਦੀ ਦੇ ਲਿਹਾਜ਼ ਨਾਲ 6 ਵਿਧਾਨ ਸਭਾ ਸੀਟਾਂ ਮੁਸਲਿਮ ਸਮਾਜ ਨੂੰ ਦਿੱਤੀਆਂ ਜਾਣ ਤਾਂ ਕਿ ਮੁਸਲਮਾਨਾਂ ਦੀਆਂ ਸੂਬੇ 'ਚ ਜੋ ਸਮੱਸਿਆਵਾਂ ਪਿਛਲੇ ਕਈ ਦਹਾਕਿਆਂ ਤੋਂ ਲਟਕ ਰਹੀਆਂ ਹਨ, ਉਨ੍ਹਾਂ ਦਾ ਹੱਲ ਹੋ ਸਕੇ।



## ਕਾਂਗਰਸੀ ਪਰਿਵਾਰ ਸਮੇਤ ਅਕਾਲੀ ਦਲ 'ਚ ਸ਼ਾਮਲ ਹੋਏ



ਕੁਰਾਲੀ , (ਪੱਤਰ ਪ੍ਰੇਰਕ)-ਹਲਕਾ ਸ੍ਰੀ ਚਮਕੌਰ ਸਾਹਿਬ ਤੋਂ ਬਹੁਜਨ ਸਮਾਜ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਾਂਝੇ ਉਮੀਦਵਾਰ ਹਰਮੋਹਨ ਸਿੰਘ ਸੰਧੂ ਦੀ ਚੋਣ ਮੁਹਿੰਮ ਨੂੰ ਉਸ ਸਮੇਂ ਭਰਵਾਂ ਹੁੰਗਾਰਾ ਮਿਲਿਆ ਜਦੋਂ ਸ਼ਹਿਰ ਦੀ ਹੱਦ ਨਾਲ ਲੱਗਦੇ ਪਿੰਡ ਬੰਨਮਾਜਰਾ (ਰੂਪਨਗਰ) ਦੇ ਇਕ ਕਾਂਗਰਸੀ ਪਰਿਵਾਰ ਸਮੇਤ ਕਰੀਬ ਅੱਧੀ ਦਰਜਨ ਪਰਿਵਰਾਂ ਨੇ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ ਹੋਣ ਦਾ ਐਲਾਨ ਕੀਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਲਕਾ ਮੋਰਿੰਡਾ ਤੋਂ ਐੱਸਜੀਪੀਸੀ ਮੈਂਬਰ ਤੇ ਜਥੇਦਾਰ ਅਜਮੇਰ ਸਿੰਘ ਖੇੜਾ ਦੀ ਅਗਵਾਈ 'ਚ ਇਸ ਸਬੰਧੀ ਹੋਏ ਸਮਾਗਮ ਦੌਰਾਨ ਸਤਵਿੰਦਰ ਸਿੰਘ ਬੰਨਮਾਜਰਾ ਜਨਰਲ ਸਕੱਤਰ ਕਾਂਗਰਸ ਸੇਵਾ ਦਲ ਜ਼ਿਲ੍ਹਾ ਰੂਪਨਗਰ ਤੇ ਆਲ ਇੰਡੀਆ ਕਾਂਗਰਸ ਆਰਗੇਨਾਈਜੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਨੇ ਪਰਿਵਾਰ ਸਮੇਤ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ ਹੋਣ ਦਾ ਐਲਾਨ ਕੀਤਾ। ਇਸ ਮੌਕੇ ਜਥੇਦਾਰ ਖੇੜਾ ਨੇ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ ਹੋਏ ਸਤਵਿੰਦਰ ਸਿੰਘ ਅਤੇ ਹੋਰਨਾਂ ਨੂੰ ਪਾਰਟੀ 'ਚ ਸ਼ਾਮਲ ਕਰਦੇ ਕਿਹਾ ਕਿ ਪਾਰਟੀ ਵੱਲੋਂ ਹਮੇਸ਼ਾ ਪਾਰਟੀ ਵਰਕਰਾਂ ਨੂੰ ਬਣਦਾ ਸਨਮਾਨ ਸਤਿਕਾਰ ਦਿੱਤਾ ਜਾਂਦਾ ਰਿਹਾ ਹੈ। ਇਸੇ ਦੌਰਾਨ ਜਥੇਦਾਰ ਖੇੜਾ ਨੇ ਸਤਵਿੰਦਰ ਸਿੰਘ ਬੰਨਮਾਜਰਾਂ ਨੂੰ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪਾਰਟੀ ਦਾ ਜ਼ਿਲ੍ਹਾ ਰੂਪਨਗਰ ਦਾ ਮੀਤ ਪ੍ਰਰਾਧਾਨ ਐਲਾਨ ਕਰ ਦਿੱਤਾ। ਇਸ ਮੌਕੇ ਜਸਬੀਰ ਕੌਰ ਪ੍ਰਧਾਨ ਮਹਿਲਾ ਵਿੰਗ ਸਰਕਲ ਮੋਰਿੰਡਾ, ਗੁਰਪ੍ਰੀਤ ਸਿੰਘ ਢੰਗਰਾਲੀ ਪ੍ਰਧਾਨ ਸਰਕਲ ਮੋਰਿੰਡਾ ਤੇ ਸਰਪੰਚ ਢੰਗਰਾਲੀ, ਸੁਰਜੀਤ ਸਿੰਘ ਪ੍ਰਧਾਨ ਗੁਰਦੁਆਰਾ ਕਮੇਟੀ ਬੰਨਮਾਜਰਾ, ਨਸੀਬ ਸਿੰਘ ਆਦਿ ਪਿੰਡ ਦੇ ਪਤਵੰਤੇ ਹਾਜ਼ਰ ਸਨ।

## ਕੋਵਿਡ-19 ਦੇ ਮੱਦੇਨਜ਼ਰ 4 ਬੈਂਚਾਂ 'ਚ ਪੋਲਿੰਗ ਸਟਾਫ਼ ਨੂੰ ਦਿੱਤੀ ਜਾਵੇਗੀ ਟ੍ਰੇਨਿੰਗ : ਈਸ਼ਾ ਕਾਲੀਆ



ਐੱਸਏਐੱਸ ਨਗਰ , (ਪੱਤਰ ਪ੍ਰੇਰਕ)- ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਈਸ਼ਾ ਕਾਲੀਆ ਦੀ ਮੌਜੂਦਗੀ 'ਚ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ 'ਚ ਪੋਲਿੰਗ ਸਟਾਫ਼ ਦੀ ਪਹਿਲੀ ਰੈਂਡਮਾਈਜੇਸ਼ਨ ਕੀਤੀ ਗਈ। ਜਾਣਕਾਰੀ ਦਿੰਦੇ ਹੋਏ ਡੀਸੀ ਈਸ਼ਾ ਕਾਲੀਆ ਨੇ ਦੱਸਿਆ ਕਿ ਇਸ ਵਾਰ ਕੋਵਿਡ ਪ੍ਰੋਕਾਲ ਦੀ ਪਾਲਣਾ ਕਰਦੇ ਹੋਏ ਪੋਲਿੰਗ ਸਟਾਫ਼ ਨੂੰ ਟ੍ਰੇਨਿੰਗ 4 ਬੈਚਾਂ 'ਚ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਪੋਲਿੰਗ ਸਟਾਫ਼ ਦੀ ਪਹਿਲੀ ਟ੍ਰੇਨਿੰਗ 16 ਜਨਵਰੀ ਨੂੰ ਸਰਕਾਰੀ ਪੌਲੀਟੈਕਨੀਕਲ ਕਾਲਜ਼ ਖੂਨੀਮਾਜ਼ਰਾ ਤੇ ਸਰਕਾਰੀ ਕਾਲਜ ਡੇਰਾਬੱਸੀ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੋਹਾਲੀ 'ਚ ਹੋਵੇਗੀ। ਵਧੇਰੇ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਈਸ਼ਾ ਕਾਲੀਆਂ ਨੇ ਕਿਹਾ ਕਿ ਜ਼ਿਲ੍ਹੇ 'ਚ ਵਿਧਾਨ ਸਭਾ ਚੋਣਾਂ 'ਚ ਆਪਣੀਆਂ ਸੇਵਾਵਾਂ ਨਿਭਾਉਣ ਵਾਲੇ ਕੁੱਲ ਸਟਾਫ਼ ਦੀ ਗਿਣਤੀ 5782 ਹੈ। ਉਨ੍ਹਾਂ ਕਿਹਾ ਵਿਧਾਨ ਸਭਾ ਹਲਕਾ ਖਰੜ 'ਚ ਪੋਲਿੰਗ ਸਟੇਸ਼ਨਾਂ ਦੀ ਗਿਣਤੀ 316 ਹੈ ਜਿਸ 'ਚ 459 ਟੀਮਾ ਗਠਿਤ ਕੀਤੀਆਂ ਗਈਆਂ ਹਨ ਤੇ ਵਿਧਾਨ ਸਭਾ ਹਲਕਾ ਐੱਸਏਐੱਸ ਨਗਰ 'ਚ ਕੁੱਲ ਪੋਲਿੰਗ ਸਟੇਸ਼ਨਾਂ ਦੀ ਗਿਣਤੀ 268 ਹੈ। ਇਸ 'ਚ 389 ਟੀਮਾਂ ਗਠਿਤ ਕੀਤੀਆਂ ਗਈਆਂ ਹਨ। ਜਦਕਿ ਵਿਧਾਨ ਸਭਾ ਹਲਕਾ ਡੇਰਾਬੱਸੀ 'ਚ ਕੁੱਲ ਪੋਲਿੰਗ ਸਟੇਸ਼ਨਾਂ ਦੀ ਗਿਣਤੀ 318 ਹੈ। ਇਸ 'ਚ 462 ਟੀਮਾਂ ਗਠਿਤ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਜ਼ਿਲ੍ਹੇ 'ਚ ਕੁੱਲ 902 ਪੋਲਿੰਗ ਸਟੇਸ਼ਨ ਹਨ ਜਿਨ੍ਹਾਂ 'ਚ ਕੁੱਲ 1310 ਟੀਮਾਂ ਗਠਿਤ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਕੋਵਿਡ ਪ੍ਰੋਕਾਲ ਨੂੰ ਧਿਆਨ 'ਚ ਰੱਖਦੇ ਹੋਏ 45 ਫ਼ੀਸਦੀ ਸਟਾਫ਼ ਰਿਜ਼ਰਵ ਵਜੋਂ ਰੱਖਿਆ ਗਿਆ ਹੈ। ਇਸ ਮੌਕੇ ਉਨ੍ਹਾਂ ਦੱਸਿਆ ਕਿ ਇਹ ਰੈਂਡੇਨਲਾਈਜੇਸ਼ਨ ਵਿਸ਼ੇਸ਼ ਤੌਰ 'ਤੇ ਤਿਆਰ ਕੀਤੇ ਕੰਪਿਊਟਰ ਸਾਫਟਵੇਅਰ 'ਡਾਈਸ' ਦੀ ਵਰਤੋਂ ਕਰ ਕੇ, ਬੇਤਰਤੀਬ ਨੰਬਰ ਬਣਾਉਣ ਦੀ ਤਕਨੀਕ ਦੀ ਵਰਤੋਂ ਕਰਕੇ ਕੀਤੀ ਗਈ ਹੈ।

# ਹਲਕਾ ਅਮਲੋਹ ਤੋਂ ਗੈਰੀ ਬੜਿੰਗ ਨੂੰ ਭਾਰੀ ਬਹੁਮਤ ਨਾਲ ਜਿਤਾਵਾਂਗੇ-ਸੇਰਗਿੱਲ, ਸੁਖਵਿੰਦਰ ਕੌਰ, ਘੱਲੂਮਾਜਰਾ

ਅਮਲੋਹ, (ਪੱਤਰ ਪ੍ਰੇਰਕ)-ਐਡ. ਗੁਰਿੰਦਰ ਸਿੰਘ ਸੇਰਗਿੱਲ ਨੇ ਆਮ ਆਦਮੀ ਪਾਰਟੀ ਹਲਕਾ ਅਮਲੋਹ ਦੀ ਮੀਟਿੰਗ ਉਮੀਦਵਾਰ ਗੈਰੀ ਬੜਿੰਗ ਦੇ ਹੱਕ 'ਚ ਕਰਵਾਈ . ਇਸ ਮੀਟਿੰਗ 'ਚ ਗੁਰਦਿਆਲ ਸਿੰਘ ਘੱਲੂਮਾਜਰਾ ਤੇ ਬੀਬੀ ਸੁਖਵਿੰਦਰ ਕੌਰ ਗਹਿਲੋਤ ਨੇ ਪਾਰਟੀ ਵਰਕਰਾਂ ਅਤੇ ਆਗੂਆਂ ਨੇ ਸਮੂਲੀਅਤ ਕੀਤੀ . ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਐਡ. ਗੁਰਿੰਦਰ ਸੇਰਗਿੱਲ ਨੇ ਕਿਹਾ ਕਿ ਪਾਰਟੀ ਨੇ ਹਲਕੇ ਨੂੰ ਇਕ ਪੜ੍ਹਿਆ-ਲਿਖਿਆ ਤੇ ਸੂਝਵਾਨ ਆਗੂ ਦਿੱਤਾ ਹੈ, ਇਸ ਲਈ ਅਸੀਂ ਸਾਰੇ ਗੈਰੀ ਬੜਿੰਗ ਦੇ ਹੱਕ 'ਚ ਡਟ ਕੇ ਪ੍ਰਚਾਰ ਕਰਾਂਗੇ ਤੇ ਪਾਰਟੀ ਨੂੰ ਅਮਲੋਹ ਸੀਟ ਜਿੱਤ ਕੇ ਦੇਵਾਂਗੇ . ਬੀਬੀ ਤੇ ਘੱਲੂਮਾਜਰਾ ਨੇ ਕਿਹਾ ਕਿ ਹਲਕਾ ਅਮਲੋਹ ਪਿਛਲੇ ਕਈ ਸਾਲਾਂ ਤੋਂ ਮਾੜੇ ਸਮੇਂ ਤੋਂ ਗੁਜਰ ਰਿਹਾ ਹੈ, ਇਸ ਹਲਕੇ ਨੂੰ ਹਮੇਸਾ ਬਾਹਰੀ ਉਮੀਦਵਾਰ ਮਿਲੇ ਹਨ, ਪਰ ਇਸ ਵਾਰ ਆਮ ਆਦਮੀ ਪਾਰਟੀ ਨੇ ਹਲਕੇ ਦਾ ਲੋਕਲ ਅਤੇ ਸਭ ਤੋਂ ਸਮਝਦਾਰ ਅਤੇ ਨੌਜਵਾਨ ਮੁੰਡਾ ਦਿੱਤਾ ਹੈ, ਜਿਸ ਨੂੰ ਜਿਤਾਉਣ ਲਈ ਅਸੀਂ ਸਾਰੇ ਇੱਕਜੁੱਟ ਹਾਂ . ਇਸ ਮੌਕੇ ਗੈਰੀ ਬੜਿੰਗ ਨੇ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਆਪ ਸਭ ਦਾ ਭਰਾ ਹਾਂ, ਬੇਟਾ ਹਾਂ ਆਪ ਸਭ ਦੇ ਸਾਥ ਨਾਲ ਹੀ ਇਹ ਸੀਟ ਜਿੱਤੀ ਜਾ ਸਕਦੀ ਹੈ . ਹੁਣ ਸਮਾਂ ਥੋੜ੍ਹਾ ਰਹਿ ਗਿਆ ਹੈ, ਸਾਨੂੰ ਸਾਰੇ ਵਰਕਰਾਂ ਨੂੰ ਇੱਕਜੁੱਟ ਹੋਕੇ ਇਨ੍ਹਾਂ ਲੁਟੇਰਿਆਂ ਨਾਲ ਲੜਾਈ ਲੜਨੀ ਹੈ ਤੇ ਇਹ ਸੀਟ ਜਿੱਤ ਕੇ ਪਾਰਟੀ ਦੀ ਝੋਲੀ ਪਾਉਣੀ ਹੈ . ਹਲਕਾ ਅਮਲੋਹ ਦੀ ਪਿਛਲੇ ਕਈ ਦਹਾਕਿਆਂ ਤੋਂ ਤ੍ਰਾਸਦੀ ਹੈ ਕਿ ਲੋਕਾਂ ਨੂੰ ਅੱਜ ਤੱਕ ਮੁੱਢਲੀਆਂ ਸਹੂਲਤਾਂ ਵੀ ਨਹੀਂ ਮਿਲੀਆਂ . ਆਮ ਆਦਮੀ ਪਾਰਟੀ ਲੋਕ ਹੱਕਾਂ ਦੀ ਗੱਲ ਕਰਦੀ ਹੈ ਅਤੇ ਹਰ ਵਰਗ ਨੂੰ ਪੂਰਾ ਮਾਣ-ਸਤਿਕਾਰ ਦਿੰਦੀ ਹੈ .

## ਭਾਰਤੀ ਚੋਣ ਕਮਿਸਨ ਵਲੋਂ ਜਾਰੀ ਨਿਯਮਾਂ ਦੀ ਪਾਲਣਾ ਚੋਣ ਲੜ ਰਹੇ ਹਰ ਵਿਅਕਤੀ ਨੂੰ ਕਰਨੀ ਹੋਵੇਗੀ-ਐੱਸ.ਡੀ.ਐੱਮ

ਅਮਲੋਹ, (ਪੱਤਰ ਪ੍ਰੇਰਕ)-ਐੱਸ.ਡੀ.ਐੱਮ ਅਮਲੋਹ ਜੀਵਨਜੋਤ ਕੌਰ ਵਲੋਂ ਸੂਬੇ 'ਚ ਚੋਣ ਜਾਬਤਾ ਲੱਗਣ ਮਗਰੋਂ ਭਾਰਤੀ ਚੋਣ ਕਮਿਸਨ ਦੀਆਂ ਹਦਾਇਤਾਂ ਨੂੰ ਸਖਤੀ ਨਾਲ ਲਾਗੂ ਕਰਵਾਉਣ ਲਈ ਹਲਕਾ ਅਮਲੋਹ ਵਿਧਾਨ ਸਭਾ ਦੇ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ . ਐਸ.ਡੀ.ਐਮ ਅਮਲੋਹ ਵਲੋਂ ਸਿਆਸੀ ਪਾਰਟੀਆਂ ਦੇ ਰੂਬਰੂ ਹੋ ਕੇ ਚੋਣ ਕਮਿਸਨ ਦੀ ਕੋਵਿਡ ਸਬੰਧੀ ਤੇ ਮਾਡਲ ਕੋਡ ਆਫ ਕੰਡੱਕਟ ਸਬੰਧੀ ਹਦਾਇਤਾਂ ਬਾਰੇ ਜਾਣੂੰ ਕਰਵਾਇਆ ਗਿਆ . ਉਨ੍ਹਾਂ ਕਿਹਾ ਕਿ ਇਨ੍ਹਾਂ ਹਦਾਇਤਾਂ ਦੇ ਮੁਤਾਬਿਕ ਰੋਡ ਸੋਅ, ਪੈਦਲ ਯਾਤਰਾ ਅਤੇ ਸਕੂਟਰ ਬਾਈਕ ਰੈਲੀ 15 ਜਨਵਰੀ ਤੱਕ ਅਤੇ ਰਾਤ 8 ਵਜੇ ਤੋਂ ਸਵੇਰੇ 8 ਵਜੇ ਤੱਕ ਨਹੀਂ ਕੀਤੀ ਜਾਵੇਗੀ . ਮੀਟਿੰਗ 'ਚ ਐਸ.ਡੀ.ਐਮ ਵਲੋਂ ਭਾਰਤੀ ਚੋਣ ਕਮਿਸਨ ਦੇ ਆਦੇਸਾਂ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੋਰੋਨਾ ਮਹਾਂਮਾਰੀ ਦੌਰਾਨ ਹੋ ਰਹੀਆਂ ਚੋਣਾਂ 14 ਫਰਵਰੀ 2022 ਨੂੰ ਹੋਣਗੀਆਂ ਅਤੇ ਹਰ ਚੋਣ ਲੜ ਰਹੇ ਵਿਅਕਤੀ ਨੂੰ ਭਾਰਤੀ ਚੋਣ ਕਮਿਸਨ ਵਲੋਂ ਜਾਰੀ ਨਿਯਮਾਂ ਦੀ ਪਾਲਣਾਂ ਕਰਨੀ ਹੋਵੇਗੀ

## ਵਿਕਾਸ ਕਾਰਜਾਂ 'ਚ ਅਕਾਲੀ ਦਲ ਦਾ ਉਮੀਦਵਾਰ ਲਗਾ ਰਿਹਾ ਹੈ ਅੜਿੱਕਾ-ਵਿਧਾਇਕ ਨਾਗਰਾ

ਫਤਹਿਗੜ੍ਹ ਸਾਹਿਬ, (ਪੱਤਰ ਪ੍ਰੇਰਕ)- ਵਿਧਾਇਕ ਕੁਲਜੀਤ ਸਿੰਘ ਨਾਗਰਾ ਦੀ ਅਗਵਾਈ ਵਿਚ ਪੰਚਾਇਤ ਪਿੰਡ ਫਤਹਿਪੁਰ ਅਤੇ ਸਮੂਹ ਪੰਚਾਇਤਾਂ ਬਲਾਕ ਸਰਹਿੰਦ ਨੇ ਜ਼ਿਲ੍ਹੇ ਚੋਣ ਅਫਸਰ ਪੂਨਮਦੀਪ ਕੌਰ ਨੂੰ ਅਕਾਲੀ ਦਲ ਦੇ ਉਮੀਦਵਾਰ ਜਗਦੀਪ ਸਿੰਘ ਚੀਮਾ ਖ਼ਿਲਾਫ ਸਿਕਾਇਤ ਸੌਂਪ ਕਿਹਾ ਕਿ ਅਕਾਲੀ ਦਲ ਦੇ ਐਲਾਨੇ ਹੋਏ ਉਮੀਦਵਾਰ ਜਗਦੀਪ ਸਿੰਘ ਚੀਮਾ ਅਤੇ ਉਨ੍ਹਾਂ ਦੇ ਸਾਥੀਆਂ ਵਲੋਂ ਪਿੰਡਾਂ ਵਿਚ ਚੱਲ ਰਹੇ ਵਿਕਾਸ ਦੇ ਕਾਰਜਾਂ ਨੂੰ ਰੋਕਣ ਦੀ ਨੀਅਤ ਨਾਲ ਪਿੰਡ ਤਰਖਾਣ ਮਾਜਰਾ ਨਜਦੀਕ 15-20 ਦਿਨ ਪਹਿਲਾਂ ਤੋਂ ਚੱਲ ਰਹੇ ਵਿਕਾਸ ਕਾਰਜਾਂ ਲਈ ਜੋ ਟਰੈਕਟਰ ਟਰਾਲੀਆਂ ਮੈਟੀਰੀਅਲ ਲੈ ਕੇ ਆ ਰਹੀਆਂ ਸਨ, ਨੂੰ ਜਬਰਦਸਤੀ ਰੋਕਿਆ ਗਿਆ, ਡਰਾਈਵਰਾਂ ਨੂੰ ਕਥਿਤ ਡਰਾਇਆ ਧਮਕਾਇਆ ਗਿਆ ਅਤੇ ਡਰਾਈਵਰਾਂ ਦੀਆਂ ਝੂਠੀਆਂ ਵੀਡੀਓ ਬਣਵਾ ਕੇ ਸੋਸਲ ਮੀਡੀਆ 'ਤੇ ਪਾਈਆਂ ਗਈਆਂ . ਉਨ੍ਹਾਂ ਕਿਹਾ ਕਿ ਜਿਸ ਸਪਲਾਇਰ ਤੋਂ ਮੈਟੀਰੀਅਲ ਆ ਰਿਹਾ ਸੀ ਉਸ ਨੂੰ ਵੀ ਕਥਿਤ ਮੈਟੀਰੀਅਲ ਨਾ ਸਪਲਾਈ ਕਰਨ ਲਈ ਡਰਾਇਆ ਧਮਕਾਇਆ ਗਿਆ . ਉਨ੍ਹਾਂ ਦੱਸਿਆ ਕਿ ਸੋਸਲ ਮੀਡੀਆ 'ਤੇ ਪਿੰਡ ਦੀ ਪੰਚਾਇਤ ਨੂੰ ਅਤੇ ਪ੍ਰਸਾਸਨ ਅਤੇ ਚੁਣੇ ਹੋਏ ਨੁਮਾਇੰਦਿਆਂ ਨੂੰ ਇਸ ਕੰਮ ਦੇ ਗਲਤ ਹੋਣ ਸਬੰਧੀ ਬਿਨਾਂ ਕਿਸੇ ਤੱਥਾਂ ਤੋਂ ਬਦਨਾਮ ਕੀਤਾ ਜਾ ਰਿਹਾ ਹੈ, ਜਦਕਿ ਚਲ ਰਹੇ ਵਿਕਾਸ ਦੇ ਕੰਮਾਂ ਵਿਚ ਅਗਰ ਕੋਈ ਅਣਗਹਿਲੀ ਹੋ ਰਹੀ ਹੈ ਤਾਂ ਜ਼ਿਲ੍ਹੇ ਚੋਣ ਅਫਸਰ ਦੇ ਧਿਆਨ ਹਿਤ ਲਿਆਉਣਾ ਚਾਹੀਦਾ ਹੈ, ਨਾ ਕਿ ਉੱਥੇ ਕੰਮ ਕਰ ਰਹੇ ਕਾਮਿਆਂ ਨੂੰ ਜਬਰਦਸਤੀ ਡਰਾਇਆ ਧਮਕਾਇਆ ਜਾਵੇ ਅਤੇ ਉਨ੍ਹਾਂ ਦੀਆਂ ਗਲਤ ਅਤੇ ਝੂਠੀਆਂ ਵੀਡੀਓ ਬਣਾ ਕੇ ਸੋਸਲ ਮੀਡੀਆ 'ਤੇ ਪਾਉਣ . ਹਲਕਾ ਵਿਧਾਇਕ ਤੇ ਪੰਚਾਇਤਾਂ ਨੇ ਜ਼ਿਲ੍ਹੇ ਚੋਣ ਅਫਸਰ ਨੂੰ ਬੇਨਤੀ ਕੀਤੀ ਕਿ ਜੇਕਰ ਅਕਾਲੀ ਦਲ ਦੇ ਅਜਿਹੇ ਵਿਅਕਤੀਆਂ ਨੂੰ ਨਾ ਰੋਕਿਆ ਗਿਆ ਤਾਂ ਆਉਣ ਵਾਲਾ ਚੋਣਾਂ ਦਾ ਸਮਾਂ ਇਹ ਖਰਾਬ ਕਰਨਗੇ ਅਤੇ ਅਮਨਸਾਂਤੀ ਨੂੰ ਭੰਗ ਕਰ ਸਕਦੇ ਹਨ . ਇਸ ਗੱਲ ਦਾ ਜਿੱਥੇ ਪਿੰਡ ਫਤਹਿਪੁਰ ਅਤੇ ਨਗਰ ਵਿਚ ਕਾਫੀ ਵੱਡਾ ਰੋਸ ਹੈ ਉੱਥੇ ਸਮੂਹ ਜ਼ਿਲ੍ਹੇ ਦੀਆਂ ਪੰਚਾਇਤਾਂ ਵਿਚ ਵੀ ਬਹੁਤ ਵੱਡਾ ਰੋਸ ਪਾਇਆ ਜਾ ਰਿਹਾ ਹੈ . ਇਸ ਮੌਕੇ ਪੰਚਾਇਤ ਪਿੰਡ ਫਤਹਿਪੁਰ ਅਤੇ ਸਮੂਹ ਪੰਚਾਇਤਾਂ ਬਲਾਕ ਸਰਹਿੰਦ ਨੇ ਜ਼ਿਲ੍ਹੇ ਚੋਣ ਅਫਸਰ ਨੂੰ ਬੇਨਤੀ ਕੀਤੀ ਕਿ ਬਣਦੀ ਪ੍ਰਸਾਸਨਿਕ ਅਤੇ ਪੁਲਿਸ ਕਾਰਵਾਈ ਕੀਤੀ ਜਾਵੇ . ਇਸ ਮੌਕੇ ਬਲਾਕ ਸਰਹਿੰਦ ਦੇ ਜ਼ਿਲ੍ਹੇ ਪ੍ਰੀਸਦ ਮੈਂਬਰ, ਬਲਾਕ ਸੰਮਤੀ ਮੈਂਬਰ, ਸਰਪੰਚ, ਪੰਚ ਹਾਜਰ ਸਨ .

ਕੀ ਕਹਿੰਦੇ ਹਨ ਅਕਾਲੀ ਉਮੀਦਵਾਰ ਜਗਦੀਪ ਸਿੰਘ ਚੀਮਾ

ਇਸ ਮੌਕੇ ਜਦੋਂ ਅਕਾਲੀ ਉਮੀਦਵਾਰ ਜਗਦੀਪ ਸਿੰਘ ਚੀਮਾ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਉਹ ਵਿਕਾਸ ਦੇ ਖ਼ਿਲਾਫ ਨਹੀਂ ਹਨ, ਪਰ ਵਿਧਾਇਕ ਵਲੋਂ ਕਥਿਤ ਚੋਣ ਜਾਬਤੇ ਦੇ ਲੱਗਣ ਤੋਂ ਬਾਅਦ ਵੀ ਨਵੇਂ ਕੰਮ ਕਰਵਾਏ ਜਾ ਰਹੇ ਹਨ, ਜਿਸ ਸਬੰਧੀ ਉਨ੍ਹਾਂ ਦੁਆਰਾ ਪੁੱਛਗਿੱਛ ਕੀਤੀ ਗਈ ਸੀ . ਉਨ੍ਹਾਂ ਕਿਹਾ ਕਿ ਵਿਧਾਇਕ ਤੇ ਉਨ੍ਹਾਂ ਦੀ ਧਰਮ ਪਤਨੀ ਚੋਣ ਜਾਬਤਾ ਲੱਗਣ ਦੇ ਬਾਵਜੂਦ ਸਰਕਾਰੀ ਅਫਸਰਾਂ ਤੋਂ ਕੰਮ ਲੈ ਰਹੇ ਹਨ, ਜੋ ਕਿ ਗਲਤ ਹੈ . ਜਿਸ ਸਬੰਧੀ ਉਹ ਚੋਣ ਕਮਿਸਨ ਨੂੰ ਸ਼ਿਕਾਇਤ ਕਰਨਗੇ .

## ਪੰਜਾਬ ਦੀ ਸਿਆਸਤ 'ਚ ਹੋ ਸਕਦੈ ਧਮਾਕਾ, ਸਿਮਰਜੀਤ ਬੈਂਸ ਦੇ ਭਾਜਪਾ 'ਚ ਸ਼ਾਮਲ ਹੋਣ ਦੇ ਚਰਚੇ!

ਜਲੰਧਰ , (ਪੱਤਰ ਪ੍ਰੇਰਕ)- ਪੰਜਾਬ 'ਚ ਵਿਧਾਨ ਸਭਾ ਚੋਣਾਂ 2022 ਦਾ ਐਲਾਨ ਹੋ ਚੁੱਕਾ ਹੈ, ਜਿਸ ਦੇ ਆਧਾਰ 'ਤੇ ਇਹ ਚੋਣਾਂ 14 ਫਰਵਰੀ ਨੂੰ ਹੋਣ ਜਾ ਰਹੀਆਂ ਹਨ। ਪੰਜਾਬ ਦੀ ਸਿਆਸਤ 'ਚ ਇਸ ਸਮੇਂ ਸੂਤਰਾਂ ਦੇ ਹਵਾਲੇ ਤੋਂ ਵੱਡੀ ਖਬਰ ਇਹ ਸਾਹਮਣੇ ਆ ਰਹੀ ਹੈ ਕਿ ਲੋਕ ਇਨਸਾਫ ਪਾਰਟੀ ਦੇ ਆਗੂ ਸਿਮਰਜੀਤ ਸਿੰਘ ਬੈਂਸ ਅਤੇ ਉਨ੍ਹਾਂ ਦੇ ਭਰਾ ਬਲਵਿੰਦਰ ਸਿੰਘ ਬੈਂਸ ਦੋਵੇਂ ਭਰਾ ਬੀਜੇਪੀ 'ਚ ਸ਼ਾਮਲ ਹੋ ਸਕਦੇ ਹਨ। ਬੈਂਸ ਭਰਾਵਾਂ ਦੀਆਂ ਭਾਜਪਾ 'ਚ ਸ਼ਾਮਲ ਹੋਣ ਦੀਆਂ ਸੂਤਰਾਂ ਤੋਂ ਮਿਲ ਰਹੀਆਂ ਖਬਰਾਂ ਨੇ ਸਿਆਸੀ ਪਾਰਟੀਆਂ 'ਚ ਚਰਚਾ ਛੇੜ ਦਿੱਤੀ ਹੈ। ਇਸ ਨਾਲ ਪੰਜਾਬ ਦੀ ਸਿਆਸਤ 'ਚ ਵੱਡਾ ਧਮਾਕਾ ਹੋ ਸਕਦਾ ਹੈ। ਦੱਸ ਦੇਈਏ ਕਿ ਦੋਵੇਂ ਭਰਾਵਾਂ ਬਲਵਿੰਦਰ ਸਿੰਘ ਬੈਂਸ ਅਤੇ ਸਿਮਰਜੀਤ ਸਿੰਘ ਬੈਂਸ ਦੀ ਅੰਦਰ ਖਾਤੇ ਬੀਜੇਪੀ ਨਾਲ ਗੱਲਬਾਤ ਚੱਲ ਰਹੀ ਹੈ। ਬੁੱਧਵਾਰ ਨੂੰ ਬੈਂਸ ਭਰਾ ਬੀਜੇਪੀ ਦਾ ਪੱਲਾ ਫੜ ਸਕਦੇ ਹਨ। ਇਸ ਸਬੰਧ 'ਚ ਬੈਂਸ ਭਰਾਵਾਂ ਨੇ ਅਜੇ ਤੱਕ ਕਿਸੇ ਤਰ੍ਹਾਂ ਦੀ ਕੋਈ ਪੁਸ਼ਟੀ ਨਹੀਂ ਕੀਤੀ। ਜ਼ਿਕਰਯੋਗ ਹੈ ਕਿ ਪੰਜਾਬ 'ਚ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਪੂਰੀ ਸਿਆਸਤ 'ਚ ਭਜਦੌੜ ਮਚੀ ਹੋਈ ਹੈ। ਸਾਰੇ ਆਗੂ ਸੀਟ ਦੀ ਖਾਤਰ ਇਕ ਪਾਰਟੀ ਛੱਡ ਦੂਜੀ ਪਾਰਟੀ 'ਚ ਸ਼ਾਮਲ ਹੋ ਰਹੇ ਹਨ। ਬੀਜੇਪੀ ਦੀ ਅੱਖ ਪੰਜਾਬ ਦੇ ਚੋਟੀ ਦੇ ਆਗੂਆਂ 'ਤੇ ਹੈ, ਜਿਸ ਕਰਕੇ ਉਹ ਉਨ੍ਹਾਂ ਆਗੂਆਂ ਨੂੰ ਆਪਣੀ ਪਾਰਟੀ 'ਚ ਸ਼ਾਮਲ ਕਰ ਰਹੀ ਹੈ।

## ਗਿੱਲ ਨੇ ਦੁਕਾਨਦਾਰਾਂ ਦੀਆਂ ਮੁਸ਼ਕਲਾਂ ਸੁਣੀਆਂ



ਕੁਰਾਲੀ , (ਪੱਤਰ ਪ੍ਰੇਰਕ)-ਸਥਾਨਕ ਆਗੂ ਰਣਜੀਤ ਸਿੰਘ ਗਿੱਲ ਨੇ ਸਥਾਨਕ ਸ਼ਹਿਰ ਦੇ ਮਾਤਾ ਰਾਣੀ ਚੌਂਕ, ਸਬਜ਼ੀ ਮੰਡੀ ਆਦਿ ਖੇਤਰ ਦਾ ਪੈਦਲ ਚੱਲ ਕੇ ਦੌਰਾ ਕੀਤਾ। ਇਸ ਮੌਕੇ ਗਿੱਲ ਨੇ ਸਥਾਨਕ ਸ਼ਹਿਰ ਦੇ ਮੁੱਖ ਬਾਜ਼ਾਰ ਵਿਚਲੀਆਂ ਕਰੀਬ ਹਰੇਕ ਦੁਕਾਨ 'ਤੇ ਪਹੁੰਚੇ ਅਤੇ ਦੁਕਾਨਦਾਰਾਂ ਨਾਲ ਮੁਲਾਕਾਤ ਕੀਤੀ। ਇਸ ਮੌਕੇ ਸ਼ਹਿਰ ਦੇ ਦੁਕਾਨਦਾਰਾਂ ਵੱਲੋਂ ਰਣਜੀਤ ਸਿੰਘ ਗਿੱਲ ਦਾ ਭਰਵਾਂ ਸਵਾਗਤ ਵੀ ਕੀਤਾ ਗਿਆ। ਦੁਕਾਨਦਾਰਾਂ ਵੱਲੋਂ ਗਿੱਲ ਨੂੰ ਬਾਜ਼ਾਰ ਦੀਆਂ ਮੁੱਖ ਸਮੱਸਿਆਵਾਂ ਤੋਂ ਵੀ ਜਾਣੂੰ ਕਰਵਾਉਂਦੇ ਹੋਏ ਸਮੱਸਿਆਵਾਂ ਦੇ ਹੱਲ ਦੀ ਵੀ ਅਪੀਲ ਵੀ ਕੀਤੀ। ਇਸੇ ਦੌਰਾਨ ਦੁਕਾਨਦਾਰਾਂ ਵੱਲੋਂ ਗਿੱਲ ਨੂੰ ਸਿਰੋਪਾਓ ਦੇਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪਾਲਇੰਦਰਜੀਤ ਸਿੰਘ ਬਾਠ, ਪ੍ਰੀਤ ਮਹਿੰਦਰ ਸਿੰਘ ਬਿੱਟਾ, ਸੁਰਿੰਦਰ ਸਿੰਘ ਖਾਲਸਾ, ਸਾਬਕਾ ਕੌਂਸਲਰ ਪਰਮਜੀਤ ਸਿੰਘ ਪੰਮੀ, ਪ੍ਰਿੰਸ ਸ਼ਰਮਾਂ ਅਤੇ ਸਵਰਨ ਸਿੰਘ ਗਿੱਲ ਆਦਿ ਪਾਰਟੀ ਆਗੂ ਹਾਜ਼ਰ ਸਨ।

## ਬੰਦੀ ਸਿੰਘਾਂ ਦੀ ਰਿਹਾਈ ਲਈ ਨਿਕਲੇ ਮਾਰਚ ਨੂੰ ਪੁਲਸ ਨੇ ਚੰਡੀਗੜ੍ਹ 'ਚ ਦਾਖਲ ਹੋਣ ਤੋਂ ਰੋਕਿਆ




ਮੋਹਾਲੀ , (ਪੱਤਰ ਪ੍ਰੇਰਕ)- ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਲਈ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਫਤਹਿਗੜ੍ਹ ਸਾਹਿਬ ਤੋਂ ਸ਼ੁਰੂ ਹੋਇਆ ਬੰਦੀ ਸਿੰਘ ਮਾਰਚ ਮੋਹਾਲੀ ਵਿਖੇ ਪੁੱਜਿਆ। ਇਸ ਮਾਰਚ ਨੂੰ ਚੰਡੀਗੜ੍ਹ ਦੀ ਹੱਦ ਵਿੱਚ ਦਾਖਲ ਹੋਣ ਤੋਂ ਪਹਿਲਾਂ ਹੀ ਚੰਡੀਗੜ੍ਹ ਪੁਲਸ ਨੇ ਰੋਕ ਲਿਆ। ਵੱਡੀ ਗਿਣਤੀ ਵਿੱਚ ਬੱਸਾਂ, ਕਾਰਾਂ, ਟਰੈਕਟਰਾਂ ਅਤੇ ਮੋਟਰਸਾਈਕਲ 'ਤੇ ਸਵਾਰ ਲੋਕਾਂ ਵੱਲੋਂ ਇਸ ਬੰਦੀ ਸਿੰਘ ਮਾਰਚ 'ਚ ਹਿੱਸਾ ਲਿਆ ਗਿਆ। ਸਮੂਹ ਪੰਥਕ ਜੱਥੇਬੰਦੀਆਂ ਵੱਲੋਂ ਵੀ ਇਸ ਬੰਦੀ ਸਿੰਘ ਰਿਹਾਈ ਮਾਰਚ ਵਿੱਚ ਸ਼ਮੂਲੀਅਤ ਕੀਤੀ ਗਈ। ਮਾਰਚ ਵਿੱਚ ਸ਼ਾਮਲ ਗੁਰਚਰਨ ਸਿੰਘ ਅਤੇ ਅਕਾਲ ਯੂਥ ਦੇ ਆਗੂ ਭਾਈ ਜਸਵਿੰਦਰ ਸਿੰਘ ਰਾਜਪੁਰਾ, ਭਾਈ ਸਤਵੰਤ ਸਿੰਘ ਲੁਧਿਆਣਾ, ਐਡਵੋਕੇਟ ਅਮਰ ਸਿੰਘ ਚਾਹਿਲ, ਐਡਵੋਕੇਟ ਦਿਲਸ਼ੇਰ ਸਿੰਘ, ਪ੍ਰੋ. ਬਲਜਿੰਦਰ ਸਿੰਘ, ਭਾਈ ਬਲਬੀਰ ਸਿੰਘ ਹਿਸਾਰ, ਭਾਈ ਜਸਵੰਤ ਸਿੰਘ ਸਿੱਧੂਪੁਰ, ਭਾਈ ਹਰਪ੍ਰੀਤ ਸਿੰਘ ਰਾਣਾ, ਭਾਈ ਰਾਜਨਦੀਪ ਸਿੰਘ, ਭਾਈ ਮਹਾ ਸਿੰਘ ਅਤੇ ਹੋਰ ਆਗੂ ਸ਼ਾਮਲ ਸਨ। ਇਨ੍ਹਾਂ ਆਗੂਆਂ ਨੇ ਸਜ਼ਾ ਪੂਰੀ ਕਰ ਚੁੱਕੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੱਥੇ. ਜਗਤਾਰ ਸਿੰਘ ਹਵਾਰਾ, ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ, ਸ਼ਮਸ਼ੇਰ ਸਿੰਘ, ਗੁਰਮੀਤ ਸਿੰਘ, ਲਖਵਿੰਦਰ ਸਿੰਘ, ਗੁਰਦੀਪ ਸਿੰਘ ਖੈੜਾ, ਬਲਵੰਤ ਸਿੰਘ ਰਾਜੋਆਣਾ, ਜਗਤਾਰ ਸਿੰਘ ਤਾਰਾ, ਪਰਮਜੀਤ ਸਿੰਘ ਭਿਓਰਾ ਆਦਿ ਦੀ ਜਲਦ ਤੋਂ ਜਲਦ ਰਿਹਾਈ ਦੀ ਮੰਗ ਕੀਤੀ ਗਈ। ਚੰਡੀਗੜ੍ਹ ਪੁਲਸ ਵੱਲੋਂ 5 ਵਿਅਕਤੀਆਂ ਨੂੰ ਲਿਜਾ ਕੇ ਰਾਜਪਾਲ ਨੂੰ ਮਿਲਾਇਆ ਗਿਆ ਤਾਂ ਅਤੇ ਧਰਨਾ ਖਤਮ ਕਰਵਾਇਆ ਗਿਆ।

## ਚੰਡੀਗੜ੍ਹ ਪੁੱਜੇ 'ਅਰਵਿੰਦ ਕੇਜਰੀਵਾਲ', ਦੱਸਿਆ ਕਦੋਂ ਹੋਵੇਗਾ ਮੁੱਖ ਮੰਤਰੀ ਚਿਹਰੇ ਦਾ ਐਲਾਨ


ਚੰਡੀਗੜ੍ਹ , (ਪੱਤਰ ਪ੍ਰੇਰਕ)- ਆਮ ਆਦਮੀ ਪਾਰਟੀ ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਬੁੱਧਵਾਰ ਨੂੰ ਚੰਡੀਗੜ੍ਹ ਪਹੁੰਚੇ। ਕੇਜਰੀਵਾਲ ਨੇ ਸੂਬੇ ਅੰਦਰ ਪਾਰਟੀ ਦੇ ਮੁੱਖ ਮੰਤਰੀ ਚਿਹਰੇ ਦੇ ਐਲਾਨ ਬਾਰੇ ਬੋਲਦਿਆਂ ਕਿਹਾ ਕਿ ਮੁੱਖ ਮੰਤਰੀ ਦੇ ਚਿਹਰੇ ਦਾ ਐਲਾਨ ਅਗਲੇ ਹਫਤੇ ਹੋਵੇਗਾ।ਇਸ ਮੌਕੇ ਉਨ੍ਹਾਂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਸੀਂ ਪੰਜਾਬ ਦੇ ਲੋਕਾਂ ਨੂੰ ਭਰੋਸਾ ਦਿਵਾਉਂਦੇ ਹਾਂ ਕਿ ਜੇਕਰ ਸੂਬੇ 'ਚ ਆਮ ਆਦਮੀ ਪਾਰਟੀ ਸੱਤਾ 'ਚ ਆਉਂਦੀ ਹੈ ਤਾਂ ਅਮਨ-ਕਾਨੂੰਨ ਦੀ ਸਥਿਤੀ 'ਚ ਸੁਧਾਰ ਕੀਤਾ ਜਾਵੇਗਾ ਅਤੇ ਬੇਅਦਬੀ ਦੀਆਂ ਪਿਛਲੀਆਂ ਸਾਰੀਆਂ ਘਟਨਾਵਾਂ 'ਚ ਨਿਆਂ ਯਕੀਨੀ ਬਣਾਇਆ ਜਾਵੇਗਾ। ਕੇਜਰੀਵਾਲ ਨੇ ਕਿਹਾ ਕਿ ਸੂਬੇ ਅੰਦਰ ਸਭ ਦੀ ਸੁਰੱਖਿਆ ਯਕੀਨੀ ਬਣਾਈ ਜਾਵੇਗੀ, ਫਿਰ ਭਾਵੇਂ ਉਹ ਪ੍ਰਧਾਨ ਮੰਤਰੀ ਹੋਵੇ ਜਾਂ ਫਿਰ ਕੋਈ ਹੋਰ।

## ਕੋਰੋਨਾ ਦੇ ਕੇਸ ਵਧਣ ਕਰਕੇ ਸਿਰਸਾ ਵੀ ਰੈੱਡ ਜੋਨ 'ਚ ਸਾਮਿਲ

ਸਿਰਸਾ, (ਪੱਤਰ ਪ੍ਰੇਰਕ)- ਜ਼ਿਲ੍ਹੇ 'ਚ ਕੋਰੋਨਾ ਦੇ ਵੱਧ ਰਹੇ ਕੇਸਾਂ ਦੇ ਮੱਦੇਨਜਰ ਸਿਰਸਾ ਵੀ ਰੈਡ ਜੋਨ 'ਚ ਸਾਮਲ ਕੀਤਾ ਗਿਆ ਹੈ ਤੇ ਜਰੂਰੀ ਚੀਜਾਂ ਦੀਆਂ ਦੁਕਾਨਾਂ ਨੂੰ ਛੱਡ ਕੇ ਬਾਕੀ ਬਾਜਾਰ ਸਾਮ ਛੇ ਵਜੇ ਬੰਦ ਕਰਨ ਹੁਕਮ ਜਾਰੀ ਕੀਤੇ ਗਏ ਹਨ . ਸਿਰਸਾ ਦੇ ਡਿਪਟੀ ਕਮਿਸਨਰ ਅਨੀਸ ਯਾਦਵ ਨੇ ਦੱਸਿਆ ਹੈ ਕਿ ਹਰਿਆਣਾ ਸਰਕਾਰ ਦੇ ਨਿਰਦੇਸਾਂ ਅਨੁਸਾਰ ਸਿਰਸਾ ਜ਼ਿਲ੍ਹੇ ਵਿੱਚ ਵਧ ਰਹੇ ਕੋਰੋਨਾ ਕੇਸਾਂ ਕਾਰਨ ਰੈਡ ਜੋਨ ਵਿੱਚ ਸਾਮਲ ਕੀਤਾ ਗਿਆ ਹੈ . ਸਰਕਾਰ ਦੇ ਨਿਰਦੇਸਾਂ ਅਨੁਸਾਰ ਸਾਰੇ ਸਿਨੇਮਾ ਹਾਲ, ਥਿਏਟਰ, ਮਾਲ ਆਦਿ ਬੰਦ ਰਹਿਣਗੇ . ਇਸ ਤੋਂ ਇਲਾਵਾ ਸਾਰੇ ਸਰਕਾਰ ਤੇ ਨਿੱਜੀ ਦਫਤਰ 50 ਫੀਸਦੀ ਸਮਰਥਾ ਨਾਲ ਖੋਲ੍ਹਣ ਦੀ ਆਗਿਆ ਦਿੱਤੀ ਗਈ ਹੈ . ਕੋਵਿਡ ਨੇਮਾਂ ਦੀ ਸਖਤਾਈ ਨਾਲ ਪਾਲਣਾ ਕਰਨ ਲਈ ਆਖਿਆ ਗਿਆ ਹੈ . ਜਿਹੜੇ ਵਿਅਕਤੀ ਜਾਂ ਅਦਾਰੇ ਕੋਵਿਡ ਨੇਮਾਂ ਦੀ ਪਾਲਣਾ ਨਹੀਂ ਕਰਨਗੇ,

ਉਨ੍ਹਾਂ ਦੇ ਚਾਲਾਣ ਕੀਤੇ ਜਾਣਗੇ . ਉਨ੍ਹਾਂ ਦੱਸਿਆ ਕਿ ਦੁੱਧ, ਸਬਜੀ ਦੀਆਂ ਦੁਕਾਨਾਂ ਨੂੰ ਛੱਡ ਕੇ ਬਾਕੀ ਦੁਕਾਨਾਂ ਛੇ ਵਜੇ ਬੰਦ ਹੋਣਗੀਆਂ . ਰਾਤ 11 ਵਜੇ ਤੋਂ ਸਵੇਰੇ ਪੰਜ ਵਜੇ ਤੱਕ ਆਵਾਜਾਈ 'ਤੇ ਪੂਰੀ ਤਰ੍ਹਾਂ ਰੋਕ ਰਹੇਗੀ . ਰੈਲੀਆਂ, ਪਬਲਿਕ ਮੀਟਿੰਗਾਂ, ਧਰਨੇ, ਪ੍ਰਦਰਸਨਾਂ 'ਤੇ ਪੂਰੀ ਤਰ੍ਹਾਂ ਰੋਕ ਲਾਈ ਗਈ ਹੈ .

## ਪੰਜਾਬ 'ਚ ਕੋਰੋਨਾ ਨੇ ਧਾਰਿਆ ਖਤਰਨਾਕ ਰੂਪ, 9 ਲੋਕਾਂ ਦੀ ਮੌਤ ਤੇ 4593 ਮਾਮਲੇ ਆਏ ਸਾਹਮਣੇ



ਚੰਡੀਗੜ੍ਹ , (ਪੱਤਰ ਪ੍ਰੇਰਕ)-ਕੋਰੋਨਾ ਵਾਇਰਸ ਨੇ ਪੰਜਾਬ 'ਚ ਖਤਰਨਾਕ ਰੂਪ ਧਾਰ ਲਿਆ ਹੈ, ਜਿਸ ਨਾਲ ਅੱਜ 9 ਲੋਕਾਂ ਦੀ ਜਾਨ ਚਲੀ ਗਈ। ਜੇਕਰ ਪਿਛਲੇ 24 ਘੰਟਿਆਂ ਦੀ ਗੱਲ ਕੀਤੀ ਜਾਵੇ ਤਾਂ ਪੰਜਾਬ 'ਚ 4593 ਲੋਕਾਂ ਦੀ ਕੋਰੋਨਾ ਰਿਪੋਰਟ ਪਾਜ਼ੇਟਿਵ ਆਈ ਹੈ। ਮਿਲੀ ਜਾਣਕਾਰੀ ਅਨੁਸਾਰ ਪਿਛਲੇ 24 ਘੰਟਿਆਂ 'ਚ ਪਟਿਆਲਾ 'ਚ 909, ਲੁਧਿਆਣਾ 'ਚ 678, ਜਲੰਧਰ 'ਚ 330, ਐੱਸ. ਏ. ਐੱਸ. ਨਗਰ 'ਚ 703, ਪਠਾਨਕੋਟ 'ਚ 92, ਅੰਮ੍ਰਿਤਸਰ 'ਚ 455, ਫਤਿਹਗੜ੍ਹ ਸਾਹਿਬ 'ਚ 161, ਗੁਰਦਾਸਪੁਰ 'ਚ 127, ਹੁਸ਼ਿਆਰਪੁਰ 'ਚ 85, ਬਠਿੰਡਾ 'ਚ 233, ਰੋਪੜ 'ਚ 106, ਤਰਨਤਾਰਨ 'ਚ 72, ਫਿਰੋਜ਼ਪੁਰ 'ਚ 19, ਸੰਗਰੂਰ 'ਚ 117, ਮੋਗਾ 'ਚ 53, ਕਪੂਰਥਲਾ 'ਚ 149, ਬਰਨਾਲਾ 'ਚ 28, ਫਾਜ਼ਿਲਕਾ 'ਚ 17, ਸ਼ਹੀਦ ਭਗਤ ਸਿੰਘ ਨਗਰ 42, ਫਰੀਦਕੋਟ 98, ਮਾਨਸਾ 21, ਮੁਕਤਸਰ 'ਚ 98 ਲੋਕਾਂ ਦੀ ਕੋਰੋਨਾ ਰਿਪੋਰਟ ਪਾਜ਼ੇਟਿਵ ਆਈ ਹੈ।

ਦੱਸ ਦੇਈਏ ਕਿ ਹੁਣ ਤੱਕ ਪੰਜਾਬ 'ਚ ਕੋਰੋਨਾ ਦੇ 6,29,899 ਮਾਮਲੇ ਸਾਹਮਣੇ ਆ ਚੁੱਕੇ ਹਨ, ਜਿਨ੍ਹਾਂ 'ਚੋਂ 16692 ਲੋਕਾਂ ਦੀ ਮੌਤ ਹੋ ਚੁੱਕੀ ਹੈ। 589972 ਲੋਕ ਕੋਰੋਨਾ ਦੀ ਜੰਗ ਜਿੱਤ ਕੇ ਆਪਣੇ ਘਰਾਂ ਨੂੰ ਵਾਪਸ ਜਾ ਚੁੱਕੇ ਹਨ। ਕੋਰੋਨਾ ਤੋਂ ਬਚਣ ਲਈ ਲੋਕਾਂ ਨੂੰ ਕੋਰੋਨਾ ਦਾ ਟੀਕਾ ਲਗਾਉਣ ਲਈ ਕਿਹਾ ਗਿਆ ਹੈ। ਜ਼ਿਕਰਯੋਗ ਹੈ ਕਿ ਸੂਬੇ ਵਿਚ ਲਗਾਤਾਰ ਵਧ ਰਹੇ ਕੋਰੋਨਾ ਮਾਮਲਿਆਂ ਨੂੰ ਦੇਖਦੇ ਹੋਏ ਪੰਜਾਬ ਸਰਕਾਰ ਨੇ ਪੰਜਾਬ ਵਿਚ ਨਾਈਟ ਕਰਫਿਊ ਲਗਾ ਦਿੱਤਾ ਹੈ। ਇਸ ਦੇ ਨਾਲ ਹੀ ਸਕੂਲ, ਕਾਲਜ ਯੂਨੀਵਰਸਿਟੀਆਂ ਵੀ ਬੰਦ ਕਰ ਦਿੱਤੀਆਂ ਗਈਆਂ ਹਨ। ਨਾਈਟ ਕਰਫਿਊ ਰਾਤ 10 ਵਜੇ ਤੋਂ ਸਵੇਰੇ 5 ਵਜੇ ਤੱਕ ਲਾਗੂ ਰਹੇਗਾ। ਜੇਕਰ ਇਸ ਸਮੇਂ ਦਰਮਿਆਨ ਕੋਈ ਬਿਨਾਂ ਕਿਸੇ ਜ਼ਰੂਰੀ ਕੰਮ ਜਾਂ ਮੈਡੀਕਲ ਜ਼ਰੂਰਤ ਦੇ ਬਿਨਾਂ ਘੁੰਮਦਾ ਪਾਇਆ ਗਿਆ ਤਾਂ ਉਸ 'ਤੇ ਸਖਤੀ ਨਾਲ ਕਾਰਵਾਈ ਕੀਤੀ ਜਾਵੇਗੀ। ਸਰਕਾਰ ਵੱਲੋਂ ਕੋਰੋਨਾ ਹਦਾਇਤਾਂ ਤਹਿਤ ਮਾਸਕ ਪਹਿਨਣਾ ਇਕ ਵਾਰ ਫਿਰ ਲਾਜ਼ਮੀ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਰੈਸਟੋਰੈਂਟ, ਹੋਟਲ, ਬਾਰ ਆਦਿ ਥਾਵਾਂ ਨੂੰ 50 ਫ਼ੀਸਦੀ ਸਮਰੱਥਾ ਨਾਲ ਖੋਲ੍ਹਣ ਦੇ ਹੁਕਮ ਕੀਤੇ ਗਏ ਹਨ। ਇਸ ਦੇ ਨਾਲ ਹੀ ਬੱਸਾਂ ਨੂੰ ਵੀ 50 ਫੀਸਦੀ ਸਮਰੱਥਾ ਨਾਲ ਚਲਾਉਣ ਦੀ ਹਦਾਇਤ ਦਿੱਤੀ ਗਈ ਹੈ। ਸਕੂਲਾਂ-ਕਾਲਜਾਂ ਨੂੰ ਆਨਲਾਈਨ ਚਲਾਉਣ ਲਈ ਵੀ ਆਖਿਆ ਗਿਆ ਹੈ।

## ਅਮਲੋਹ ਸ਼ਹਿਰ ਦੇ ਦੁਕਾਨਦਾਰ ਗੰਦੇ ਪਾਣੀ ਕਾਰਨ ਨਰਕ ਭਰੀ ਜਿੰਦਗੀ ਜਿਉਣ ਲਈ ਮਜਬੂਰ-ਰਾਜੂ ਖੰਨਾ

ਅਮਲੋਹ, (ਪੱਤਰ ਪ੍ਰੇਰਕ)-ਕਾਂਗਰਸ ਨੇ 5 ਸਾਲ ਸਰਕਾਰ ਸਮੇਂ ਗੱਲਾਂ ਦਾ ਕੜਾਹ ਬਣਾ ਕੇ ਲੋਕਾਂ ਨੂੰ ਗੁੰਮਰਾਹ ਕੀਤਾ ਤੇ ਜਮੀਨੀ ਪੱਧਰ 'ਤੇ ਕੁਝ ਵੀ ਨਹੀਂ ਕੀਤਾ। ਇਸ ਗੱਲ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ-ਬਸਪਾ ਗਠਜੋੜ ਦੇ ਹਲਕਾ ਅਮਲੋਹ ਤੋਂ ਉਮੀਦਵਾਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਨੇ ਅੱਜ ਅਮਲੋਹ ਸ਼ਹਿਰ ਦੇ ਵਪਾਰੀਆਂ ਤੇ ਦੁਕਾਨਦਾਰਾਂ ਦੀ ਗੰਦੇ ਪਾਣੀ ਦੀ ਸਮੱਸਿਆ ਨੂੰ ਸੁਣਨ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਰਾਜੂ ਖੰਨਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਭਾਵੇਂ ਸ਼ਹਿਰ ਅੰਦਰ ਕਰੋੜਾਂ ਰੁਪਏ ਦੀ ਲਾਗਤ ਨਾਲ ਉਨ੍ਹਾਂ ਵਲੋਂ ਸੀਵਰੇਜ ਪਾਇਆ ਗਿਆ ਸੀ ਪਰ ਕਾਂਗਰਸ ਸਰਕਾਰ ਇਸ ਪਾਏ ਸੀਵਰੇਜ ਨੂੰ ਸਾਫ ਤੱਕ ਨਹੀ ਕਰਵਾ ਸਕੀ, ਜਿਸ ਕਾਰਨ ਸੜਕਾਂ ਤੇ ਗਲੀਆਂ 'ਚ ਖੜ੍ਹ ਰਹੇ ਸੀਵਰੇਜ ਦੇ ਗੰਦੇ ਪਾਣੀ ਕਾਰਨ ਸ਼ਹਿਰ ਵਾਸੀ ਨਰਕ ਭਰੀ ਜਿੰਦਗੀਜਿਉਣ ਲਈ ਮਜਬੂਰ ਹਨ। ਉੱਥੇ ਸ਼ਹਿਰ ਦੇ ਵਪਾਰੀ ਤੇ ਦੁਕਾਨਦਾਰ ਵੀ ਦੁਕਾਨਾਂ ਅੱਗੇ ਖੜ੍ਹੇ ਗੰਦੇ ਪਾਣੀ ਕਾਰਨ ਸੰਤਾਪ ਭੋਗਣ ਲਈ ਮਜਬੂਰ ਹਨ। ਉਨ੍ਹਾਂ ਕਿਹਾ ਕਿ ਜਦੋਂ ਦੀ ਕਾਂਗਰਸ ਸਰਕਾਰ ਨਗਰ ਕੌਂਸਲ ਅਮਲੋਹ 'ਤੇ ਕਾਬਜ ਹੋਈ ਉਸ ਵਲੋਂ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਕੀਤੇ ਵਿਕਾਸ ਕਾਰਜ ਵੀ ਨਹੀਂ ਸੰਭਾਲੇ ਗਏ, ਜਿਸ ਕਾਰਨ ਅਮਲੋਹ ਸ਼ਹਿਰ ਦੇ ਵਾਸੀ ਨਰਕ ਭਰੀ ਜਿੰਦਗੀ ਜਿਉਣ ਲਈ ਮਜਬੂਰ ਹਨ। ਰਾਜੂ ਖੰਨਾ ਨੇ ਅਮਲੋਹ ਸ਼ਹਿਰ ਦੇ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਉਹ ਅਕਾਲੀ ਬਸਪਾ ਗਠਜੋੜ ਦੀ ਸਰਕਾਰ ਬਣਦੇ ਹੀ ਸ਼ਹਿਰ ਦੀ ਹਰ ਸਮੱਸਿਆ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਹੱਲ ਕਰਨਗੇ। ਇਸ ਸਬੰਧੀ ਗੱਲਬਾਤ ਕਰਦਿਆਂ ਨਗਰ ਕੌਂਸਲ ਪ੍ਰਧਾਨ ਡਾ. ਹਰਪ੍ਰੀਤ ਸਿੰਘ ਨੇ ਕਿਹਾ ਪਿਛਲੀ ਅਕਾਲੀ ਦਲ ਦੀ ਸਰਕਾਰ ਵਲੋਂ ਸੀਵਰੇਜ ਦੇ ਪਾਈਪ ਛੋਟੇ ਪਾਏ ਗਏ ਸਨ, ਜਿਸ ਕਰਕੇ ਕਈ ਵਾਰ ਸੀਵਰੇਜ ਜਾਮ ਹੋ ਜਾਂਦੀ ਹੈ ਜਲਦ ਪਾਣੀ ਦੀ ਨਿਕਾਸੀ ਹੋ ਜਾਵੇਗੀ।

# ਡਰੱਗ ਕੇਸ 'ਚ ਮਜੀਠੀਆ ਨੂੰ ਬਚਾਅ ਕੇ ਚੰਨੀ ਨੇ ਲਾਹਿਆ ਕਰਜਾ : ਭਗਵੰਤ ਮਾਨ

ਚੰਡੀਗੜ੍ਹ , (ਪੱਤਰ ਪ੍ਰੇਰਕ)-ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ 'ਆਪ' ਪਹਿਲੇ ਦਿਨ ਤੋਂ ਹੀ ਕਹਿੰਦੀ ਰਹੀ ਹੈ ਕਿ ਡਰੱਗ ਮਾਮਲੇ 'ਚ ਚੰਨੀ ਸਰਕਾਰ ਅਤੇ ਬਾਦਲ ਪਰਿਵਾਰ ਰਲ-ਮਿਲ ਕੇ ਚੱਲ ਰਹੇ ਹਨ ਕਿਉਂਕਿ (ਬਾਦਲ-ਮਜੀਠੀਆ) ਨੇ ਲੁਧਿਆਣਾ ਦੇ ਸਿਟੀ ਸੈਂਟਰ ਘਪਲੇ 'ਚ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਭਰਾ ਨੂੰ ਬਚਾਇਆ ਸੀ ਅਤੇ ਹੁਣ ਡਰੱਗ ਕੇਸ 'ਚ ਮਜੀਠੀਆ ਨੂੰ ਬਚਾਅ ਕੇ ਮੁੱਖ ਮੰਤਰੀ ਚੰਨੀ ਨੇ ਕਰਜਾ ਲਾਹਿਆ ਹੈ। ਮਾਨ ਨੇ ਇਹ ਵੀ ਕਿਹਾ ਕਿ ਕਾਂਗਰਸ ਦੀ ਚੰਨੀ ਸਰਕਾਰ ਨੇ 111 ਦਿਨ ਮੁਹੱਲੇ ਦੀ ਕ੍ਰਿਕਟ ਟੀਮ ਦੀ ਤਰ੍ਹਾਂ ਕੰਮ ਕੀਤਾ ਹੈ ਤੇ ਸੂਬੇ 'ਚ ਸਰਕਾਰ ਜਾਂ ਕਾਨੂੰਨ ਦੀ ਕੋਈ ਵਿਵਸਥਾ ਨਹੀਂ ਸੀ, ਇਸ ਲਈ ਪੰਜਾਬ ਦੇ ਲੋਕਾਂ ਨੇ ਮਨ ਬਣਾ ਲਿਆ ਕਿ ਆਮ ਆਦਮੀ ਪਾਰਟੀ ਨੂੰ ਪੰਜਾਬ ਦੀ ਸੱਤਾ 'ਤੇ ਬਿਠਾਉਣਾ।

ਮੰਗਲਵਾਰ ਨੂੰ ਚੰਡੀਗੜ੍ਹ ਵਿਖੇ ਇਕ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਭਗਵੰਤ ਮਾਨ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ 'ਤੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਹਲਕੀ ਤੇ ਡੰਗ ਟਪਾਊ ਪੁਲਸ ਕਾਰਵਾਈ ਕਰਨ ਦਾ ਦੋਸ਼ ਲਾਇਆ ਹੈ। ਉਨ੍ਹਾਂ ਕਿਹਾ ਕਿ ਚਰਨਜੀਤ ਸਿੰਘ ਚੰਨੀ ਅਤੇ (ਬਾਦਲ-ਮਜੀਠੀਆ) ਪਰਿਵਾਰ ਨਾਲ ਪਹਿਲਾਂ ਹੀ ਗੁਪਤ ਸਮਝੌਤਾ ਹੋ ਗਿਆ ਸੀ ਕਿ ਚੰਨੀ ਸਰਕਾਰ ਡਰੱਗ ਮਾਮਲੇ 'ਚ ਮਜੀਠੀਆ ਖ਼ਿਲਾਫ਼ ਹਲਕੇ ਪੱਧਰ ਦੀ ਕਾਰਵਾਈ ਕੀਤੀ ਹੈ। ਇਸੇ ਲਈ ਕਾਂਗਰਸ ਸਰਕਾਰ ਨੇ ਐੱਫ਼. ਆਈ. ਆਰ. ਦਰਜ ਹੋਣ ਦੇ 20-22 ਦਿਨ ਬੀਤਣ ਦੇ ਬਾਵਜੂਦ ਬਿਕਰਮ ਸਿੰਘ ਮਜੀਠੀਆ ਨੂੰ ਜਾਣਬੁੱਝ ਕੇ ਗ੍ਰਿਫ਼ਤਾਰ ਨਹੀਂ ਕੀਤਾ, ਜਦਕਿ ਕਾਫ਼ੀ ਦਿਨ ਪਹਿਲਾਂ ਜ਼ਿਲ੍ਹਾ ਅਦਾਲਤ ਮੋਹਾਲੀ ਵੱਲੋਂ ਮਜੀਠੀਆ ਦੀ ਜ਼ਮਾਨਤ ਅਰਜੀ ਖ਼ਾਰਿਜ ਕਰ ਦਿੱਤੀ ਗਈ ਸੀ।

ਮਾਨ ਨੇ ਕਿਹਾ ਕਿ ਜਿਹੋ-ਜਿਹੀ ਕਾਨੂੰਨੀ ਕਾਰਵਾਈ ਦਾ ਹਾਲ ਮਜੀਠੀਆ ਕੇਸ 'ਚ ਹੋਇਆ ਹੈ, ਉਹੋ ਜਿਹਾ ਹਾਲ ਟਰਾਂਸਪੋਰਟ ਮੰਤਰੀ ਰਾਜਾ ਵੜਿੰਗ ਦੀ ਬਾਦਲਾਂ ਦੀਆਂ ਬੱਸਾਂ ਖ਼ਿਲਾਫ਼ ਕੀਤੀ ਕਾਨੂੰਨੀ ਕਾਰਵਾਈ ਦਾ ਹੋਇਆ ਹੈ। ਰਾਜਾ ਵੜਿੰਗ ਨੇ ਬਾਦਲਾਂ ਦੀਆਂ ਬੱਸਾਂ ਨੂੰ ਤਕੜੇ ਹੱਥ ਨਹੀਂ ਪਾਏ, ਸਗੋਂ ਲੋਕਾਂ ਦੇ ਅੱਖੀਂ ਘੱਟਾ ਪਾਉਣ ਦੀ ਕਾਰਵਾਈ ਕੀਤੀ ਸੀ। ਇਸ ਕਾਰਨ ਅੱਜ ਬਾਦਲਾਂ ਦੀਆਂ ਸਾਰੀਆਂ ਬੱਸਾਂ ਸੜਕਾਂ 'ਤੇ ਚੱਲਦੀਆਂ ਹਨ। ਉਨਾਂ ਕਿਹਾ ਕਿ 'ਆਪ' ਦੀ ਸਰਕਾਰ ਬਣਨ 'ਤੇ ਡਰੱਗ ਮਾਮਲੇ ਸਮੇਤ ਬਾਦਲਾਂ, ਕਾਂਗਰਸੀਆਂ ਅਤੇ ਮਾਫੀਆ ਦੀਆਂ ਸਾਰੀਆਂ ਫਾਈਲਾਂ ਖੋਲ੍ਹੀਆਂ ਜਾਣਗੀਆਂ ਅਤੇ ਮਿਸਾਲੀ ਕਾਰਵਾਈ ਕੀਤੀ ਜਾਵੇਗੀ। ਭਗਵੰਤ ਮਾਨ ਨੇ ਕਿਹਾ ਕਿ ਕਾਂਗਰਸ ਦੇ ਹੀ ਸਾਬਕਾ ਆਗੂ ਕੈਪਟਨ ਅਮਰਿੰਦਰ ਸਿੰਘ ਨੇ ਸ੍ਰੀ ਗੁਟਕਾ ਸਾਹਿਬ ਦੀ ਸਹੁੰ ਚੁੱਕ ਕੇ ਪੰਜਾਬ 'ਚੋਂ ਚਾਰ ਹਫ਼ਤਿਆਂ 'ਚ ਨਸ਼ਾ ਖ਼ਤਮ ਕਰਨ ਦਾ ਵਾਅਦਾ ਕੀਤਾ ਸੀ ਪਰ ਸਾਢੇ ਚਾਰ ਸਾਲ ਸਰਕਾਰ 'ਚ ਰਹਿ ਕੈਪਟਨ ਨੇ ਮਜੀਠੀਆ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸਪੱਸ਼ਟ ਹੋ ਚੁੱਕਾ ਹੈ ਕਿ



ਕਾਂਗਰਸ, ਅਕਾਲੀ ਦਲ ਬਾਦਲ, ਭਾਰਤੀ ਜਨਤਾ ਪਾਰਟੀ ਅਤੇ ਕੈਪਟਨ ਅਮਰਿੰਦਰ ਸਿੰਘ ਸਭ ਆਪਸ 'ਚ ਰਲੇ-ਮਿਲੇ ਹੋਏ ਹਨ। ਹੁਣ ਲੋਕਾਂ ਲਈ ਬਸ ਇਹ ਸਮਝਣਾ ਬਾਕੀ ਰਹਿ ਗਿਆ ਹੈ ਕਿ ਇਹ (ਕਾਂਗਰਸ, ਬਾਦਲ, ਭਾਜਪਾ, ਕੈਪਟਨ) ਸਾਰੇ ਚੋਣਾਂ ਵੇਲੇ ਆਪਸ 'ਚ ਰਲਦੇ ਹਨ ਜਾਂ ਲੜਦੇ ਹਨ।

ਭਗਵੰਤ ਮਾਨ ਨੇ ਦਾਅਵਾ ਕੀਤਾ ਕਿ ਪੰਜਾਬ ਦੇ ਲੋਕ ਇਸ ਵਾਰ ਸੂਬੇ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣਗੇ ਕਿਉਂਕਿ ਹਰ ਵਾਰ ਦੇ ਰਾਜਨੀਤਕ ਸਰਵੇ ਵਿਚ 'ਆਪ' ਦੀਆਂ ਸੀਟਾਂ ਦੀ ਗਿਣਤੀ ਵਧਦੀ ਜਾਂਦੀ ਹੈ ਅਤੇ ਲੋਕ ਆਪ ਮੁਹਾਰੇ ਰੈਲੀਆਂ 'ਚ ਸ਼ਾਮਲ ਹੋ ਰਹੇ ਹਨ, ਜੋ 'ਆਪ' ਦੀ ਸਰਕਾਰ ਬਣਨ ਦਾ ਪੱਕਾ ਸਬੂਤ ਹੈ। ਮਾਨ ਨੇ ਕਿਹਾ, ''ਆਮ ਆਦਮੀ ਪਾਰਟੀ ਕੋਲ ਪੰਜਾਬ ਦੇ ਵਿਕਾਸ ਲਈ ਰੋਡਮੈਪ ਹੈ। ਖੇਤੀ ਦੇ ਵਿਕਾਸ ਦਾ ਰੋਡਮੈਪ, ਉਦਯੋਗਾਂ ਦੇ ਵਿਕਾਸ ਦਾ ਰੋਡਮੈਪ, ਸਿੱਖਿਆ ਅਤੇ ਇਲਾਜ ਦਾ ਰੋਡਮੈਪ, ਬੇਰੁਜ਼ਗਾਰੀ ਤੇ ਗਰੀਬੀ ਖ਼ਤਮ ਕਰਨ ਦਾ ਰੋਡਮੈਪ ਪਾਰਟੀ ਵੱਲੋਂ ਤਿਆਰ ਕੀਤਾ ਗਿਆ ਹੈ। ਸੂਬੇ 'ਚ ਭਾਈਚਾਰਕ ਸਾਂਝ ਅਤੇ ਸਾਰਥਿਕ ਰਾਜਨੀਤੀ ਕਾਇਮ ਕੀਤੀ ਜਾਵੇਗੀ ਕਿਉਂਕਿ 'ਆਪ' ਧਰਮ ਨਿਰਪੱਖ ਪਾਰਟੀ ਹੈ।''

ਆਮ ਆਦਮੀ ਪਾਰਟੀ ਦੇ ਨਾਂ ਥੱਲੇ ਪ੍ਰਚਾਰੇ ਜਾ ਰਹੇ ਇਕ ਪੋਸਟਰ ਦਾ ਖੰਡਨ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ ਪਾਰਟੀ ਨੇ ਅਜਿਹਾ ਕੋਈ ਪੋਸਟਰ ਜਾਰੀ ਨਹੀਂ ਕੀਤਾ, ਜਿਸ 'ਚ ਲੋਕਾਂ ਨੂੰ ਕਿਹਾ ਗਿਆ ਹੋਵੇ ਕਿ 'ਪੈਸੇ ਸਭ ਤੋਂ ਲੈ ਲਵੋ, ਵੋਟ 'ਆਪ' ਨੂੰ ਹੀ ਪਾਇਓ'। ਇਸ ਤਰ੍ਹਾਂ ਦੇ ਪੋਸਟਰ ਨਾਲ 'ਆਪ' ਦਾ ਕੋਈ ਸੰਬੰਧ ਨਹੀਂ। ਪਾਰਟੀ ਵੱਲੋਂ ਟਿਕਟਾਂ ਵੇਚਣ ਦੇ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰਦਿਆਂ ਮਾਨ ਨੇ ਦਾਅਵਾ ਕੀਤਾ ਕਿ ਜੇ ਕਿਸੇ ਕੋਲ਼ ਪੈਸੇ ਲੈ ਕੇ ਟਿਕਟਾਂ ਦੇਣ ਦਾ ਸਬੂਤ ਹੈ ਤਾਂ ਉਨ੍ਹਾਂ ਨੂੰ ਦਿੱਤਾ ਜਾਵੇ ਕਿਉਂਕਿ 'ਆਪ' ਤਾਂ ਐਂਟੀ-ਕੁਰੱਪਸ਼ਨ ਮੁਹਿੰਮ ਵਿਚੋਂ ਨਿਕਲੀ ਹੋਈ ਪਾਰਟੀ ਹੈ। ਉਨ੍ਹਾਂ ਕਿਹਾ, ''ਪਾਰਟੀ ਏਜੰਡੇ 'ਤੇ ਚਲਦੀ ਹੈ। ਨੇਤਾ ਬਦਲ ਸਕਦੇ ਹਨ ਪਰ ਨੀਤੀਆਂ ਨਹੀਂ ਬਦਲਦੀਆਂ।''ਭਗਵੰਤ ਮਾਨ ਨੇ ਨਵੇਂ ਬਣੇ ਸੰਯੁਕਤ ਸਮਾਜ ਮੋਰਚੇ ਦੀ ਕਾਇਮੀ ਲਈ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੂੰ ਸ਼ੁੱਭ ਕਾਮਨਾਵਾਂ ਦਿੰਦਿਆਂ ਕਿਹਾ ਕਿ 'ਆਪ' ਵੱਲੋਂ ਕਿਸੇ ਨੂੰ ਵੀ ਮੁੱਖ ਮੰਤਰੀ ਦੇ ਅਹੁਦੇ ਦੀ ਪੇਸ਼ਕਸ਼ ਨਹੀਂ ਕੀਤੀ ਗਈ ਸੀ। ਪਾਰਟੀ ਬਹੁਤ ਜਲਦ ਹੀ ਮੁੱਖ ਮੰਤਰੀ ਦਾ ਨਾਂ ਐਲਾਨ ਕੇ ਮੁਹਿੰਮ ਵਿੱਚ ਉਤਰੇਗੀ।

## ਬੀਕੇਯੂ ਉਗਰਾਹਾਂ ਨੇ ਸਰਕਾਰੀ ਦਫ਼ਤਰਾਂ ਦਾ ਘਿਰਾਓ ਅਣਮਿਥੇ ਸਮੇਂ ਲਈ ਵਧਾਇਆ, ਮੁੱਖ ਮੰਤਰੀ ਨਾਲ ਤੈਅ ਮੀਟਿੰਗ ਫਿਰ ਮੁਲਤਵੀ

ਚੰਡੀਗੜ੍ਹ , (ਪੱਤਰ ਪ੍ਰੇਰਕ)- ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨਾਲ ਸੋਮਵਾਰ ਦੀ ਮੀਟਿੰਗ ਮੁੜ ਮੁਲਤਵੀ ਕੀਤੇ ਜਾਣ 'ਤੇ ਸਖ਼ਤ ਇਤਰਾਜ ਪ੍ਰਗਟ ਕੀਤਾ ਹੈ। ਯੂਨੀਅਨ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੱਸਿਆ ਕਿ 3 ਜਨਵਰੀ ਨੂੰ ਹੋਣ ਵਾਲੀ ਮੀਟਿੰਗ 7 ਜਨਵਰੀ ਤਕ ਮੁਲਤਵੀ ਕਰ ਦਿੱਤੀ ਹੈ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ 23 ਦਸੰਬਰ ਨੂੰ ਸੰਖੇਪ ਮੀਟਿੰਗ ਕਰਕੇ ਤਿੰਨ ਜਨਵਰੀ ਨੂੰ ਮੀਟਿੰਗ ਕਰਨ ਦਾ ਭਰੋਸਾ ਦਿੱਤਾ ਸੀ। ਉਨ੍ਹਾਂ ਕਿਹਾ ਕਿ ਸਰਕਾਰ ਦੀ ਟਾਲਮਟੋਲ ਵਾਲੀ ਕਿਸਾਨ ਵਿਰੋਧੀ ਨੀਤੀ ਵਿਰੁੱਧ 15 ਜ਼ਿਲ੍ਹਿਆਂ ਵਿਚ 12 ਡਿਪਟੀ ਕਮਿਸ਼ਨਰਜ਼ ਅਤੇ ਤਿੰਨ ਐੱਸਡੀਐੱਮ ਦਫ਼ਤਰਾਂ ਦੇ ਘਿਰਾਓ ਅਣਮਿਥੇ ਸਮੇਂ ਲਈ ਵਧਾ ਦਿੱਤੇ ਗਏ ਹਨ। ਕੋਕਰੀ ਕਲਾਂ ਨੇ ਦੱਸਿਆ ਕਿ 23 ਦਸੰਬਰ ਦੀ ਸੰਖੇਪ ਮੀਟਿੰਗ ਵਿਚ ਫਸਲੀ ਖ਼ਰਾਬੇ ਅਤੇ ਸ਼ਹੀਦ ਕਿਸਾਨਾਂ ਦੇ ਵਾਰਸਾਂ ਸਮੇਤ ਖੁਦਕੁਸ਼ੀ ਪੀੜਤ ਪਰਿਵਾਰਾਂ ਨੂੰ ਮੁਆਵਜ਼ੇ ਤੇ ਨੌਕਰੀਆਂ ਦੇਣ ਵਰਗੀਆਂ ਛੇ ਮੰਨੀਆਂ ਹੋਈਆਂ ਮੰਗਾਂ ਨੂੰ ਲਾਗੂ ਕਰਨ ਤੋਂ ਵੀ ਲਗਾਤਾਰ ਟਾਲਮਟੋਲ ਕੀਤਾ ਜਾ ਰਿਹਾ ਹੈ। ਸਰਕਾਰ ਨੇ 28 ਅਤੇ 30 ਦਸੰਬਰ ਨੂੰ ਮੁੜ ਰੱਖੀਆਂ




ਮੀਟਿੰਗਾਂ ਵੀ ਆਨੇ-ਬਹਾਨੇ ਟਾਲ ਦਿੱਤੀਆਂ ਗਈਆਂ। ਹੱਡ ਚੀਰਵੀਂ ਠੰਢ ਵਿੱਚ ਦਿਨੇ ਰਾਤ ਸੜਕਾਂ 'ਤੇ ਪਰਵਾਰਾਂ ਸਮੇਤ ਰੁਲਣ ਲਈ ਮਜਬੂਰ ਕੀਤੇ ਹਜ਼ਾਰਾਂ ਕਿਸਾਨਾਂ ਮਜ਼ਦੂਰਾਂ ਨਾਲ ਅਜਿਹੇ ਅਣਮਨੁੱਖੀ ਗੈਰਜ਼ਿੰਮੇਵਾਰ ਵਤੀਰੇ ਨੇ ਹੀ ਜਥੇਬੰਦੀ ਨੂੰ ਦਫ਼ਤਰਾਂ ਦੇ ਘਿਰਾਓ ਵਰਗੇ ਸਖ਼ਤ ਫ਼ੈਸਲੇ ਲਈ ਮਜਬੂਰ ਕੀਤਾ ਹੈ।

ਕਿਸਾਨ ਆਗੂ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪੰਜਾਬ ਫੇਰੀ ਵਿਰੁੱਧ ਰੋਸ ਵਜੋਂ ਅੱਜ ਵੱਖ-ਵੱਖ ਜ਼ਿਲ੍ਹਿਆਂ ਦੇ 239 ਪਿੰਡਾਂ ਵਿਚ ਅਰਥੀ ਫੂਕ ਮੁਜ਼ਾਹਰੇ ਕੀਤੇ ਗਏ। ਮੁਜ਼ਾਹਰਿਆਂ ਦੌਰਾਨ ਅਜੇ ਮਿਸ਼ਰਾ ਟੈਣੀ ਸਮੇਤ ਲਖੀਮਪੁਰ ਖੀਰੀ ਕਾਂਡ ਦੇ ਸਾਰੇ ਦੋਸ਼ੀਆਂ ਵਿਰੁੱਧ ਕਤਲ ਦਾ ਕੇਸ ਦਰਜ ਕਰਨ, ਐੱਮਐੱਸਪੀ 'ਤੇ ਸਾਰੀਆਂ ਫ਼ਸਲਾਂ ਦੀ ਖਰੀਦ ਦੀ ਕਾਨੂੰਨੀ ਗਰੰਟੀ ਕਰਨ, ਦਿੱਲੀ ਸਮੇਤ ਸਾਰੇ ਰਾਜਾਂ ਵਿੱਚ ਅੰਦੋਲਨਕਾਰੀ ਕਿਸਾਨਾਂ ਮਜ਼ਦੂਰਾਂ ਸਿਰ ਮੜ੍ਹੇ ਪੁਲਿਸ ਕੇਸ ਰੱਦ ਕਰਨ ਦੇ ਲਿਖਤੀ ਵਾਅਦੇ ਲਾਗੂ ਕਰਨ ਤੋਂ ਅਤੇ ਕਿਸਾਨਾਂ ਮਜ਼ਦੂਰਾਂ ਸਿਰ ਚੜ੍ਹੇ ਸਰਕਾਰੀ ਗੈਰਸਰਕਾਰੀ ਸਮੁੱਚੇ ਕਰਜ਼ੇ ਖ਼ਤਮ ਕਰਨ ਵਰਗੀਆਂ ਮੰਗਾਂ ਮੰਨਣ 'ਤੇ ਜ਼ੋਰ ਦਿੱਤਾ ਗਿਆ।

### 5 ਦੇ ਰੋਸ ਪ੍ਰਦਰਸ਼ਨਾਂ 'ਚ ਪੁੱਜਣ ਦੀ ਕੀਤੀ ਅਪੀਲ

ਅੱਜ ਦੇ ਇਕੱਠਾਂ ਨੂੰ ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ, ਝੰਡਾ ਸਿੰਘ ਜੇਠੂਕੇ, ਸ਼ਿੰਗਾਰਾ ਸਿੰਘ ਮਾਨ, ਜਨਕ ਸਿੰਘ ਭੁਟਾਲ, ਹਰਦੀਪ ਸਿੰਘ ਟੱਲੇਵਾਲ, ਜਸਵਿੰਦਰ ਸਿੰਘ ਲੌਂਗੋਵਾਲ, ਜਗਤਾਰ ਸਿੰਘ ਕਾਲਾਝਾੜ, ਹਰਿੰਦਰ ਕੌਰ ਬਿੰਦੂ ਕਮਲਜੀਤ ਕੌਰ ਬਰਨਾਲਾ, ਗੁਰਪ੍ਰੀਤ ਕੌਰ ਬਰਾਸ ਅਤੇ ਕੁਲਦੀਪ ਕੌਰ ਕੁੱਸਾ ਸਮੇਤ ਹੋਰਨਾਂ ਆਗੂਆਂ ਨੇ ਸੰਬੋਧਨ ਕੀਤਾ।

## ਫਤਹਿਗੜ੍ਹ ਸਾਹਿਬ 'ਚ ਪੰਜਾਬ ਨੰਬਰਦਾਰ ਯੂਨੀਅਨ ਦੀ ਹੋਈ ਮਹੀਨਾਵਾਰ ਮੀਟਿੰਗ

ਫਤਹਿਗੜ੍ਹ ਸਾਹਿਬ, (ਪੱਤਰ ਪ੍ਰੇਰਕ)- ਪੰਜਾਬ ਨੰਬਰਦਾਰ ਯੂਨੀਅਨ ਦੀ ਮਹੀਨਾਵਾਰ ਮੀਟਿੰਗ ਜ਼ਿਲ੍ਹੇ ਪ੍ਰਧਾਨ ਤੇ ਕਾਰਜਕਾਰੀ ਪ੍ਰਧਾਨ ਕੁਲਵੰਤ ਸਿੰਘ ਝਾਂਮਪੁਰ ਦੀ ਪ੍ਰਧਾਨਗੀ ਹੇਠ ਮਾਤਾ ਗੁਜਰੀ ਸਰਾਂ ਫਤਹਿਗੜ੍ਹ ਸਾਹਿਬ ਵਿਖੇ ਹੋਈ, ਜਿਸ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਨਵਾਂ ਸਾਲ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ ਪੁਰਬ ਦੀ ਵਧਾਈ ਦਿੱਤੀ . ਨੰਬਰਦਾਰਾਂ ਨੇ ਰੋਸ ਜਾਹਿਰ ਕਰਦਿਆਂ ਕਿਹਾ ਕਿ ਕਾਂਗਰਸ ਸਰਕਾਰ ਨੇ ਆਪਣੇ ਕਾਰਜਕਾਲ ਵਿਚ ਨੰਬਰਦਾਰਾਂ ਨਾਲ ਮਾਣਭੱਤਾ ਵਧਾਉਣ ਦਾ ਕੀਤਾ ਵਾਅਦਾ ਵੀ ਪੂਰਾ ਨਹੀਂ ਕੀਤਾ . ਇਸ ਤੋਂ ਇਲਾਵਾ ਜੱਟੀ ਪੁਸਟੀ ਨੰਬਰਦਾਰੀ ਦੀ ਮੰਗ ਸਮੇਤ ਹੋਰਨਾਂ ਮੰਗਾਂ ਵੀ ਉਸੇ ਤਰ੍ਹਾਂ ਲਟਕ ਰਹੀਆਂ ਹਨ . ਮੀਟਿੰਗ ਦੌਰਾਨ ਨੰਬਰਦਾਰਾਂ ਨੇ ਵੱਖ-ਵੱਖ ਜਥੇਬੰਦੀਆਂ ਵਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਰਾਜਪਾਲ ਹਾਊਸ ਤੱਕ ਕੱਢੇ ਰਿਹਾਈ ਮਾਰਚ ਦਾ ਵੀ ਪੂਰਨ ਸਮਰਥਨ ਕੀਤਾ . ਉਨ੍ਹਾਂ ਪ੍ਰਸਾਸਨ ਤੋਂ ਮੰਗ ਕੀਤੀ ਕਿ ਬਾਰਸ ਕਾਰਨ ਆਲੂ ਅਤੇ ਕਣਕ ਦੇ ਹੋਏ ਨੁਕਸਾਨ ਦੀ ਗਿਰਦਾਵਰੀ ਕਰਵਾ ਕੇ ਕਿਸਾਨਾਂ ਨੂੰ ਬਣਦਾ ਮੁਆਵਜਾ ਦਿੱਤਾ ਜਾਵੇ . ਮੀਟਿੰਗ 'ਚ ਨੰਬਰਦਾਰ ਹਰਬੰਸ ਸਿੰਘ ਈਸਰਹੇਲ, ਸਰਧਾ ਸਿੰਘ ਅਮਲੋਹ, ਗੁਰਵਿੰਦਰ ਸਿੰਘ, ਮਨਜੀਤ ਸਿੰਘ ਬਸੀ, ਦਰਸਨ ਸਿੰਘ ਮਹਿਮੂਦਪੁਰ, ਪਿਆਰਾ ਸਿੰਘ ਸਲਾਣਾ, ਬਲਵੰਤ ਸਿੰਘ ਚੁੰਨੀ, ਲਖਵਿੰਦਰ ਸਿੰਘ ਨਲੀਨੀ, ਜਸਵਿੰਦਰ ਸਿੰਘ ਮਹਿਦੂਦਾਂ ਆਦਿ ਸਾਮਿਲ ਸਨ .

## ਮਾਮਲਾ ਜਬਰ-ਜਨਾਹ ਦਾ : ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸਨ ਨੇ ਮਾਮਲੇ 'ਚ  ਨੂੰ ਕੀਤਾ ਤਲਬ

ਜਲੰਧਰ , (ਪੱਤਰ ਪ੍ਰੇਰਕ)- ਕਰੀਬ 8 ਮਹੀਨੇ ਪਹਿਲਾਂ ਨਕੋਦਰ ਦੀ ਇਕ ਹਵੇਲੀ 'ਚ 25 ਸਾਲਾ ਲੜਕੀ ਨਾਲ ਜਬਰ-ਜਨਾਹ ਕਰਨ ਦੇ ਦੋਸੀ ਸਚਿਨ ਅਰੋੜਾ ਉਰਫ ਸਚੂ ਪੁੱਤਰ ਅਵਿਨਾਸ ਚੰਦਰ ਵਾਸੀ ਦੁੱਗਾ ਕਾਲੋਨੀ, ਬੈਕਸਾਈਡ ਐੱਚ. ਐੱਮ. ਬੀ. ਨੂੰ ਪੁਲਸ ਵੱਲੋਂ ਅਜੇ ਤੱਕ ਗ੍ਰਿਫਤਾਰ ਨਹੀਂ ਕੀਤਾ ਗਿਆ। ਇਸ ਤੋਂ ਬਾਅਦ ਪੀੜਤ ਲੜਕੀ ਚੰਡੀਗੜ੍ਹ ਐੱਸ. ਸੀ. ਕਮਿਸਨ ਦੇ ਸੀਨੀਅਰ ਵਾਈਸ ਚੇਅਰਮੈਨ ਦੀਪਕ ਵੇਰਕਾ ਦੇ ਸਾਹਮਣੇ ਪੇਸ ਹੋਈ ਤੇ ਇਨਸਾਫ ਦੀ ਗੁਹਾਰ ਲਾਈ। ਦੱਸਿਆ ਜਾ ਰਿਹਾ ਹੈ ਕਿ ਇਸ ਮਾਮਲੇ 'ਚ ਦੀਪਕ ਵੇਰਕਾ ਨੇ ਦਿਹਾਤੀ ਪੁਲਸ 'ਚ ਤਾਇਨਾਤ ਡੀ. ਐੱਸ. ਪੀ. ਨਕੋਦਰ ਲਖਵਿੰਦਰ ਮੱਲ੍ਹ ਨੂੰ 18 ਜਨਵਰੀ ਨੂੰ ਚੰਡੀਗੜ੍ਹ 'ਚ ਤਲਬ ਕੀਤਾ ਹੈ ਅਤੇ ਮਾਮਲੇ 'ਚ ਪੁਲਸ ਵੱਲੋਂ ਕੀਤੀ ਗਈ ਕਾਰਵਾਈ ਦੀ ਪੂਰੀ ਰਿਪੋਰਟ ਲਿਆਉਣ ਲਈ ਵੀ ਕਿਹਾ ਹੈ। ਪੀੜਤ ਲੜਕੀ ਦਾ ਕਹਿਣਾ ਹੈ ਕਿ ਉਹ ਦਲਿਤ ਪਰਿਵਾਰ ਨਾਲ ਸਬੰਧ ਰੱਖਦੀ ਹੈ ਅਤੇ ਮੁਲਜਮ ਦੀ ਸਿਆਸੀ ਲੋਕਾਂ ਨਾਲ ਪੂਰੀ ਸਾਂਝ ਹੈ, ਜਿਸ ਕਾਰਨ ਉਸ ਨੂੰ ਇਨਸਾਫ ਨਹੀਂ ਮਿਲ ਰਿਹਾ।ਪੀੜਤ ਲੜਕੀ ਨੇ ਦੱਸਿਆ ਕਿ ਉਸ ਨੂੰ ਨਸੇ ਵਾਲਾ ਪਦਾਰਥ ਖਿਲਾ ਕੇ ਜਬਰ-ਜਨਾਹ ਕਰਨ ਤੋਂ ਬਾਅਦ ਮੁਲਜਮ ਨੇ ਉਸ ਦੀ ਵੀਡੀਓ ਵੀ ਬਣਾਈ ਸੀ। ਕਈ ਪੁਲਸ ਅਧਿਕਾਰੀਆਂ ਦੇ ਸਾਹਮਣੇ ਪੇਸ ਹੋਣ ਤੋਂ ਬਾਅਦ ਥਾਣਾ ਨਕੋਦਰ ਸਿਟੀ ਪੁਲਸ ਨੇ ਮੁਲਜਮ ਸਚਿਨ ਖਿਲਾਫ ਧਾਰਾ 376, 328, 506, 354 ਡੀ, ਐੱਸ. ਸੀ./ਐੱਸ. ਟੀ. ਐਕਟ ਤਹਿਤ ਮਾਮਲਾ ਦਰਜ ਕਰ ਲਿਆ ਹੈ ਪਰ ਇਸ ਤੋਂ ਬਾਅਦ ਉਸ 'ਤੇ ਲਗਾਤਾਰ ਦਬਾਅ ਪਾਇਆ ਜਾ ਰਿਹਾ ਹੈ ਕਿ ਉਹ ਮੁਲਜਮ ਦੀ ਗੱਲ ਮੰਨ ਲਵੇ ਪਰ ਉਹ ਨਹੀਂ ਮੰਨੀ ਤਾਂ ਮੁਲਜਮ ਨੇ ਹੁਸ਼ਿਆਰਪੁਰ ਪੁਲਸ ਤੋਂ ਆਪਣੇ ਮਾਮਲੇ ਦੀ ਜਾਂਚ ਕਰਵਾਈ, ਜਿੱਥੇ ਜਾਂਚ ਤੋਂ ਬਾਅਦ ਉਸ ਦੇ ਹੱਕ 'ਚ ਪੂਰੀ ਪੜਤਾਲ ਕਰ ਕੇ ਰਿਪੋਰਟ ਐੱਸ. ਐੱਸ. ਪੀ. ਦੇਹਤੀ ਨੂੰ ਸੌਂਪ ਦਿੱਤੀ ਪਰ ਫਿਰ ਵੀ ਮੁਲਜਮ ਸਰੇਆਮ ਘੁੰਮ ਰਿਹਾ ਹੈ ਅਤੇ ਪੁਲਸ ਉਸ ਨੂੰ ਗ੍ਰਿਫਤਾਰ ਨਹੀਂ ਕਰ ਰਹੀ। ਪੀੜਤ ਲੜਕੀ ਦਾ ਕਹਿਣਾ ਹੈ ਕਿ ਜੋ ਲੋਕ ਉਸ ਦਾ ਸਮਰਥਨ ਕਰਦੇ ਹਨ ਅਤੇ ਜੇਕਰ ਕੱਲ ਨੂੰ ਉਸ ਨੂੰ ਕੁਝ ਹੋਇਆ ਤਾਂ ਇਸ ਦੇ ਜ਼ਿੰਮੇਵਾਰ ਸਚਿਨ ਅਰੋੜਾ ਅਤੇ ਉਸ ਦੇ ਸਾਥੀ ਹੋਣਗੇ ਕਿਉਂਕਿ ਉਸ ਨੂੰ ਲਗਾਤਾਰ ਧਮਕੀਆਂ ਮਿਲ ਰਹੀਆਂ ਹਨ।

### ਪ੍ਰਧਾਨ ਮੰਤਰੀ ਵਲੋਂ 'ਵੀਰ ਬਾਲ ਦਿਵਸ' ਮਨਾਉਣ ਦਾ ਫੈਸਲਾ ਸਲਾਘਾਯੋਗ-ਅਮਰਾਲਾ

ਖਮਾਣੋਂ, (ਪੱਤਰ ਪ੍ਰੇਰਕ)-ਭਾਰਤੀ ਜਨਤਾ ਪਾਰਟੀ ਕਿਸਾਨ ਵਿੰਗ ਜ਼ਿਲ੍ਹੇ ਫਤਹਿਗੜ੍ਹ ਸਾਹਿਬ ਦੇ ਪ੍ਰਧਾਨ ਗੁਰਦੀਪ ਸਿੰਘ ਅਮਰਾਲਾ ਨੇ ਦੇਸ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 26 ਦਸੰਬਰ ਨੂੰ 'ਵੀਰ ਬਾਲ ਦਿਵਸ' ਵਜੋਂ ਮਨਾਉਣ ਦੇ ਫੈਸਲੇ ਦਾ ਸੁਆਗਤ ਕੀਤਾ ਹੈ . ਉਨ੍ਹਾਂ ਕਿਹਾ ਕਿ ਦਸਵੇਂ ਪਾਤਸਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜਾਦਿਆਂ ਦੁਆਰਾ ਦਰਸਾਈ ਗਈ ਦਲੇਰੀ ਬੇਮਿਸਾਲ ਹੈ ਤੇ ਵਿਸਵ ਭਰ 'ਚ ਹਰ ਕਿਸੇ ਨੂੰ ਉਨ੍ਹਾਂ ਦੀ ਮਹਾਨ ਕੁਰਬਾਨੀ ਬਾਰੇ ਪਤਾ ਲੱਗਣਾ ਚਾਹੀਦਾ ਹੈ ਤੇ ਦਿਸਾ 'ਚ ਇਹ ਇਕ ਸਲਾਘਾਯੋਗ ਕਦਮ ਹੈ . ਇਸ ਤੋਂ ਇਲਾਵਾ ਭਾਜਪਾ ਦੇ ਹੋਰਨਾਂ ਸਥਾਨਕ ਆਗੂਆਂ ਨੇ ਵੀ ਦੇਸ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਇਸ ਫੈਸਲੇ ਦਾ ਸਵਾਗਤ ਕਰਦਿਆਂ ਉਨ੍ਹਾਂ ਦਾ ਧੰਨਵਾਦ ਕੀਤਾ . ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਕੀਤਾ ਗਿਆ ।

## ਚੋਣ ਜ਼ਾਬਤਾ : ਪੈਂਫਲੈਟ ਜਾਂ ਪਰਚਿਆਂ 'ਤੇ ਤਿੱਖੀ ਨਜ਼ਰ




ਪਟਿਆਲਾ , (ਪੱਤਰ ਪ੍ਰੇਰਕ)- ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸੰਦੀਪ ਹੰਸ ਨੇ ਕਿਹਾ ਹੈ ਕਿ ਵਿਧਾਨ ਸਭਾ ਚੋਣਾਂ ਨੂੰ ਨਿਰਪੱਖ, ਨਿਰਵਿਘਨ, ਸ਼ਾਂਤਮਈ ਤੇ ਸੁਤੰਤਰ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਚੋਣ ਸਮੇਂ ਦੌਰਾਨ ਗ਼ੈਰ-ਕਾਨੂੰਨੀ ਪੋਸਟਰਾਂ, ਪੈਂਫਲੇਟ, ਹੈਂਡਬਿਲਾਂ, ਪਰਚਿਆਂ 'ਤੇ ਲਗਾਤਾਰ ਨਜ਼ਰ ਰੱਖੀ ਜਾਵੇਗੀ। ਅੱਜ ਇੱਥੇ ਪ੍ਰਿੰਟਿੰਗ ਪ੍ਰੈੱਸ ਮਾਲਕਾਂ ਨਾਲ ਮੀਟਿੰਗ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪ੍ਰਸ਼ਾਸਨ ਭਾਰਤ ਦੇ ਚੋਣ ਕਮਿਸ਼ਨ ਵੱਲੋਂ ਨਿਰਧਾਰਿਤ ਨਿਯਮਾਂ ਦੀ ਉਲੰਘਣਾ ਨਹੀਂ ਹੋਣ ਦੇਵੇਗਾ ਤੇ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੋਈ ਵੀ ਵਿਅਕਤੀ ਅਜਿਹਾ ਕੋਈ ਵੀ ਚੋਣ ਪੈਂਫਲੈਟ ਜਾਂ ਪੋਸਟਰ ਨਾ ਛਾਪੇ ਜਾਂ ਪ੍ਰਕਾਸ਼ਿਤ ਨਾ ਕਰੇ, ਜਿਸ 'ਤੇ ਪ੍ਰਿੰਟਰ, ਪ੍ਰਕਾਸ਼ਕ, ਕਾਪੀਆਂ ਦੀ ਗਿਣਤੀ ਆਦਿ ਦਾ ਵੇਰਵਾ ਦਰਜ ਨਾ ਹੋਵੇ। ਡੀਸੀ ਸੰਦੀਪ ਹੰਸ ਨੇ ਕਿਹਾ ਕਿ ਇਸ ਤੋਂ ਇਲਾਵਾ ਪੈਂਫਲੈਟਾਂ, ਹੈਂਡਬਿਲਾਂ, ਫੋਲਡਰਾਂ, ਪਰਚਿਆਂ ਦੀ ਹਰੇਕ ਕਾਪੀ 'ਤੇ ਛਾਪੀਆਂ ਗਈਆਂ ਕਾਪੀਆਂ ਦੀ ਗਿਣਤੀ ਦਾ ਜ਼ਿਕਰ ਕਰਨਾ ਲਾਜ਼ਮੀ ਹੋਵੇਗਾ। ਉਨ੍ਹਾਂ ਕਿਹਾ ਕਿ ਚੋਣ ਸੰਬੰਧੀ ਛਾਪੀ ਗਈ ਸਮੱਗਰੀ ਦਾ ਪੂਰਾ ਵੇਰਵਾ ਸਬੰਧਤ ਰਿਟਰਨਿੰਗ ਅਫ਼ਸਰ ਨੂੰ ਜ਼ਰੂਰ ਦੱਸਿਆ ਜਾਵੇ। ਡਿਪਟੀ ਕਮਿਸ਼ਨਰ ਨੇ ਪ੍ਰਿੰਟਿੰਗ ਪ੍ਰੈਸਾਂ ਦੇ ਮਾਲਕਾਂ ਦੇ ਨੁਮਾਇੰਦਿਆਂ ਨੂੰ ਪੈਂਫਲੈਟ, ਪਰਚੇ, ਪੋਸਟਰ, ਹੈਂਡਬਿੱਲ ਅਤੇ ਹੋਰ ਚੋਣ ਸਮੱਗਰੀ ਪ੍ਰਕਾਸ਼ਿਤ ਕਰਨ ਲਈ ਆਏ ਵਿਅਕਤੀਆਂ ਤੋਂ ਘੋਸ਼ਣਾ ਪੱਤਰ ਲਾਜ਼ਮੀ ਪ੍ਰਾਪਤ ਕਰਨ ਲਈ ਵੀ ਕਿਹਾ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਆਦਰਸ਼ ਚੋਣ ਜ਼ਾਬਤੇ ਨੂੰ ਸਹੀ ਅਰਥਾਂ ਵਿੱਚ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ। ਉਨ੍ਹਾਂ ਅੱਗੇ ਕਿਹਾ ਕਿ ਆਦਰਸ਼ ਚੋਣ ਜ਼ਾਬਤਾ ਲਾਗੂ ਰਹਿਣ ਦੌਰਾਨ ਗ਼ੈਰ-ਕਾਨੂੰਨੀ ਫਲੈਕਸਾਂ, ਪੋਸਟਰਾਂ, ਪੈਂਫਲੇਟਾਂ ਨੂੰ ਰੋਕਣ ਲਈ ਟੀਮਾਂ ਪਹਿਲਾਂ ਹੀ ਗਠਿਤ ਕਰ ਦਿੱਤੀਆਂ ਗਈਆਂ ਹਨ ਅਤੇ ਜੇਕਰ ਕੋਈ ਉਲੰਘਣਾ ਕਰਦਾ ਪਾਇਆ ਗਿਆ ਤਾਂ ਉਸ ਵਿਰੁੱਧ ਕਾਨੂੰਨ ਮੁਤਾਬਕ ਸਖ਼ਤ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਗੁਰਪ੍ਰੀਤ ਸਿੰਘ ਥਿੰਦ, ਜ਼ਿਲ੍ਹਾ ਮਾਲ ਅਫ਼ਸਰ ਮੁਕੇਸ਼ ਕੁਮਾਰ ਵੀ ਮੌਜੂਦ ਸਨ। ਪ੍ਰਿੰਟਿੰਗ ਪ੍ਰੈਸਾਂ ਦੇ ਨੁਮਾਇੰਦਿਆਂ ਨੇ ਡਿਪਟੀ ਕਮਿਸ਼ਨਰ ਨੂੰ ਵਿਸ਼ਵਾਸ਼ ਦੁਆਇਆ ਕਿ ਉਹ ਕਾਨੂੰਨ ਦੀ ਪਾਲਣਾ ਯਕੀਨੀ ਬਣਾਉਣਗੇ।

## ਮੀਟਿੰਗ ਦੌਰਾਨ ਬੀ.ਡੀ.ਪੀ.ਓ. ਰਵਿੰਦਰ ਸਿੰਘ ਵਲੋਂ ਚੋਣ ਜਾਬਤੇ ਸਬੰਧੀ ਸਟਾਫ ਨੂੰ ਜਰੂਰੀ ਹਦਾਇਤਾਂ

ਬਸੀ ਪਠਾਣਾਂ, (ਪੱਤਰ ਪ੍ਰੇਰਕ)-ਬਲਾਕ ਵਿਕਾਸ ਤੇ ਪੰਚਾਇਤ ਵਿਭਾਗ ਦਫਤਰ ਬਸੀ ਪਠਾਣਾਂ ਵਿਖੇ ਬੀ.ਡੀ.ਪੀ.ਓ. ਰਵਿੰਦਰ ਸਿੰਘ ਅਗਵਾਈ ਹੇਠ ਮੀਟਿੰਗ ਹੋਈ . ਜਿਸ ਦੌਰਾਨ ਬੀ.ਡੀ.ਪੀ.ਓ. ਰਵਿੰਦਰ ਸਿੰਘ ਵਲੋਂ ਦਫਤਰ ਦੇ ਕੰਮਕਾਜ ਦਾ ਜਾਇਜਾ ਲਿਆ ਗਿਆ ਅਤੇ ਸਟਾਫ ਨੂੰ ਚੋਣ ਜਾਬਤੇ ਸਬੰਧੀ ਜਰੂਰੀ ਹਦਾਇਤਾਂ ਜਾਰੀ ਕੀਤੀਆਂ ਗਈਆਂ .ਇਸ ਮੌਕੇ ਸਟਾਫ ਵਲੋਂ ਦਫਤਰ ਵਿਚ ਡਿਊਟੀ ਜਵਾਇਨ ਕਰਨ ਵਾਲੇ ਸੋਸਲ ਐਜੂਕੇਸਨ ਤੇ ਪੰਚਾਇਤ ਅਫਸਰ (ਐਸ.ਈ.ਪੀ.ਓ.) ਧਰਮ ਸਿੰਘ ਦਾ ਸਵਾਗਤ ਵੀ ਕੀਤਾ ਗਿਆ . ਐਸ.ਈ.ਪੀ.ਓ. ਪਰਮ ਸਿੰਘ ਨੇ ਸਟਾਫ ਦਾ ਧੰਨਵਾਦ ਕਰਦੇ ਹੋਏ ਬੀ.ਡੀ.ਪੀ.ਓ. ਰਵਿੰਦਰ ਸਿੰਘ ਨੂੰ ਆਪਣੀ ਜਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣ ਦਾ ਭਰੋਸਾ ਦਿਵਾਇਆ .ਮੀਟਿੰਗ ਦੌਰਾਨ ਐਸ.ਈ.ਪੀ.ਓ. ਪਰਮ ਸਿੰਘ, ਅਮਰਜੀਤ ਕੌਰ ਅਕਾਊਂਟੈਂਟ, ਸੁਪਰਡੈਂਟ ਗੁਰਿੰਦਰ ਮੋਹਨ ਸਿੰਘ, ਦਲਵੀਰ ਸਿੰਘ ਪ੍ਰਧਾਨ ਪੰਚਾਇਤ ਸਕੱਤਰ ਯੂਨੀਅਨ ਬਲਾਕ ਬਸੀ ਪਠਾਣਾਂ, ਰਣਜੀਤ ਸਿੰਘ ਕਲਰਕ, ਹਰਪ੍ਰੀਤ ਸਿੰਘ ਕਲਰਕ, ਅਮਨਦੀਪ ਸਿੰਘ, ਸਾਮਾ ਆਦਿ ਮੌਜੂਦ ਸਨ .

# ਅਰਵਿੰਦ ਕੇਜਰੀਵਾਲ ਨੇ ਚੋਣਾਂ ਨੂੰ ਲੈ ਕੇ ਕੀਤੇ ਅਹਿਮ ਵਾਅਦੇ, ਪੰਜਾਬੀਆਂ ਅੱਗੇ ਰੱਖੇ 10 ਏਜੰਡੇ

ਮੋਹਾਲੀ , (ਪੱਤਰ ਪ੍ਰੇਰਕ)- ਆਮ ਆਦਮੀ ਪਾਰਟੀ ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਮੋਹਾਲੀ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਕਈ ਅਹਿਮ ਐਲਾਨ ਕੀਤੇ। ਉਨ੍ਹਾਂ ਨੇ ਪੰਜਾਬੀਆਂ ਅੱਗੇ 10 ਏਜੰਡੇ ਰੱਖਦਿਆਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਆਉਣ 'ਤੇ 10 ਏਜੰਡਿਆਂ ਵਾਲਾ ਪੰਜਾਬ ਮਾਡਲ ਲਾਗੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਵਾਰ ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਆਵੇਗੀ, ਇਸ ਲਈ ਸਾਰੀਆਂ ਸਿਆਸੀ ਪਾਰਟੀਆਂ ਡਰ ਗਈਆਂ ਹਨ ਅਤੇ ਹੁਣ ਇਕੱਠੀਆਂ ਹੋ ਗਈਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬੀ ਵੀ ਤਿਆਰ ਹਨ ਅਤੇ ਆਮ ਆਦਮੀ ਪਾਰਟੀ ਵੀ ਤਿਆਰ ਹੈ, ਇਸ ਲਈ ਇਸ ਵਾਰ ਸੂਬੇ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਆਵੇਗੀ। ਅਰਵਿੰਦ ਕੇਜਰੀਵਾਲ ਨੇ ਪੰਜਾਬ ਦੇ ਲੋਕਾਂ ਅੱਗੇ 10 ਏਜੰਡੇ ਰੱਖੇ-

1. ਪੰਜਾਬ ਦੇ ਹਰ ਨੌਜਵਾਨ ਨੂੰ ਰੁਜਗਾਰ ਮੁਹੱਈਆ ਕਰਵਾਇਆ ਜਾਵੇਗਾ ਤਾਂ ਜੋ ਬੱਚੇ ਬਾਹਰ ਨਾ ਜਾਣ। 5 ਸਾਲਾਂ ਅੰਦਰ ਰੁਜਗਾਰ ਖਾਤਰ ਬਾਹਰ ਗਏ ਬੱਚੇ ਵੀ ਪੰਜਾਬ ਵਾਪਸ ਆਉਣਾ ਸ਼ੁਰੂ ਹੋਣਗੇ।



2. ਪੰਜਾਬ ਅੰਦਰ ਨਸ਼ਾ ਖਤਮ ਕੀਤਾ ਜਾਵੇਗਾ। ਸਰਕਾਰਾਂ ਦੀ ਗੰਢ-ਤੁੱਪ ਕਾਰਨ ਸੂਬੇ ਦੇ ਪਿੰਡਾਂ ਅੰਦਰ ਸ਼ਰੇਆਮ ਨਸ਼ਾ ਵਿਕ ਰਿਹਾ ਹੈ। 'ਆਪ' ਦੀ ਸਰਕਾਰ ਆਉਣ 'ਤੇ ਨਸ਼ਾ ਮਾਫੀਆ ਨੂੰ ਖਤਮ ਕੀਤਾ ਜਾਵੇਗਾ।
3. ਪੰਜਾਬ ਅੰਦਰ ਸ਼ਾਂਤੀ-ਵਿਵਸਥਾ ਕਾਇਮ ਕੀਤੀ ਜਾਵੇਗੀ। ਆਮ ਆਦਮੀ ਪਾਰਟੀ ਦੀ ਕਿਸੇ ਪਾਰਟੀ ਨਾਲ ਕੋਈ ਸੈਟਿੰਗ ਨਹੀਂ ਹੈ, ਇਸ ਲਈ ਸਰਕਾਰ ਆਉਣ 'ਤੇ ਬੇਅਦਬੀ ਦੇ ਹਰ ਮੁਲਜਮ ਨੂੰ ਸਜਾ ਦਿੱਤੀ ਜਾਵੇਗੀ।
4. ਪੰਜਾਬ ਨੂੰ ਭ੍ਰਿਸ਼ਟਾਚਾਰ ਮੁਕਤ ਬਣਾਵਾਂਗੇ। ਪੰਜਾਬ ਅੰਦਰ ਪੈਸੇ ਦੀ ਕੋਈ ਕਮੀ ਨਹੀਂ, ਸਗੋਂ ਇਹ ਪੈਸਾ ਆਗੂਆਂ ਦੀਆਂ ਜੇਬਾਂ 'ਚ ਜਾ ਰਿਹਾ ਹੈ, ਜਿਸ ਨੂੰ ਖਤਮ ਕੀਤਾ ਜਾਵੇਗਾ।
5. ਪੰਜਾਬ ਅੰਦਰ ਸਰਕਾਰੀ ਸਕੂਲਾਂ ਦੀ ਦਿੱਖ ਸੁਧਾਰੀ ਜਾਵੇਗੀ ਅਤੇ ਬੱਚਿਆਂ ਦੇ ਪੜ੍ਹਨ ਲਈ ਵਧੀਆ ਮਾਹੌਲ ਸਿਰਜਿਆ ਜਾਵੇਗਾ।
6. ਪੰਜਾਬ ਅੰਦਰ 16 ਹਜਾਰ ਮੁਹੱਲਾ ਕਲੀਨਿਕ ਬਣਾਏ ਜਾਣਗੇ। ਸਰਕਾਰੀ ਹਸਪਤਾਲਾਂ ਨੂੰ ਸ਼ਾਨਦਾਰ ਬਣਾਇਆ ਜਾਵੇਗਾ ਅਤੇ ਕਿਸੇ ਘਰ 'ਚ ਜੇਕਰ ਕੋਈ ਵੀ ਮੈਂਬਰ ਬੀਮਾਰ ਹੈ ਤਾਂ ਉਸ ਦਾ ਇਲਾਜ ਮੁਫਤ ਕੀਤਾ ਜਾਵੇਗਾ।
7. ਪੰਜਾਬ ਅੰਦਰ ਸਭ ਤੋਂ ਸਸਤੀ ਬਿਜਲੀ ਦਿੱਤੀ ਜਾਵੇਗੀ ਅਤੇ 24 ਘੰਟੇ ਬਿਜਲੀ ਮੁਹੱਈਆ ਕਰਵਾਈ ਜਾਵੇਗੀ।
8. 18 ਸਾਲਾਂ ਤੋਂ ਉੱਪਰ ਦੀਆਂ ਔਰਤਾਂ ਦੇ ਬੈਂਕ ਖਾਤਿਆਂ 'ਚ ਹਰ ਮਹੀਨੇ 1000-1000 ਰੁਪਏ ਪਾਏ ਜਾਣਗੇ।
9. ਪੰਜਾਬ ਅੰਦਰ ਖੇਤੀ ਵਿਵਸਥਾ ਨੂੰ ਸੁਧਾਰਿਆ ਜਾਵੇਗਾ ਅਤੇ ਕਿਸਾਨਾਂ ਨੂੰ ਜੋ ਵੀ ਸਮੱਸਿਆਵਾਂ ਆ ਰਹੀਆਂ ਹਨ, ਉਨ੍ਹਾਂ ਦਾ ਹੱਲ ਕੱਢਿਆ ਜਾਵੇਗਾ।
10. ਸੂਬੇ ਅੰਦਰ ਵਪਾਰ ਅਤੇ ਇੰਡਸਟਰੀ 'ਤੇ ਫੋਕਸ ਕੀਤਾ ਜਾਵੇਗਾ ਅਤੇ ਭ੍ਰਿਸ਼ਟਾਚਾਰ ਨੂੰ ਖਤਮ ਕੀਤਾ ਜਾਵੇਗਾ। ਰੇਡ ਰਾਜ ਵੀ ਖਤਮ ਕੀਤਾ ਜਾਵੇਗਾ।

ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਉਹ ਕਦੇ ਵੀ ਭ੍ਰਿਸ਼ਟਾਚਾਰ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਪਾਰਟੀ ਅੰਦਰ ਨਾ ਕੋਈ ਟਿਕਟ ਵੇਚੀ ਜਾਂਦੀ ਹੈ ਅਤੇ ਨਾ ਹੀ ਖਰੀਦੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਜਿਸ ਦਿਨ ਵੀ ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਕਿਸੇ ਹਲਕੇ ਦੀ ਕੋਈ ਟਿਕਟ ਵੇਚੀ ਗਈ ਹੈ ਤਾਂ ਉਹ ਉਸ ਵਿਅਕਤੀ ਖਿਲਾਫ ਸਖਤ ਤੋਂ ਸਖਤ ਕਾਰਵਾਈ ਕਰਨਗੇ।

## ਮਾਮਲਾ ਸਿਆਸੀ ਸਹਿ 'ਤੇ ਹੋ ਰਹੇ ਕੰਮਾਂ ਦਾ ਸਰਪੰਚ ਦੀ ਨਹੀਂ ਕੋਈ ਸੁਣਵਾਈ

ਫਤਹਿਗੜ੍ਹ ਸਾਹਿਬ, (ਪੱਤਰ ਪ੍ਰੇਰਕ)- ਪਿੰਡ ਸੈਫਲਪੁਰ ਦੇ ਸਰਪੰਚ ਜਸਪਾਲ ਸਿੰਘ ਨੇ ਦੋਸ ਲਗਾਏ ਹਨ ਕਿ 26 ਨਵੰਬਰ 2020 ਤੋਂ ਉਨ੍ਹਾਂ ਦੇ ਪਿੰਡ ਦੇ ਵਿਕਾਸ ਕਾਰਜ ਕਥਿਤ ਕਾਂਗਰਸ ਪਾਰਟੀ ਤੇ ਮੈਂਬਰ ਪੰਚਾਇਤ ਦੁਆਰਾ ਆਪਣੇ ਭਰਾ ਨਾਲ ਸਿਆਸੀ ਸਹਿ 'ਤੇ ਕਰਵਾਏ ਜਾ ਰਹੇ ਹਨ ਤੇ ਪੰਚਾਇਤ ਦੀ ਕੋਈ ਪੁੱਛ-ਪ੍ਰਤੀਤ ਨਹੀਂ ਅਤੇ ਨਾ ਹੀ ਪੰਚਾਇਤ ਨੂੰ ਰਿਕਾਰਡ ਆਦਿ ਬਾਰੇ ਕੋਈ ਜਾਣਕਾਰੀ ਹੈ, ਜਿਸ ਕਾਰਨ ਪਿੰਡ ਵਾਸੀਆਂ ਤੇ ਉਨ੍ਹਾਂ 'ਚ ਰੋਸ ਦੀ ਲਹਿਰ ਹੈ ਤੇ ਜਿਸ ਸਬੰਧੀ ਉਨ੍ਹਾਂ ਦੁਆਰਾ ਇਕ ਮੰਗ ਪੱਤਰ ਆਮ ਆਦਮੀ ਪਾਰਟੀ ਦੇ ਉਮੀਦਵਾਰ ਐਡਵੋਕੇਟ ਲਖਵੀਰ ਸਿੰਘ ਰਾਏ ਨਾਲ ਡੀ.ਡੀ.ਪੀ.ਓ. ਨੂੰ ਦਿੱਤਾ ਗਿਆ .

ਕੀ ਹੈ ਮਾਮਲਾ : ਪਿੰਡ ਦੇ ਸਰਪੰਚ ਜਸਪਾਲ ਸਿੰਘ ਨੇ 'ਆਪ' ਆਗੂ ਐਡਵੋਕੇਟ ਰਾਏ ਦੀ ਹਾਜਰੀ 'ਚ ਦੋਸ ਲਗਾਇਆ ਕਿ ਪਿੰਡ ਸੈਫਲਪੁਰ ਦਾ ਪੰਚ ਅਤੇ ਉਸ ਦਾ ਭਰਾ ਸਿਆਸੀ ਸਹਿ 'ਤੇ ਪਿੰਡ ਵਿਚ ਵਿਕਾਸ ਕੰਮ ਪੰਚਾਇਤ ਦੀ ਸਹਿਮਤੀ ਤੋਂ ਬਗੈਰ ਕਥਿਤ ਗੈਰਕਾਨੂੰਨੀ ਢੰਗ ਨਾਲ ਕਰਵਾ ਰਹੇ ਹਨ . ਸਰਪੰਚ ਜਸਪਾਲ ਸਿੰਘ ਨੇ ਕਿਹਾ ਕਿ ਉਸ ਦੀ ਪੰਚਾਇਤ ਦਾ ਕੋਰਮ ਪੂਰਾ ਹੈ ਅਤੇ ਪਿੰਡ ਤੇ ਕੋਈ ਪ੍ਰਬੰਧਕ ਵੀ ਨਹੀ ਲੱਗਾ ਹੋਇਆ . ਫਿਰ ਪੰਚਾਇਤ ਦੀ ਮਨਜੂਰੀ ਤੋਂ ਬਿਨਾ ਪਿੰਡ ਵਿਚ ਵਿਕਾਸ ਕੰਮ ਕੌਣ ਕਰਵਾ ਰਿਹਾ ਹੈ ? ਏਨਾ ਹੀ ਨਹੀ ਪਿੰਡ ਵਿਚ ਨਰੇਗਾ ਦਾ ਵੀ ਕੰਮ ਪੰਚਾਇਤ ਦੀ ਸਹਿਮਤੀ ਤੋਂ ਬਿਨਾ ਹੀ ਚੱਲ ਰਿਹਾ ਹੈ . ਉਨ੍ਹਾਂ ਕਿਹਾ ਕਿ ਪਿੰਡ ਦਾ ਵਿਕਾਸ ਹੋਣਾ ਚੰਗੀ ਗੱਲ ਹੈ, ਪਰ ਪੰਚਾਇਤ ਨੂੰ ਕੁਝ ਪਤਾ ਨਾ ਹੋਵੇ ਇਹ ਵੀ ਬਰਦਾਸਤ ਨਹੀ ਕੀਤਾ ਜਾ ਸਕਦਾ . ਸਰਪੰਚ ਜਸਪਾਲ ਸਿੰਘ ਨੇ ਕਿਹਾ ਕਿ ਇਸ ਬਾਰੇ ਉਹ ਪਹਿਲਾਂ ਕਈ ਵਾਰ ਜ਼ਿਲ੍ਹੇ ਅਧਿਕਾਰੀਆਂ ਨੂੰ ਮੰਗ ਪੱਤਰ ਦੇ ਚੁੱਕੇ ਹਨ, ਪਰ ਹਾਲੇ ਤੱਕ ਕੋਈ ਕਾਰਵਾਈ ਨਹੀ ਹੋਈ . ਸਰਪੰਚ ਨੇ ਕਿਹਾ ਕਿ ਜੇਕਰ ਕੋਈ ਸਰਕਾਰੀ ਕੰਮ ਵਿਚ ਵਿਘਨ ਪਾਵੇ ਤਾਂ ਤੁਰੰਤ ਮਾਮਲਾ ਦਰਜ ਕੀਤਾ ਜਾਂਦਾ ਹੈ, ਪਰ ਪਿੰਡ ਸੈਫਲਪੁਰ ਵਿਚ ਪੰਚਾਇਤ ਦੇ ਕੰਮ ਵਿਚ ਕੀਤੀ ਜਾ ਰਹੀ ਦਖਲਅੰਦਾਜੀ ਬਾਰੇ ਕਈ ਵਾਰ ਮੰਗ ਪੱਤਰ ਦਿੱਤੇ ਜਾਣ ਤੋਂ ਬਾਅਦ ਵੀ ਕੋਈ ਕਾਰਵਾਈ ਨਹੀ ਕੀਤੀ ਜਾ ਰਹੀ . ਇਸ ਮੌਕੇ 'ਆਪ' ਦੇ ਉਮੀਦਵਾਰ ਐਡਵੋਕੇਟ ਲਖਵੀਰ ਸਿੰਘ ਰਾਏ ਨੇ ਕਿਹਾ ਕਿ ਵਿਧਾਇਕ ਕੁਲਜੀਤ ਸਿੰਘ ਨਾਗਰਾ ਵਲੋਂ ਪੰਚਾਇਤ ਦੇ ਕੰਮ ਵਿਚ ਦਖਲਅੰਦਾਜੀ ਕਰਨਾ ਅਤੇ ਜਿਸ ਪੰਚਾਇਤ ਨੂੰ ਲੋਕਾਂ ਨੇ ਚੁਣਿਆ ਹੈ ਉਸ ਦੀ ਸਹਿਮਤੀ ਤੋਂ ਬਿਨਾ ਕੁਝ ਕਰਨਾ ਗਲਤ ਹੈ . ਉਹ ਵਿਕਾਸ ਕੰਮਾਂ ਵਿਚ ਰੁਕਾਵਟਾਂ ਨਹੀ ਪਾਉਣਾ ਚਾਹੁੰਦੇ ਪਰ ਉਹ ਚੁਣੇ ਹੋਏ ਪੰਚਾਇਤ ਦੇ ਨੁਮਾਇੰਦੇ ਨਾਲ ਵੀ ਧੱਕਾ ਸਹਿਣ ਨਹੀ ਕਰਨਗੇ . ਉਨ੍ਹਾਂ ਕਿਹਾ ਕਿ ਜ਼ਿਲ੍ਹੇ ਪ੍ਰਸਾਸਨ ਮੂਕ ਦਰਸਕ ਬਣ ਕੇ ਦੇਖ ਰਿਹਾ ਹੈ . ਉਨ੍ਹਾਂ ਕਿਹਾ ਕਿ ਕਥਿਤ ਡੀ.ਡੀ.ਪੀ.ਓ. ਨੂੰ ਵੀ ਨਹੀ ਪਤਾ ਕਿ ਪਿੰਡ ਸੈਫਲਪੁਰ ਵਿਚ ਵਿਕਾਸ ਕੰਮ ਕੌਣ ਕਰਵਾ ਰਿਹਾ ਹੈ, ਇਹ ਹੈਰਾਨੀ ਦੀ ਗੱਲ ਹੈ . ਪਿੰਡ ਸੈਫਲਪੁਰ ਦੇ ਸਰਪੰਚ ਜਸਪਾਲ ਸਿੰਘ ਨਾਲ ਆਏ ਅਮਰੀਕ ਸਿੰਘ, ਕੁਲਦੀਪ ਸਿੰਘ ਅਤੇ ਜਗਰੂਪ ਸਿੰਘ ਨੇ ਨਰਿੰਦਰ ਸਿੰਘ ਸੈਫਲਪੁਰ ਵਲੋਂ ਲਗਾਏ ਦੋਸਾਂ ਦਾ ਖੰਡਨ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੇ ਕੋਈ ਵੀ ਸਾਮਲਾਤ ਜਮੀਨ 'ਤੇ ਕਬਜਾ ਨਹੀ ਕੀਤਾ ਹੈ .

ਕੀ ਕਹਿੰਦੇ ਹਨ ਵਿਧਾਇਕ ਨਾਗਰਾ : ਇਸ ਸਬੰਧੀ ਵਿਧਾਇਕ ਕੁਲਜੀਤ ਸਿੰਘ ਨਾਗਰਾ ਨਾਲ ਗੱਲ ਕਰਨ ਤੇ ਉਨ੍ਹਾਂ ਸਾਰੇ ਦੋਸਾਂ ਨੂੰ ਝੂਠੇ ਅਤੇ ਬੇ-ਬੁਨਿਆਦ ਦੱਸਦੇ ਹੋਏ ਕਿਹਾ ਕਿ ਕਾਂਗਰਸ ਸਰਕਾਰ ਦੇ ਰਾਜ ਵਿਚ ਫਤਹਿਗੜ੍ਹ ਸਾਹਿਬ ਦਾ ਵਿਕਾਸ ਵੱਡੇ ਪੱਧਰ ਤੇ ਹੋਇਆ ਹੈ, ਜਿਸ ਕਾਰਨ ਵਿਰੋਧੀ ਪਾਰਟੀਆਂ ਵਾਲੇ ਵਿਕਾਸ ਕੰਮਾਂ ਵਿਚ ਰੁਕਾਵਟਾਂ ਪਾਉਣਾ ਚਾਹੁੰਦੇ ਹਨ . ਉਨ੍ਹਾਂ ਕਿਹਾ ਕਿ ਪਿੰਡ ਸੈਫਲਪੁਰ ਦਾ ਸਰਪੰਚ ਵਿਕਾਸ ਕੰਮਾਂ ਵਿਚ ਪ੍ਰਸਾਸਨ ਦਾ ਸਹਿਯੋਗ ਨਹੀ ਕਰਦਾ ਸੀ . ਜਦੋਂ ਵਿਧਾਇਕ ਨੂੰ ਪੁਛਿਆ ਕਿ ਪਿੰਡ ਸੈਫਲਪੁਰ ਵਿਚ ਜੇਕਰ ਪੰਚਾਇਤ ਵਿਕਾਸ ਨਹੀ ਕਰਵਾ ਰਹੀ ਤਾਂ ਕੌਣ ਕਰਵਾ ਰਿਹਾ ਹੈ ਤਾਂ ਉਨ੍ਹਾਂ ਕਿਹਾ ਕਿ ਜੋ ਵੀ ਵਿਕਾਸ ਕੰਮ ਸੈਫਲਪੁਰ ਵਿਚ ਚੱਲ ਰਹੇ ਹਨ ਉਨ੍ਹਾਂ ਬਾਰੇ ਜ਼ਿਲ੍ਹੇ ਪ੍ਰਸਾਸਨ ਕੋਲੋਂ ਪੁੱਛੋ . ਕੀ ਕਹਿੰਦੇ ਹਨ ਜ਼ਿਲ੍ਹੇ ਪੰਚਾਇਤ ਤੇ ਵਿਕਾਸ ਅਫਸਰ ਇਸ ਸਬੰਧੀ ਡੀ.ਡੀ.ਪੀ.ਓ. ਨਿਰਭਿੰਦਰ ਸਿੰਘ ਗਰੇਵਾਲ ਨਾਲ ਗੱਲ ਕਰਨ ਤੇ ਉਨ੍ਹਾਂ ਕਿਹਾ ਕਿ ਪਿੰਡ ਵਿਚ ਚੁਣੀ ਹੋਈ ਪੰਚਾਇਤ ਹੈ ਅਤੇ ਪਿੰਡ 'ਤੇ ਕੋਈ ਪ੍ਰਬੰਧਕ ਵੀ ਨਹੀ ਲਗਾਇਆ ਗਿਆ ਹੈ . ਪਿੰਡ ਵਿਚ ਚੱਲ ਰਹੇ ਵਿਕਾਸ ਕੰਮਾਂ ਦੀ ਜਾਂਚ ਕਰਵਾਉਣਗੇ ਅਤੇ ਜੇਕਰ ਕੋਈ ਦੋਸੀ ਪਾਇਆ ਗਿਆ ਤਾਂ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ .

## ਸੰਯੁਕਤ ਸਮਾਜ ਮੋਰਚਾ ਪੰਜਾਬ ਵਾਸੀਆਂ ਲਈ ਸਭ ਤੋਂ ਵੱਡਾ ਬਦਲ-ਦਵਿੰਦਰ ਸਿੰਘ ਮਾਜਰੀ

ਖਮਾਣੋਂ, (ਪੱਤਰ ਪ੍ਰੇਰਕ)-ਸੰਯੁਕਤ ਸਮਾਜ ਮੋਰਚਾ ਪੰਜਾਬ ਵਾਸੀਆਂ ਲਈ ਇਸ ਵਾਰ ਨਿਰੋਲ ਕਿਸਾਨ ਮਜਦੂਰ ਵਪਾਰੀ ਵਰਗ ਦੀ ਤਰਜਮਾਨੀ ਕਰਨ ਵਾਲਾ ਪੰਜਾਬ ਦਾ ਸਥਾਨਕ ਲੋਕਾਂ ਦਾ ਸਭ ਤੋਂ ਵੱਡਾ ਰਾਜਨੀਤੀ ਦਾ ਬਦਲ ਹੈ . ਇਸ ਲਈ ਪੰਜਾਬ ਵਾਸੀਆਂ ਨੂੰ ਇਸ ਮੋਰਚੇ ਦੀ ਵਿਆਪਕ ਹਮਾਇਤ ਕਰਦੇ ਹੋਏ ਇਸ ਦੇ ਉਮੀਦਵਾਰਾਂ ਨੂੰ ਜਿਤਾਉਣਾ ਚਾਹੀਦਾ ਹੈ . ਇਨ੍ਹਾਂ ਸਬਦਾਂ ਦਾ ਪ੍ਰਗਟਾਵਾ ਦਵਿੰਦਰ ਸਿੰਘ ਮਾਜਰੀ ਸੀਨੀਅਰ ਕਿਸਾਨ ਆਗੂ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਨੇ ਕਰਦੇ ਹੋਏ ਕਿਹਾ ਕਿ ਪੰਜਾਬ ਵਾਸੀ ਪਿਛਲੇ ਲੰਮੇ ਸਮੇਂ ਤੋਂ 'ਉਤਰ ਕਾਟੋ ਮੈਂ ਚੜ੍ਹਾਂ' ਦੀ ਨੀਤੀ ਦਾ ਜਿੱਥੇ ਸ਼ਿਲਪਕਾਰ ਹੁੰਦੇ ਆ ਰਹੇ ਹਨ, ਉੱਥੇ ਹੀ ਪਿਛਲੇ 5-7 ਸਾਲ ਤੋਂ ਸਰਗਰਮ ਹੋਇਆ ਇਕ ਤੀਜਾ ਬਦਲ ਵੀ ਉਪਰੋਕਤ ਪਾਰਟੀਆਂ ਦੇ ਨਕਾਰੇ ਹੋਏ ਆਗੂਆਂ ਦੀ ਜਥੇਬੰਦੀ ਤੋਂ ਵਧ ਕੇ ਕੁਝ ਵੀ ਨਹੀਂ ਹੈ, ਜਿਸ ਵਲੋਂ ਟਿਕਟ ਲੈਣ ਲਈ ਆਸਵੰਦ ਵੱਡੀ ਗਿਣਤੀ ਵਿਚ ਲੋਕਾਂ ਵਲੋਂ ਕਥਿਤ ਤੌਰ 'ਤੇ ਪੈਸੇ ਲੈ ਕੇ ਟਿਕਟ ਦੇਣ ਦੇ ਕਥਿਤ ਇਲਜਾਮ ਲਗਾਏ ਹਨ, ਜਦਕਿ ਸੰਯੁਕਤ ਮੋਰਚਾ ਵਿਚ ਆਮ ਕਿਸਾਨ, ਬੁੱਧੀਜੀਵੀਆਂ ਸਮੇਤ ਹਰ ਵਰਗ ਦੇ ਲੋਕ ਸਾਮਿਲ ਹਨ . ਜਿਹੜੇ ਕਿ ਪੰਜਾਬ ਨੂੰ ਵੱਖ-ਵੱਖ ਤਰ੍ਹਾਂ ਦੀਆਂ ਅਲਾਮਤਾਂ ਤੋਂ ਬਚਾਉਣ ਲਈ ਸਿਰ ਜੋੜ ਬੈਠੇ ਹਨ, ਜਿਸ ਕਰਕੇ ਪੰਜਾਬ ਵਾਸੀਆਂ ਕੋਲ ਇਹ ਮੌਕਾ ਹੈ ਕਿ ਉਹ ਸੰਯੁਕਤ ਸਮਾਜ ਮੋਰਚੇ ਦੇ ਹੱਕ 'ਚ ਆਪਣੀ ਵੋਟ ਦਾ ਇਸਤੇਮਾਲ ਜਰੂਰ ਕਰਨ .

## ਚੰਨੀ ਤੇ ਰੰਧਾਵਾ ਨੂੰ ਮਜੀਠੀਆ ਬਾਰੇ ਪਤਾ ਸੀ, ਪਰ ਨਹੀਂ ਕੀਤਾ ਗ੍ਰਿ਼ਫਤਾਰ : ਆਪ ਆਗੂ

ਚੰਡੀਗੜ੍ਹ , (ਪੱਤਰ ਪ੍ਰੇਰਕ)- ਆਮ ਆਦਮੀ ਪਾਰਟੀ ਦੇ ਪੰਜਾਬ ਮਾਮਲਿਆਂ ਦੇ ਸਹਿ-ਅਧਿਕਾਰੀ ਰਾਘਵ ਚੱਢਾ ਨੇ ਮੁੱਖ ਮੰਤਰੀ ਚੰਨੀ 'ਤੇ ਜਾਣ-ਬੁੱਝ ਕੇ ਬਿਕਰਮ ਸਿੰਘ ਮਜੀਠੀਆ ਨੂੰ ਗ੍ਰਿ਼ਫਤਾਰ ਨਾ ਕਰਨ ਦਾ ਦੋਸ਼ ਲਾਇਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚੱਢਾ ਨੇ ਕਿਹਾ ਕਿ ਬਿਕਰਮ ਮਜੀਠੀਆ ਨੇ ਖ਼ੁਦ ਦੱਸਿਆ ਹੈ ਕਿ ਮੁੱਖ ਮੰਤਰੀ ਚੰਨੀ ਤੇ ਗ੍ਰਹਿ ਮੰਤਰੀ ਰੰਧਾਵਾ ਦੋਵਾਂ ਨੂੰ ਪਤਾ ਸੀ ਕਿ ਮਜੀਠੀਆ ਕਿੱਥੇ ਹੈ, ਪਰ ਜਾਣ ਬੁੱਝ ਕੇ ਉਨ੍ਹਾਂ ਨੂੰ ਗ੍ਰਿ਼ਫਤਾਰ ਨਹੀਂ ਕੀਤਾ ਗਿਆ।

ਚੱਢਾ ਨੇ ਕਿਹਾ ਕਿ ਅਸੀਂ ਇਕ ਮਹੀਨਾ ਪਹਿਲਾਂ ਹੀ ਇਸ ਗੱਲ ਦੀ ਜਾਣਕਾਰੀ ਮੀਡੀਆ ਨੂੰ ਦਿੱਤੀ ਸੀ ਕਿ ਚੰਨੀ ਸਰਕਾਰ ਬੇਹੱਦ ਕਮਜ਼ੋਰ ਕੇਸ ਦਰਜ ਕਰੇਗੀ ਤੇ ਉਸ ਨੂੰ ਜ਼ਮਾਨਤ ਦਿਵਾਏਗੀ। ਮਜੀਠੀਆ ਦੀਆਂ ਗੱਲਾਂ ਨੇ ਸਾਡੇ ਦੋਸ਼ ਨੂੰ ਸਹੀ ਸਾਬਤ ਕਰ ਦਿੱਤਾ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਲੁਧਿਆਣਾ ਸਿਟੀ ਸੈਂਟਰ ਘੁਟਾਲੇ ਵਿਚ ਮੁੱਖ ਮੰਤਰੀ ਚੰਨੀ ਦੇ ਭਰਾ ਨੂੰ ਸੁਖਬੀਰ ਬਾਦਲ ਨੇ ਬਚਾਇਆ ਸੀ, ਉਸ ਦੇ ਅਹਿਸਾਨ ਦੇ ਰੂਪ ਵਿਚ ਚੰਨੀ ਨੇ ਸੁਖਬੀਰ ਬਾਦਲ ਦੇ ਸਾਲੇ ਬਿਕਰਮ ਸਿੰਘ ਮਜੀਠੀਆ ਨੂੰ ਬਚਾਇਆ ਹੈ।

ਪੰਜਾਬ ਦੇ ਲੋਕਾਂ ਦੀਆਂ ਅੱਖਾਂ 'ਚ ਧੂੜ ਝੋਕਣ ਲਈ ਚੰਨੀ ਸਰਕਾਰ ਨੇ ਮਜੀਠੀਆ 'ਤੇ ਕੇਸ ਦਰਜ ਕੀਤਾ ਸੀ। ਚੱਢਾ ਨੇ ਦੋਸ਼ ਲਾਇਆ ਕਿ ਚੰਨੀ ਸਰਕਾਰ ਨੇ ਐੱਫਆਈਆਰ ਦਰਜ ਹੋਣ ਦੇ 22 ਦਿਨ ਤਕ ਜਾਣ ਬੁੱਝ ਕੇ ਮਜੀਠੀਆ ਨੂੰ ਗ੍ਰਿ਼ਫਤਾਰ ਨਹੀਂ ਕੀਤਾ। ਅਦਾਲਤ ਵੱਲੋਂ ਅਗਾਊਂ ਜ਼ਮਾਨਤ ਪਟੀਸ਼ਨ ਰੱਦ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਗ੍ਰਿ਼ਫਤਾਰ ਨਹੀਂ ਕੀਤਾ ਗਿਆ। ਕਿਉਂਕਿ ਸਰਕਾਰ ਮਜੀਠੀਆ ਨੂੰ ਗ੍ਰਿ਼ਫਤਾਰ ਕਰਨਾ ਚਾਹੁੰਦੀ ਹੀ ਨਹੀਂ ਸੀ।

ਪੁਲਿਸ ਨੂੰ ਸਪੱਸ਼ਟ ਤੌਰ 'ਤੇ ਮਨ੍ਹਾਂ ਕੀਤਾ ਗਿਆ ਸੀ ਕਿ ਮਜੀਠੀਆ 'ਤੇ ਕੋਈ ਕਾਰਵਾਈ ਨਹੀਂ ਕਰਨੀ ਹੈ। ਇਹ ਪੂਰੀ ਤਰ੍ਹਾਂ ਨਾਲ ਕਾਂਗਰਸ ਤੇ ਚੰਨੀ ਦਾ ਚੋਣ ਸਟੰਟ ਸੀ। ਚੱਢਾ ਨੇ ਕਿਹਾ ਕਿ ਚੰਨੀ ਸਰਕਾਰ ਬੇਹੱਦ ਕਮਜ਼ੋਰ ਤੇ ਲਾਚਾਰ ਸਰਕਾਰ ਸਾਬਤ ਹੋਈ। 111 ਦਿਨਾਂ ਦੇ ਆਪਣੇ ਕਾਰਜਕਾਲ ਵਿਚ ਚੰਨੀ ਸਰਕਾਰ ਨੇ ਚਾਰ ਵਾਰ ਡੀਜੀਪੀ ਅਤੇ ਤਿੰਨ ਵਾਰ ਏਜੀ ਬਦਲੇ ਅਤੇ ਦਰਜਨਾਂ ਵਾਰ ਐੱਸਪੀ ਤੇ ਐੱਸਐੱਸਪੀ ਬਦਲੇ।

ਮੁੱਖ ਮੰਤਰੀ ਚੰਨੀ ਦੇ 111 ਦਿਨਾਂ ਦੇ ਕਾਰਜਕਾਲ ਵਿਚ 11 ਦਿਨ ਵੀ ਪੰਜਾਬ 'ਚ ਨਸ਼ਾ ਵਿਕਣਾ ਬੰਦ ਨਹੀਂ ਹੋਇਆ। ਸਾਰੇ ਪੰਜਾਬ ਵਿਚ ਅੱਜ ਵੀ ਖੁੱਲ੍ਹੇਆਮ ਨਸ਼ਾ ਵਿਕ ਰਿਹਾ ਹੈ ਤੇ ਪੰਜਾਬ ਦੇ ਲੱਖਾਂ ਨੌਜਵਾਨ ਨਸ਼ੇ 'ਚ ਡੁੱਬ ਕੇ ਬਰਬਾਦ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਦਾ ਉਦੇਸ਼ ਪੰਜਾਬ 'ਚੋਂ ਨਸ਼ਾ ਤਸਕਰੀ ਖ਼ਤਮ ਕਰਨਾ ਨਹੀਂ ਸੀ, ਮਜੀਠੀਆ 'ਤੇ ਕੇਸ ਦਰਜ ਕਰ ਕੇ ਸਿਰਫ਼ ਚੋਣ ਲਾਭ ਲੈਣਾ ਸੀ।

## ਜ਼ਿਲ੍ਹੇ ਪ੍ਰਧਾਨ ਸੂਦ ਨੇ ਮਿਸਨ 2022 ਦਾ ਆਗਾਜ ਆਪਣੇ ਘਰ ਉੱਪਰ ਕਾਂਗਰਸ ਪਾਰਟੀ ਦਾ ਝੰਡਾ ਲਗਾ ਕੇ ਕੀਤਾ

ਫਤਹਿਗੜ੍ਹ ਸਾਹਿਬ, (ਪੱਤਰ ਪ੍ਰੇਰਕ)–ਜ਼ਿਲ੍ਹੇ ਕਾਂਗਰਸ ਕਮੇਟੀ ਫਤਹਿਗੜ੍ਹ ਸਾਹਿਬ ਦੇ ਪ੍ਰਧਾਨ ਸੁਭਾਸ ਸੂਦ ਨੇ ਮਿਸਨ 2022 ਦਾ ਆਗਾਜ ਆਪਣੇ ਘਰ ਉੱਪਰ ਕਾਂਗਰਸ ਪਾਰਟੀ ਦਾ ਝੰਡਾ ਲਗਾ ਕੇ ਕੀਤਾ . ਉਨ੍ਹਾਂ ਕਿਹਾ ਕਿ ਜਿਵੇਂ ਕਿ ਸਾਰਿਆਂ ਨੂੰ ਪਤਾ ਹੀ ਹੈ ਕਿ ਹੁਣ ਪੰਜਾਬ ਵਿਧਾਨ ਸਭਾ ਚੋਣਾਂ 2022 ਦਾ ਐਲਾਨ ਹੋ ਚੁੱਕਾ ਹੈ ਅਤੇ ਸਾਰੀਆਂ ਪਾਰਟੀਆਂ ਨੇ ਚੋਣ ਪ੍ਰਚਾਰ ਸੁਰੂ ਕਰ ਦਿੱਤਾ ਹੈ ਅਤੇ ਮੇਰੇ ਵਲੋਂ ਵੀ ਚੋਣ ਪ੍ਰਚਾਰ ਦੀ ਸੁਰੂਆਤ ਆਪਣੇ ਘਰ ਉੱਪਰ ਕਾਂਗਰਸ ਪਾਰਟੀ ਦਾ ਝੰਡਾ ਲਗਾ ਕੇ ਕੀਤੀ ਗਈ ਹੈ .ਇਸ ਮੌਕੇ ਜ਼ਿਲ੍ਹੇ ਪ੍ਰਧਾਨ ਨੇ ਪਾਰਟੀ ਦੇ ਸਾਰੇ ਅਹੁਦੇਦਾਰਾਂ ਅਤੇ ਵਰਕਰਾਂ ਨੂੰ ਜ਼ਿਲ੍ਹੇ ਫਤਹਿਗੜ੍ਹ ਸਾਹਿਬ ਦੇ ਤਿੰਨੋਂ ਵਿਧਾਇਕਾਂ ਕੁਲਜੀਤ ਸਿੰਘ ਨਾਗਰਾ, ਰਣਦੀਪ ਸਿੰਘ ਨਾਭਾ ਅਤੇ ਗੁਰਪ੍ਰੀਤ ਸਿੰਘ ਜੀ.ਪੀ. ਨੂੰ ਵਿਕਾਸ ਕਾਰਜਾਂ ਨੂੰ ਮੁੱਖ ਰੱਖਦਿਆਂ ਵੱਡੀ ਜਿੱਤ ਦਿਵਾਉਣ ਦੀ ਅਪੀਲ ਕੀਤੀ . ਉਨ੍ਹਾਂ ਕਿਹਾ ਕਿ ਪੰਜਾਬ ਕਾਂਗਰਸ ਸਰਕਾਰ ਵਲੋਂ ਜ਼ਿਲ੍ਹੇ 'ਚ ਪਿਛਲੇ 5 ਸਾਲਾਂ ਦੌਰਾਨ ਜਿੰਨੇ ਵਿਕਾਸ ਕਾਰਜ ਕਰਵਾਏ ਗਏ ਹਨ

## ਡਰੱਗਜ ਮਾਮਲੇ ਦੀ ਜਾਂਚ 'ਚ ਸ਼ਾਮਲ ਹੋਏ 'ਮਜੀਠੀਆ', ਨਵਜੋਤ ਸਿੱਧੂ 'ਤੇ ਕੱਸਿਆ ਤੰਜ



ਮੋਹਾਲੀ , (ਪੱਤਰ ਪ੍ਰੇਰਕ)– ਪੰਜਾਬ ਦੇ ਸਾਬਕਾ ਲੋਕ ਸੰਪਰਕ ਮੰਤਰੀ ਅਤੇ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਅੱਜ ਐੱਸ. ਆਈ. ਟੀ. (ਸਿੱਟ) ਦੇ ਸਾਹਮਣੇ ਡਰੱਗਜ਼ ਮਾਮਲੇ ਦੀ ਜਾਂਚ ਵਿਚ ਸ਼ਾਮਲ ਹੋਏ। ਸਵੇਰੇ 11 ਵਜੇ ਬਿਕਰਮ ਮਜੀਠੀਆ ਸਿੱਟ ਕੋਲ ਪੇਸ਼ ਹੋਣ ਲਈ ਪਹੁੰਚ ਗਏ ਅਤੇ ਸਵਾ ਦੋ ਘੰਟੇ ਦੇ ਕਰੀਬ ਉਨ੍ਹਾਂ ਤੋਂ ਸਵਾਲ–ਜਵਾਬ ਕੀਤੇ ਗਏ। ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਬਿਕਰਮ ਸਿੰਘ ਮਜੀਠੀਆ ਨੇ ਸਪੱਸ਼ਟ ਕਿਹਾ ਕਿ ਸਿਆਸੀ ਕਿੜ ਕੱਢਣ ਲਈ ਉਨ੍ਹਾਂ 'ਤੇ ਇਹ ਮਾਮਲਾ ਦਰਜ ਕੀਤਾ ਗਿਆ ਹੈ ਕਿਉਂਕਿ ਇਸ ਮਾਮਲੇ ਨਾਲ ਸਬੰਧਿਤ ਪੂਰੀ ਜਾਂਚ ਏ. ਡੀ. ਜੀ. ਪੀ. ਪੱਧਰ ਦੇ ਅਧਿਕਾਰੀਆਂ ਵੱਲੋਂ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਨਾਲ ਸਬੰਧਿਤ ਸੱਚ ਲੋਕਾਂ ਸਾਹਮਣੇ ਆਉਣਾ ਚਾਹੀਦਾ ਹੈ ਅਤੇ ਉਹ ਜਾਂਚ ਵਿਚ ਪੂਰਾ ਸਹਿਯੋਗ ਕਰਨਗੇ। ਬਿਕਰਮ ਮਜੀਠੀਆ ਨੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ 'ਤੇ ਸ਼ਬਦੀ ਹਮਲਾ ਕਰਦਿਆਂ ਸਪੱਸ਼ਟ ਕਿਹਾ ਕਿ ਪੰਜਾਬ ਵਿਚ ਵਿਕਾਸ ਨਾ ਦੀ ਕੋਈ ਚੀਜ਼ ਨਹੀਂ ਅਤੇ ਠੋਕੋ ਤਾਲੀ ਨਵਜੋਤ ਸਿੰਘ ਸਿੱਧੂ ਵੱਲੋਂ ਖਟਾਰਾ ਮਾਡਲ ਪੇਸ਼ ਕੀਤਾ ਗਿਆ ਹੈ ਅਤੇ ਇਹ ਪੂਰੀ ਤਰ੍ਹਾਂ ਫੇਲ੍ਹ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਸਿੱਧੂ ਸਿਰਫ ਮੈਂ–ਮੈਂ ਮੈਂ ਕਰਦਾ ਹੀ ਪੰਜਾਬ ਘੁੰਮ ਰਿਹਾ ਹੈ। ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਨਵਜੋਤ ਸਿੰਘ ਸਿੱਧੂ ਦੀ ਬਤੌਰ ਮੰਤਰੀ ਹੁੰਦਿਆਂ ਵੱਖ–ਵੱਖ ਮਹਿਕਮਿਆਂ ਵਿੱਚ ਕਾਰਗੁਜ਼ਾਰੀ ਜ਼ੀਰੋ ਫੀਸਦੀ ਹੈ। ਮਜੀਠੀਆ ਨੇ ਕਿਹਾ ਕਿ ਨਵਜੋਤ ਸਿੰਘ ਸਿੱਧੂ ਦੀ ਕਾਰਗੁਜਾਰੀ ਬਾਰੇ ਕਾਂਗਰਸ ਸਰਕਾਰ ਦੇ ਮੰਤਰੀ ਹੀ ਬਿਆਨਬਾਜੀ ਕਰ ਚੁੱਕੇ ਹਨ ਅਤੇ ਵੱਖ–ਵੱਖ ਮੰਤਰੀਆਂ ਵੱਲੋਂ ਦਿੱਤੇ ਬਿਆਨਾਂ ਦੇ ਜਵਾਬ ਵਿੱਚ ਨਵਜੋਤ ਸਿੰਘ ਸਿੱਧੂ ਵੱਲੋਂ ਕੁੱਝ ਨਹੀਂ ਬੋਲਿਆ ਗਿਆ। ਪੱਤਰਕਾਰਾਂ ਵੱਲੋਂ ਪੁੱਛੇ ਇਕ ਸਵਾਲ ਦੇ ਜਵਾਬ ਵਿੱਚ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਕੇਜਰੀਵਾਲ ਮਾਡਲ ਦੀ ਪੰਜਾਬ ਵਿੱਚ ਕੋਈ ਥਾਂ ਨਹੀਂ ਹੈ ਕਿਉਂਕਿ ਜੇਕਰ ਕੋਈ ਮਾਡਲ ਹੁੰਦਾ ਤਾਂ ਇਸ ਨੂੰ ਸਹੀ ਮਾਇਨਿਆਂ ਵਿਚ ਦਿੱਲੀ ਹੀ ਲਾਗੂ ਕਰ ਲਿਆ ਜਾਂਦਾ, ਉੱਥੋਂ ਦੇ ਲੋਕੀਂ ਕੇਜਰੀਵਾਲ ਸਰਕਾਰ ਦੇ ਖ਼ਿਲਾਫ਼ ਆਪਣੀ ਪ੍ਰਤੀਕਿਰਿਆ ਵਾਰ–ਵਾਰ ਦਰਜ ਕਰਵਾ ਚੁੱਕੇ ਹਨ। ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਦਿੱਲੀ ਦੇ ਕੇਜਰੀਵਾਲ ਨੂੰ ਪੰਜਾਬ ਦੇ ਮਾਡਲ ਦਾ ਕੀ ਪਤਾ ਹੈ, ਪੰਜਾਬੀ ਖ਼ੁਦ ਹੀ ਪੰਜਾਬ ਦਾ ਮਾਡਲ ਆਪਣੀ ਹੀ ਕਿਸਮ ਦਾ ਪੇਸ਼ ਕਰਦੇ ਹਨ।

## ਕਿਸਾਨ ਆਗੂ ਨਰਾਤਾ ਰਾਮ ਦੇਧਨਾਂ ਨੂੰ ਸ਼ਰਧਾਂਜਲੀਆਂ ਭੇਟ



ਪਾਤੜਾਂ , (ਪੱਤਰ ਪ੍ਰੇਰਕ)–ਕੁੱਲ ਹਿੰਦ ਕਿਸਾਨ ਸਭਾ ਬਲਾਕ ਪਾਤੜਾਂ ਦੇ ਪ੍ਰਧਾਨ ਤੇ ਪ੍ਰਸਿੱਧ ਕਮਿਊਨਿਸਟ ਆਗੂ ਕਾ. ਨਰਾਤਾ ਰਾਮ ਦੇਧਨਾ ਨਮਿਤ ਭੋਗ ਤੇ ਸ਼ਰਧਾਂਜਲੀ ਸਮਾਰੋਹ ਹੋਇਆ। ਸ਼ਰਧਾਂਜਲੀ ਸਮਾਰੋਹ ਦੌਰਾਨ ਕੁੱਲ ਹਿੰਦ ਕਿਸਾਨ ਸਭਾ ਤੇ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਵੱਖ ਵੱਖ ਸਮੇਂ 'ਤੇ ਲੜੇ ਸੰਘਰਸ਼ਾਂ 'ਚ ਨਰਾਤਾ ਰਾਮ ਦੇਧਨਾਂ ਵੱਲੋਂ ਨਿਭਾਏ ਰੋਲ ਨੂੰ ਯਾਦ ਕਰਦਿਆਂ ਸਭਾ ਦੇ ਸੂਬਾ ਮੀਤ ਪ੍ਰਧਾਨ ਕੁਲਵੰਤ ਸਿੰਘ ਮੌਲਵੀਵਾਲਾ ਨੇ ਕਿਹਾ ਕਿ ਉਨ੍ਹਾਂ ਸਦਾ ਪਾਰਟੀ ਵੱਲੋਂ ਲਗਾਏ ਗਏ ਹਰ ਹੁਕਮ ਨੂੰ ਸਿਰ ਮੱਥੇ ਕਬੂਲ ਕਰਦਿਆਂ ਅੱਗੇ ਹੋ ਕੇ ਕੰਮ ਕੀਤਾ। ਸਮਾਗਮ ਦੌਰਾਨ ਸਹਾਇਕ ਸਕੱਤਰ ਬ੍ਰਿਜ ਲਾਲ ਬਠੋਂਣੀਆਂ, ਸੰਤੋਖ ਸਿੰਘ ਪਟਿਆਲਾ, ਹਰਜੀਤ ਸਿੰਘ ਪਟਿਆਲਾ, ਜਗਤਾਰ ਸਿੰਘ ਫਤਿਹਮਾਜਰੀ, ਰਾਮ ਚੰਦ ਚੁਨਾਗਰਾ, ਰਣਜੀਤ ਸਿੰਘ ਮੈਣ, ਅਮਰਜੀਤ ਸਿੰਘ ਦੁਗਾਲ, ਕੁਲਦੀਪ ਸਿੰਘ ਗਲੋਲੀ, ਜਨਕ ਦੇਧਨਾਂ, ਮਿਸ਼ਰਾ ਸਿੰਘ ਦੇਧਨਾਂ, ਬਲਬੀਰ ਸਿੰਘ ਤੇ ਜਸਵੰਤ ਸਿੰਘ ਮੌਲਵੀਵਾਲਾ ਨੇ ਪਰਿਵਾਰ ਨਾਲ ਹਮਦਰਦੀ ਦਾ ਇਜ਼ਹਾਰ ਕੀਤਾ।

## ਸਲੱਮ ਬਸਤੀ ਦੇ ਲੋਕਾਂ ਨੂੰ ਵੋਟ ਪਾਉਣ ਲਈ ਕੀਤਾ ਪ੍ਰੇਰਿਤ



ਰਾਜਪੁਰਾ , (ਪੱਤਰ ਪ੍ਰੇਰਕ)– ਪੰਜਾਬ ਅੰਦਰ 14 ਫਰਵਰੀ ਨੂੰ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ ਸਬੰਧੀ ਹਲਕੇ ਦੇ ਚੋਣ ਸੈਕਟਰ ਅਫ਼ਸਰਾਂ ਨੇ ਸਬ ਡਵੀਜ਼ਨਲ ਮੈਜਿਸਟ੍ਰੇਟ ਸੰਜੀਵ ਕੁਮਾਰ ਦੀ ਅਗਵਾਈ ਹੇਠ ਸ਼ਹਿਰ ਦੀਆਂ ਸਲੱਮ ਬਸਤੀਆਂ ਜਿਨ੍ਹਾਂ 'ਚ ਬਸੇਰਾ ਸਕੀਮ ਨੰਬਰ–1, ਮਿਰਚ ਮੰਡੀ ਕਾਲੋਨੀ, ਪੁਰਾਣਾ ਕਿਲ੍ਹਾ, ਮਹਿੰਦਰ ਗੰਜ, ਰੌਸ਼ਨ ਕਾਲੋਨੀ ਤੇ ਦੂਧਾਧਾਰੀ ਆਸ਼ਰਮ ਵਿਖੇ ਲੋਕਾਂ ਨਾਲ ਰਾਬਤਾ ਕਾਇਮ ਕੀਤਾ। ਸੈਕਟਰ ਅਫ਼ਸਰਾਂ ਜਿਨ੍ਹਾਂ 'ਚ ਡੀਐੱਸਪੀ ਰਾਜਪੁਰਾ ਗੁਰਬੰਸ ਸਿੰਘ ਬੈਂਸ, ਸਵਰਨ ਸਿੰਘ ਤੇ ਜਰਨੈਲ ਸਿੰਘ ਸਮੇਤ ਐੱਸਡੀਐੱਮ ਰਾਜਪੁਰਾ ਸੰਜੀਵ ਕੁਮਾਰ ਨੇ ਲੋਕਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਸਾਂਝੇ ਤੌਰ 'ਤੇ ਕਿਹਾ ਕਿ ਵੋਟ ਦਾ ਅਧਿਕਾਰ ਸਾਡਾ ਮੌਲਿਕ ਅਧਿਕਾਰ ਹੈ, ਇਸ ਦੀ ਵਰਤੋਂ ਜ਼ਰੂਰ ਕਰਨੀ ਚਾਹੀਦੀ ਹੈ। ਉਨ੍ਹਾਂ ਖੇਤਰ ਦੇ ਲੋਕਾਂ ਨੂੰ ਕਿਹਾ ਕਿ ਵੋਟਰਾਂ ਨੂੰ ਬਿਨਾਂ ਕਿਸੇ ਡਰ, ਧੱਕੇ ਡਰਾਵੇ ਅਤੇ ਲਾਲਚ ਤੋਂ ਆਪਣੇ ਵੋਟ ਦਾ ਇਸਤੇਮਾਲ ਸੁਤੰਤਰ ਤੇ ਨਿਰਪੱਖ ਤਰੀਕੇ ਨਾਲ ਕਰਨ ਦੀ ਅਪੀਲ ਕੀਤੀ।

## ਪੁਲਿਸ ਤੇ ਐਕਸਾਈਜ਼ ਵਿਭਾਗ ਚੌਕਸ, 450 ਲੀਟਰ ਲਾਹਣ ਤੇ 16 ਬੋਤਲਾਂ ਸ਼ਰਾਬ ਬਰਾਮਦ

ਪਟਿਆਲਾ, (ਪੱਤਰ ਪ੍ਰੇਰਕ)–ਚੋਣ ਨੇੜੇ ਆਉਂਦਿਆਂ ਹੀ ਭੱਠੀਆਂ ਭਖਣ ਲੱਗੀਆਂ ਹਨ ਤੇ ਸ਼ਰਾਬ ਤਸਕਰ ਸਰਗਰਮ ਹੋਣ ਲੱਗੇ ਹਨ। ਜਿਨ੍ਹਾਂ ਨੂੰ ਨੱਥ ਪਾਉਣ ਤੇ ਚੋਣ ਜ਼ਾਬਤੇ ਨੂੰ ਲਾਗੂ ਕਰਨ ਲਈ ਪੁਲਿਸ ਤੇ ਐਕਸਾਈਜ਼ ਵਿਭਾਗ ਵੀ ਪੂਰੀ ਤਰ੍ਹਾਂ ਚੌਕਸ ਹੋ ਗਿਆ ਹੈ। ਸ਼ਹਿਰੀ ਤੇ ਪੇਂਡੂ ਇਲਾਕਿਆਂ ਐਕਸਾਈਜ਼ ਵਿਭਾਗ ਦੀਆਂ ਟੀਮਾਂ ਵੱਲੋਂ ਨਜ਼ਰ ਰੱਖੀ ਜਾ ਰਹੀ ਹੈ। ਇਸ ਕਾਰਨ ਬੀਤੇ ਦਿਨ 450 ਲੀਟਰ ਲਾਹਣ ਤੇ 16 ਬੋਤਲਾਂ ਸ਼ਰਾਬ ਬਰਾਮਦ ਕਰਦਿਆਂ ਜ਼ਿਲ੍ਹੇ 'ਚ ਚਾਰ ਪਰਚੇ ਦਰਜ ਕੀਤੇ ਗਏ ਹਨ। ਐਕਸਾਈਜ਼ ਵਿਭਾਗ ਤੇ ਥਾਣਾ ਤ੍ਰਿਪੜੀ ਦੀ ਪੁਲਿਸ ਨੇ ਬੀਤੇ ਦਿਨ ਗਲੀ ਨੰਬਰ–1 'ਚ ਛਾਪੇਮਾਰੀ ਕਰ ਕੇ ਇਥੋਂ 10 ਬੋਤਲਾਂ ਦੇਸੀ ਸ਼ਰਾਬ ਬਰਾਮਦ ਕੀਤੀ ਹੈ। ਮੁਲਜ਼ਮ ਦੀ ਪਛਾਣ ਰਿੱਕੀ ਵਾਸੀ ਤ੍ਰਿਪੜੀ ਟਾਊਨ ਵਜੋਂ ਹੋਈ ਹੈ, ਜਿਸ ਖਿਲਾਫ਼ ਐਕਸਾਈਜ਼ ਐਕਟ ਤਹਿਤ ਮਾਮਲਾ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਇਸੇ ਤਰ੍ਹਾਂ ਹੀ ਸਦਰ ਸਮਾਣਾ ਦੀ ਪੁਲਸ ਨੇ ਐਕਸਾਈਜ਼ ਵਿਭਾਗ ਦੀ ਟੀਮ ਦੇ ਸਹਿਯੋਗ ਨਾਲ ਤਿੰਨ ਵੱਖ–ਵੱਖ ਥਾਵਾਂ ਤੋਂ ਵੱਡੀ ਮਾਤਰਾ 'ਚ ਲਾਹਣ ਬਰਾਮਦ ਕੀਤੀ ਹੈ। ਸੂਚਨਾ ਦੇ ਆਧਾਰ 'ਤੇ ਮਨਜੀਤ ਸਿੰਘ ਵਾਸੀ ਪਿੰਡ ਮਰੌੜੀ ਦੇ ਘਰ ਛਾਪਾ ਮਾਰਿਆ ਜ਼ਿਆਦਾ ਇੱਥੋਂ 150 ਲੀਟਰ ਲਾਹਣ ਬਰਾਮਦ ਹੋਈ। ਇਸੇ ਤਰ੍ਹਾਂ ਹੀ ਪਿੰਡ ਮਰੌੜੀ ਦੇ ਛੱਪੜ ਦੇ ਕੰਢੇ 150 ਲੀਟਰ ਲਾਹਣ ਬਰਾਮਦ ਕੀਤੀ ਗਈ ਹੈ, ਪੁਲਿਸ ਅਨੁਸਾਰ ਮੁਲਜ਼ਮ ਦੀ ਪਛਾਣ ਸੋਮਾ ਸਿੰਘ ਵਜੋਂ ਹੋਈ ਹੈ ਜੋ ਕਿ ਨਾਜਾਇਜ਼ ਸ਼ਰਾਬ ਕਸ਼ੀਦ ਕਰ ਕੇ ਵੇਚਣ ਦਾ ਆਦੀ ਹੈ ਅਤੇ ਹੁਣ ਵੀ ਨਾਜਾਇਜ਼ ਸ਼ਰਾਬ ਪ੍ਰਸਿੱਧ ਕਰਨ ਲਈ ਤਿਆਰੀ ਕਰ ਰਿਹਾ ਸੀ। ਇਸੇ ਤਰ੍ਹਾਂ ਹੀ ਪਿੰਡ ਰਤਨਹੇੜੀ ਨੇੜੇ ਪੁਲਿਸ ਤੇ ਐਕਸਾਈਜ਼ ਵਿਭਾਗ ਦੀ ਟੀਮ ਨੇ ਛਾਪੇਮਾਰੀ ਕਰ ਕੇ 150 ਲੀਟਰ ਲਾਹਣ ਬਰਾਮਦ ਕੀਤੀ। ਮੁਲਜ਼ਮ ਦੀ ਪਛਾਣ ਰਜਿੰਦਰ ਸਿੰਘ ਵਾਸੀ ਪਿੰਡ ਮਰੌੜੀ ਵਜੋਂ ਹੋਈ ਹੈ। ਐੱਸਐੱਸਪੀ ਡਾ. ਸੰਦੀਪ ਗਰਗ ਨੇ ਦੱਸਿਆ ਕਿ ਚੋਣਾਂ ਦੇ ਮੱਦੇਨਜ਼ਰ ਪੁਲੀਸ ਟੀਮਾਂ ਪੂਰੀ ਤਰ੍ਹਾਂ ਚੌਕਸ ਹਨ। ਇਲਾਕੇ 'ਚ ਅਮਨ ਅਮਾਨ ਦੀ ਸਥਿਤੀ ਕਾਇਮ ਰੱਖਣ ਦੇ ਨਾਲ–ਨਾਲ ਨਾਜਾਇਜ਼ ਸ਼ਰਾਬ ਦੇ ਤਸਕਰਾਂ ਨੂੰ ਨੱਥ ਪਾਉਣ ਦੀ ਮੁਹਿੰਮ ਵੀ ਲਗਾਤਾਰ ਜਾਰੀ ਹੈ। ਐਕਸਾਈਜ਼ ਵਿਭਾਗ ਦੇ ਈਟੀਸੀ ਇੰਦਰਜੀਤ ਸਿੰਘ ਨਾਗਪਾਲ ਨੇ ਕਿਹਾ ਕਿ ਜ਼ਿਲ੍ਹੇ 'ਚ ਵਿਭਾਗ ਦੀਆਂ ਅੱਠ ਟੀਮਾਂ ਵੱਲੋਂ ਸ਼ਰਾਬ ਤਸਕਰਾਂ 'ਤੇ ਬਾਜ਼ ਅੱਖ ਰੱਖੀ ਜਾ ਰਹੀ ਹੈ। ਪੁਲਿਸ ਦੇ ਸਹਿਯੋਗ ਨਾਲ ਸ਼ਰਾਬ ਤਸਕਰਾਂ ਤੇ ਨੱਥ ਪਾਈ ਜਾ ਰਹੀ ਹੈ।

## ਜ਼ਿਲ੍ਹਾ ਚੋਣ ਅ.ਫਸਰ ਵੱਲੋਂ ਨੋਡਲ ਅਧਿਕਾਰੀਆਂ ਨਾਲ ਮੀਟਿੰਗ

ਪਟਿਆਲਾ , (ਪੱਤਰ ਪ੍ਰੇਰਕ)–ਜ਼ਿਲ੍ਹਾ ਚੋਣ ਅਫ਼ਸਰ–ਕਮ–ਡਿਪਟੀ ਕਮਿਸ਼ਨਰ ਸੰਦੀਪ ਹੰਸ ਨੇ ਵਿਧਾਨ ਸਭਾ ਚੋਣਾਂ ਨੂੰ ਨਿਰਵਿਘਨ ਤੇ ਨਿਰਪੱਖ ਨੇਪਰੇ ਚੜ੍ਹਾਉਣ ਲਈ ਤਾਇਨਾਤ ਕੀਤੇ ਗਏ ਸਮੂਹ ਨੋਡਲ ਅਧਿਕਾਰੀਆਂ ਨਾਲ ਇਕ ਬੈਠਕ ਕੀਤੀ। ਬੈਠਕ ਦੌਰਾਨ ਜ਼ਿਲ੍ਹਾ ਚੋਣ ਅਫ਼ਸਰ ਨੇ ਸਮੂਹ ਨੋਡਲ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਭਾਰਤੀ ਚੋਣ ਕਮਿਸ਼ਨ ਵੱਲੋਂ ਜਾਰੀ ਆਦਰਸ਼ ਚੋਣ ਜਾਬਤੇ ਦੀ ਪਾਲਣਾ ਕਰਦੇ ਹੋਏ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਮੁਤਾਬਕ ਆਪਣੀ ਜ਼ਿੰਮੇਵਾਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣ ਤਾਂ ਕਿ ਵਿਧਾਨ ਸਭਾ ਚੋਣਾਂ ਨੂੰ ਨਿਰਵਿਘਨ, ਸੁਤੰਤਰ ਤੇ ਨਿਰਪੱਖ ਢੰਗ ਨਾਲ ਨੇਪਰੇ ਚੜ੍ਹਾਇਆ ਜਾ ਸਕੇ।

ਡੀਸੀ ਸੰਦੀਪ ਹੰਸ ਨੇ ਸਵੀਪ ਦੇ ਨੋਡਲ ਅਫ਼ਸਰ ਪ੍ਰੋ. ਗੁਰਬਖ਼ਸ਼ੀਸ ਸਿੰਘ ਅੰਟਾਲ ਨੂੰ ਕਿਹਾ ਕਿ ਉਹ ਸਵੀਪ ਗਤੀਵਿਧੀਆਂ ਤਹਿਤ ਵੋਟਰਾਂ ਨੂੰ ਵੋਟਾਂ ਲਾਜ਼ਮੀ ਪਾਉਣ ਸਮੇਤ ਵੋਟਰ ਹੈਲਪਲਾਈਨ ਐਪ ਤੇ ਸੀ ਵਿਜ਼ਲ ਐਪ ਬਾਰੇ ਵੀ ਜਾਗਰੂਕ ਕਰਨ। ਉਨ੍ਹਾਂ ਨੇ ਪੀਡਬਲਿਯੂਡੀ ਵੋਟਰਾਂ ਲਈ ਨੋਡਲ ਅਫ਼ਸਰ ਵਰਿੰਦਰ ਸਿੰਘ ਟਿਵਾਣਾ ਨੂੰ ਕਿਹਾ ਕਿ ਉਹ ਅਜਿਹੇ ਵੋਟਰਾਂ ਦੀਆਂ ਵੋਟਾਂ ਪੁਆਉਣ ਲਈ ਇਕਸਾਰ ਤਜਵੀਜ਼ ਬਣਾਉਣ, ਜਿਹੜੇ ਵੋਟਰਾਂ ਨੂੰ ਬੈਲਟ ਪੇਪਰ ਦੀ ਲੋੜ ਹੈ ਜਾਂ ਦਿਵਿਆਂਗ ਵੋਟਰਾਂ ਸਮੇਤ ਬਿਰਧ ਵੋਟਰਾਂ ਨੂੰ ਕਿਸੇ ਹੋਰ ਸਹਾਇਤਾ ਦੀ ਲੋੜ ਹੈ ਤਾਂ ਕਿ ਉਨ੍ਹਾਂ ਦੀਆਂ ਵੀ ਵੋਟਾਂ ਲਾਜ਼ਮੀ ਪੁਆਈਆਂ ਜਾ ਸਕਣ। ਜ਼ਿਲ੍ਹਾ ਚੋਣ ਅਫ਼ਸਰ ਨੇ ਇਸੇ ਤਰ੍ਹਾਂ ਹੀ ਆਬਕਾਰੀ ਵਿਭਾਗ ਦੇ ਨੋਡਲ ਅਧਿਕਾਰੀ ਨੂੰ ਕਿਹਾ ਕਿ ਗ਼ੈਰਕਾਨੂੰਨੀ ਸ਼ਰਾਬ ਦਾ ਪ੍ਰਚਲਣ ਰੋਕਣ ਸਮੇਤ ਵੋਟਾਂ ਦੌਰਾਨ ਸ਼ਰਾਬ ਵੰਡੇ ਜਾਣ ਦੇ ਖਦਸ਼ੇ ਸਬੰਧੀ ਰਿਪੋਰਟ ਤਿਆਰ ਕੀਤੀ ਜਾਵੇ ਅਤੇ ਇਸ ਸਬੰਧੀ ਪੁਲਿਸ ਨਾਲ ਮਿਲ ਕੇ ਕਾਰਵਾਈ ਕੀਤੀ ਜਾਵੇ। ਉਨ੍ਹਾਂ ਨੇ ਦੱਸਿਆ ਕਿ ਬਹੁਤ ਜਲਦ ਹੀ ਵਿਧਾਨ ਸਭਾ ਚੋਣਾਂ ਲਈ ਚੋਣ ਕਮਿਸ਼ਨ ਵਲੋਂ ਤਾਇਨਾਤ ਕੀਤੇ ਗਏ ਅਬਜ਼ਰਵਰ ਪਟਿਆਲਾ ਪੁੱਜ ਜਾਣਗੇ, ਇਸ ਲਈ ਉਨ੍ਹਾਂ ਨੂੰ ਜਾਣਕਾਰੀ ਪ੍ਰਦਾਨ ਕਰਨ ਸਮੇਤ ਉਨ੍ਹਾਂ ਦੇ ਰਹਿਣ ਆਦਿ ਦੇ ਪੁਖ਼ਤਾ ਇੰਤਜਾਮ ਕੀਤੇ ਜਾਣ। ਉਨ੍ਹਾਂ ਕਿਹਾ ਕਿ ਕੋਵਿਡ ਮਹਾਮਾਰੀ ਦੇ ਮੱਦੇਨਜ਼ਰ ਹਰ ਬੂਥ 'ਤੇ ਕੋਵਿਡ ਨਿਯਮਾਂ ਦਾ ਪਾਲਣ ਵੀ ਯਕੀਨੀ ਬਣਾਇਆ ਜਾਵੇ। ਇਸ ਤੋਂ ਇਲਾਵਾ ਨੋਡਲ ਅਫ਼ਸਰ ਵੈਲਫੇਅਰ ਅਕਬਰ ਅਲੀ ਨੂੰ ਉਨ੍ਹਾਂ ਕਿਹਾ ਕਿ ਵੋਟਾਂ ਪੁਆਉਣ ਲਈ ਤਾਇਨਾਤ ਕੀਤੇ ਜਾਣ ਵਾਲੇ ਸਮੁੱਚੇ ਚੋਣ ਅਮਲੇ ਅਤੇ ਸੁਰੱਖਿਆ ਕਰਮਚਾਰੀਆਂ ਲਈ ਭੋਜਨ ਆਦਿ ਦੇ ਪੁਖ਼ਤਾ ਅਤੇ ਸਾਰੇ ਹਲਕਿਆਂ 'ਚ ਇਕਸਾਰ ਇੰਤਜ਼ਾਮ ਕੀਤੇ ਜਾਣ। ਉਨ੍ਹਾਂ ਨੇ ਜ਼ਿਲ੍ਹਾ ਸੂਚਨਾ ਤੇ ਵਿਗਿਆਨ ਅਫ਼ਸਰ ਸੰਜੀਵ ਕੁਮਾਰ ਨੂੰ ਕਿਹਾ ਕਿ ਸਾਰੇ ਚੋਣ ਅਮਲੇ ਦਾ ਕੋਵਿਡ ਟੀਕਾਕਰਨ ਲਾਜਮੀ ਕਰਵਾਉਣ ਲਈ ਸਿਵਲ ਸਰਜਨ ਨਾਲ ਤਾਲਮੇਲ ਕੀਤਾ ਜਾਵੇ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਗੁਰਪ੍ਰੀਤ ਸਿੰਘ ਥਿੰਦ, ਸਕੱਤਰ ਆਰ.ਟੀ.ਏ. ਖੁਸ਼ਦਿਲ ਸਿੰਘ, ਜ਼ਿਲ੍ਹਾ ਮਾਲ ਅਫ਼ਸਰ ਮੁਕੇਸ਼ ਕੁਮਾਰ, ਚੋਣ ਤਹਿਸੀਲਦਾਰ ਰਾਮਜੀ ਲਾਲ, ਚੋਣ ਕਾਨੂੰਗੋ ਪ੍ਰਿਯੰਕਾ ਰਾਣੀ ਸਮੇਤ ਵੱਡੀ ਗਿਣਤੀ ਹੋਰ ਅਧਿਕਾਰੀ ਵੀ ਮੌਜੂਦ ਸਨ।

## ਕਾਂਗਰਸ ਸਰਪੰਚ ਦੇ ਕਤਲ ਦਾ ਮਾਮਲਾ, ਪੁਲਿਸ ਦੇ ਹੱਥ ਖਾਲੀ, ਪਰਿਵਾਰ ਨੇ ਦਿੱਤਾ ਧਰਨਾ



ਪਟਿਆਲਾ , (ਪੱਤਰ ਪ੍ਰੇਰਕ)– ਕਾਂਗਰਸੀ ਸਰਪੰਚ ਤਾਰਾ ਦੱਤ ਕਤਲ ਕੇਸ 'ਚ ਪੁਲਿਸ ਵੱਲੋਂ ਨਾਮਜ਼ਦ ਕਿਸੇ ਵੀ ਮੁਲਜ਼ਮ ਦੀ ਗ੍ਰਿਫਤਾਰੀ ਨਹੀਂ ਹੋਈ ਹੈ। ਇਸੇ ਰੋਸ ਵਜੋਂ ਮ੍ਰਿਕ ਤਾਰਾ ਦੱਤ ਦੇ ਪਰਿਵਾਰ ਤੇ ਕਈ ਸੰਸਥਾਵਾਂ ਦੇ ਮੈਂਬਰਾਂ ਵੱਲੋਂ ਬਸ ਸਟੈਂਡ ਚੌਕ 'ਚ ਧਰਨਾ ਦਿੱਤਾ ਗਿਆ। ਬੁੱਧਵਾਰ ਦੀ ਸਵੇਰ ਕਰਬੀ ਦੋ ਘੰਟੇ ਤਕ ਧਰਨੇ ਦੌਰਾਨ ਐੱਸਪੀ ਸਿਟੀ ਹਰਪਾਲ ਸਿੰਘ ਵੱਲੋਂ ਜਲਦ ਗ੍ਰਿਫਤਾਰੀਆਂ ਦੇ ਭਰੋਸਾ ਦੇਣ 'ਤੇ ਰੋਸ ਧਰਨਾ ਖਤਮ ਕਰ ਕਰ ਦਿੱਤਾ ਗਿਆ।

ਉੱਤਰਾਖੰਡੀ ਸਮਾਜ ਦੀਆਂ ਮੁੱਖ ਸੰਸਥਾਵਾਂ ਦੇਵ ਭੂਮੀ ਯੂਵਾ ਸ਼ਕਤੀ ਉੱਤਰਾਖੰਡ, ਉੱਤਰਾਖੰਡ ਸਭਾ ਪਟਿਆਲਾ, ਉਤਰਾਚਲੀ ਕਲਚਰਲ ਐਂਡ ਵੈੱਲਫੇਅਰ ਸੁਸਾਇਟੀ, ਉੱਤਰਾਂਚਲ ਸਮਾਜ ਸੁਧਾਰ ਸੰਸਥਾ, ਜਨ ਜਾਗਰਨ ਸਮਿਤੀ, ਪੌੜੀ ਗੜਵਾਲ ਸਭਾ, ਏਕਤਾ ਨਗਰ ਵੈੱਲਫੇਅਰ ਕਲੱਬ, ਛੱਟ ਸੇਵਾ ਸਮਿਤੀ ਏਕਤਾ ਨਗਰ, ਜਨਤਾ ਸੇਵਾ ਸੁਸਾਇਟੀ ਆਦਿ ਸੰਸਥਾਵਾਂ ਤੇ ਇਲਾਕਾ ਨਿਵਾਸੀਆਂ ਵੱਲੋਂ ਬੱਸ ਸਟੈਂਡ ਪਟਿਆਲਾ ਚੌਕ 'ਚ ਧਰਨਾ ਮੁਜ਼ਾਹਰਾ ਕੀਤਾ ਗਿਆ।

'ਪਹਿਲਾਂ ਫੜਿਆ ਹੁੰਦਾ ਤਾਂ ਤਾਰਾ ਦੱਤ ਦਾ ਕਤਲ ਨਾ ਹੁੰਦਾ'

ਧਰਨਾਕਾਰੀਆਂ ਨੇ ਕਿਹਾ ਕਿ ਇਕੂ ਗੈਂਗਸਟਰ ਇਕ ਤੋਂ ਬਾਅਦ ਇਕ ਕਤਲ ਕਰ ਰਿਹਾ ਹੈ, ਕਈ ਪਰਿਚਆਂ ਵਿਚ ਨਾਮਜ਼ਦ ਹੈ ਫਿਰ ਵੀ ਉਸ ਦੀ ਗ੍ਰਿਫਤਾਰੀ ਨਹੀਂ ਹੋ ਰਹੀ। ਪਹਿਲੇ ਮਾਮਲਿਆਂ 'ਚ ਜੇ ਪੁਲਿਸ ਨੇ ਸਖਤੀ ਵਰਤੀ ਹੁੰਦੀ ਤਾਂ ਹੁਣ ਤਾਰਾ ਦੱਤ ਦਾ ਕਤਲ ਨਾ ਹੁੰਦਾ। ਸਮੁੱਚੇ ਸਮਾਜ 'ਚ ਇਸ ਗੱਲ ਦਾ ਰੋਸ ਹੈ ਕਿ ਦੋਸ਼ੀਆਂ ਦੀ ਪਛਾਣ ਹੋਣ ਦੇ ਬਾਵਜੂਦ ਵੀ ਪੁਲਿਸ ਪ੍ਰਸ਼ਾਸਨ ਵੱਲੋਂ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਹੁਣ ਤਕ ਕੋਈ ਵੀ ਗ੍ਰਿਫਤਾਰੀ ਨਹੀਂ ਕੀਤੀ ਗਈ। ਮੰਗ ਕੀਤੀ ਗਈ ਕਿ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ ਅਤੇ ਸਰਪੰਚ ਤਾਰਾ ਦੱਤ ਦੇ ਪਰਿਵਾਰ ਦੀ ਆਰਥਿਕ ਮਦਦ ਕੀਤੀ ਜਾਵੇ। ਧਰਨਾਕਾਰੀਆਂ ਨਾਲ ਗੱਲ ਕਰਨ ਪੁੱਜੇ ਐੱਸਪੀ ਸਿਟੀ ਹਰਪਾਲ ਸਿੰਘ ਨੇ ਭਰੋਸਾ ਦਿੱਤਾ ਕਿ ਪੁਲਿਸ ਟੀਮਾਂ ਵੱਲੋਂ ਮੁਲਜ਼ਮਾਂ ਦੀ ਭਾਲ 'ਚ ਛਾਪੇਮਾਰੀ ਕੀਤੀ ਜਾ ਰਹੀ ਹੈ ਜਲਦ ਹੀ ਗ੍ਰਿਫਤਾਰੀਆਂ ਹੋਣਗੀਆਂ।

## ਹਿੰਦੂਤਵ ਦੇ ਦਾਇਰੇ 'ਚੋਂ ਨਿਕਲ ਕੇ ਪੈਠ ਬਣਾਉਣ 'ਚ ਲੱਗੀ ਭਾਜਪਾ, ਪੰਥਕ ਆਗੂਆਂ 'ਤੇ ਵੀ ਨਜਰ



ਚੰਡੀਗੜ੍ਹ , (ਪੱਤਰ ਪ੍ਰੇਰਕ)– ਭਾਰਤੀ ਜਨਤਾ ਪਾਰਟੀ ਪੰਜਾਬ ਵਿਚ ਹੁਣ ਕਿਸੇ ਦਾਇਰੇ ਵਿਚ ਬੰਨ੍ਹ ਕੇ ਨਹੀਂ ਰਹਿਣਾ ਚਾਹੁੰਦੀ। ਵਿਧਾਨ ਸਭਾ ਚੋਣਾਂ ਨੂੰ ਦੇਖਦੇ ਹੋਏ ਭਾਜਪਾ ਨੇ ਹੁਣ ਹਿੰਦੂਆਂ ਦੇ ਦਾਇਰੇ 'ਚੋਂ ਬਾਹਰ ਨਿਕਲ ਕੇ ਸਿੱਖਾਂ ਵਿਚ ਵੀ ਪੈਠ ਬਣਾਉਣੀ ਸ਼ੁਰੂ ਕਰ ਦਿੱਤੀ ਹੈ। ਦਲਿਤਾਂ ਤੋਂ ਬਾਅਦ ਭਾਜਪਾ ਹੁਣ ਲਗਾਤਾਰ ਸਿੱਖਾਂ ਨੂੰ ਪਾਰਟੀ ਨਾਲ ਜੋੜਨ ਵਿਚ ਲੱਗੀ ਹੋਈ ਹੈ। ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਸਾਬਕਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਦੇ ਭਾਜਪਾ ਵਿਚ ਆਉਣ ਤੋਂ ਬਾਅਦ ਪੰਜਾਬ ਵਿਚ ਸਭ ਤੋਂ ਵੱਡੇ ਪੰਥਕ ਚਿਹਰੇ ਰਹੇ ਗੁਰਚਰਨ ਸਿੰਘ ਟੌਹੜਾ ਦੇ ਦੋਹਤੇ ਕੰਵਰਵੀਰ ਸਿੰਘ ਟੌਹੜਾ ਸਮੇਤ ਕਈ ਆਗੂ ਭਾਜਪਾ ਵਿਚ ਸ਼ਾਮਲ ਹੋ ਗਏ ਹਨ। ਦਮਦਮੀ ਟਕਸਾਲ ਦੇ ਸਾਬਕਾ ਬੁਲਾਰੇ ਰਹੇ ਪ੍ਰੋ. ਸਰਚਾਂਦ ਸਿੰਘ ਵੀ ਭਾਜਪਾ ਦੇ ਪਾਲੇ ਵਿਚ ਆ ਗਏ ਹਨ। ਗਰਮ ਖਿਆਲੀ ਸੰਸਥਾ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਾਬਕਾ ਸੀਨੀਅਰ ਉਪ ਪ੍ਰਧਾਨ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਦੇ ਸਾਬਕਾ ਪੀਏ ਇਕਬਾਲ ਸਿੰਘ ਤੁੰਗ ਵੀ ਭਾਜਪਾ ਦੇ ਹੋ ਚੁੱਕੇ ਹਨ। 2021 'ਚ ਸਾਬਕਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦੇ ਪੋਤੇ ਇੰਦਰਜੀਤ ਸਿੰਘ ਵੀ ਭਾਜਪਾ 'ਚ ਸ਼ਾਮਲ ਹੋ ਚੁੱਕੇ ਹਨ।

ਭਾਜਪਾ ਇਸ ਲਈ ਵੀ ਪੰਜਾਬ ਵਿਚ ਸਿੱਖਾਂ 'ਚ ਆਪਣਾ ਦਾਇਰਾ ਵਧਾ ਰਹੀ ਹੈ ਕਿਉਂਕਿ ਹੁਣ ਉਨ੍ਹਾਂ ਦੇ ਨਾਲ ਸ਼੍ਰੋਮਣੀ ਅਕਾਲੀ ਦਲ ਨਹੀਂ ਹੈ। 2020 ਤਕ ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਗਠਜੋੜ ਸੀ। ਇਸ ਗਠਜੋੜ ਤਹਿਤ ਭਾਜਪਾ ਪੰਜਾਬ ਦੀਆਂ 117 ਵਿਧਾਨ ਸਭਾ ਸੀਟਾਂ ਵਿਚੋਂ ਕੇਵਲ 23 ਸੀਟਾਂ 'ਤੇ ਹੀ ਚੋਣ ਲੜਦੀ ਸੀ। ਭਾਜਪਾ ਕੋਲ ਸਿੱਖ ਚਿਹਰੇ ਤਾਂ ਪਹਿਲਾਂ ਤੋਂ ਹੀ ਸਨ ਪਰ ਉਹ ਕਦੇ ਇਨ੍ਹਾਂ ਨੂੰ ਉਭਾਰਦੀ ਨਹੀਂ ਸੀ। ਇਸ ਦੇ ਪਿੱਛੇ ਮੁੱਖ ਕਾਰਨ ਇਹ ਵੀ ਸੀ ਕਿ ਭਾਜਪਾ ਦੇ ਸਿੱਖ ਚਿਹਰਿਆਂ ਨੂੰ ਤਵੱਜੋ ਦੇਣਾ ਸ਼੍ਰੋਮਣੀ ਅਕਾਲੀ ਦਲ ਨੂੰ ਪਸੰਦ ਨਹੀਂ ਆਉਂਦਾ ਸੀ। ਵੈਸੇ ਵੀ ਗਠਜੋੜ ਦੌਰਾਨ ਪੰਜਾਬ ਵਿਚ ਭਾਜਪਾ ਦਾ ਅਕਸ ਛੋਟੇ ਭਰਾ ਵਾਲਾ ਹੀ ਸੀ। ਗਠਜੋੜ ਟੁੱਟਣ ਅਤੇ ਕਿਸਾਨ ਅੰਦੋਲਨ ਦੌਰਾਨ ਭਾਜਪਾ ਨੂੰ ਇਹ ਕਮਜ਼ੋਰੀ ਮਹਿਸੂਸ ਹੋਈ। ਕਿਸਾਨ ਅੰਦੋਲਨ ਦੇ ਖ਼ਤਮ ਹੋਣ ਤੋਂ ਬਾਅਦ ਭਾਜਪਾ ਨੇ ਵੱਡੀ ਗਿਣਤੀ ਵਿਚ ਸਿੱਖ ਚਿਹਰਿਆਂ ਨੂੰ ਪਾਰਟੀ 'ਚ ਸ਼ਾਮਲ ਕਰਵਾ ਕੇ ਇਸ ਕਮਜ਼ੋਰੀ ਨੂੰ ਦੂਰ ਕਰਨ ਦਾ ਯਤਨ ਸ਼ੁਰੂ ਕੀਤਾ ਹੈ। ਇਸ ਪੜਾਅ ਤਹਿਤ ਭਾਜਪਾ ਗਰਮ ਖਿਆਲੀ ਜਥੇਬੰਦੀਆਂ ਨਾਲ ਸਬੰਧਤ ਲੋਕਾਂ ਨੂੰ ਵੀ ਆਪਣੇ ਨਾਲ ਲਿਆਉਣ ਤੋਂ ਗੁਰੇਜ਼ ਨਹੀਂ ਕਰ ਰਹੀ। ਹਾਲਾਂਕਿ, ਭਾਜਪਾ ਨਾਲ ਜੁੜਨ ਵਾਲੇ ਜ਼ਿਆਦਾਤਰ ਸਿੱਖ ਚਿਹਰੇ ਸ਼ਹਿਰੀ ਖੇਤਰ ਤੋਂ ਹਨ। ਭਾਜਪਾ ਦੀ ਨਜ਼ਰ ਹੁਣ ਦਿਹਾਤੀ ਖੇਤਰ 'ਤੇ ਵੀ ਹੈ।

ਸਾਬਕਾ ਟਕਸਾਲੀ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਨੇ ਆਪਣੀ ਪਾਰਟੀ ਨਾਲ ਭਾਜਪਾ ਨਾਲ ਗਠਜੋੜ ਕਰ ਲਿਆ ਹੈ। ਸਾਬਕਾ ਜਥੇਦਾਰ ਮਰਹੂਮ ਜਗਦੇਵ ਸਿੰਘ ਤਲਵੰਡੀ ਦੇ ਪੁੱਤਰ ਰਣਜੀਤ ਸਿੰਘ ਤਲਵੰਡੀ ਵੀ ਭਾਜਪਾ ਨਾਲ ਆ ਗਏ ਹਨ। ਹੁਣ ਚਰਚਾ ਹੈ ਕਿ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਦਾ ਪਰਿਵਾਰ ਵੀ ਭਾਜਪਾ ਨਾਲ ਜੁੜਨ ਦੀ ਤਿਆਰੀ ਵਿਚ ਹੈ।

ਪੀਐੱਮ ਫ਼ੈਸਲੇ ਲੈਂਦੇ ਨੇ, ਗਲਤੀ ਹੋਵੇ ਤਾਂ ਮਾਫ਼ੀ ਮੰਗਣ ਦੀ ਵੀ ਹਿੰਮਤ : ਕੰਵਰਵੀਰ

ਭਾਜਪਾ ਜੁਆਇਨ ਕਰਨ ਵਾਲੇ ਗੁਰਚਰਨ ਸਿੰਘ ਟੌਹੜਾ ਦੇ ਦੋਹਤੇ ਕੰਵਰਵੀਰ ਟੌਹੜਾ ਦਾ ਕਹਿਣਾ ਹੈ ਕਿ ਉਨ੍ਹਾਂ ਭਾਜਪਾ ਇਸ ਲਈ ਜੁਆਇਨ ਕੀਤੀ ਕਿਉਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਚ ਫੈਸਲਾ ਲੈਣ ਦੀ ਸਮਰੱਥਾ ਹੈ। ਉਹ ਨਾ ਸਿਰਫ ਫੈਸਲਾ ਲੈਂਦੇ ਹਨ ਬਲਕਿ ਜੇ ਕੋਈ ਗਲਤੀ ਹੁੰਦੀ ਹੈ ਤਾਂ ਉਹ ਉਸ ਦੇ ਲਈ ਮਾਫੀ ਵੀ ਮੰਗ ਲੈਂਦੇ ਹਨ। ਖੇਤੀ ਕਾਨੂੰਨ ਨੂੰ ਲੈ ਕੇ ਉਨ੍ਹਾਂ ਜਿਸ ਤਰ੍ਹਾਂ ਜਨਤਕ ਰੂਪ ਵਿਚ ਮਾਫੀ ਮੰਗੀ, ਉਹ ਕੋਈ ਆਮ ਵਿਅਕਤੀ ਨਹੀਂ ਕਰ ਸਕਦਾ। ਟੌਹੜਾ ਸਾਹਿਬ (ਗੁਰਚਰਨ ਸਿੰਘ ਟੌਹੜਾ) ਕਹਿੰਦੇ ਸਨ, ਤੁਸੀਂ ਜਿਸ ਧਰਮ ਦੇ ਵੀ ਹੋਵੋ, ਉਸ 'ਚ ਪਰਪੱਕ ਹੋਣਾ ਚਾਹੀਦਾ ਹੈ। ਸਿੱਖੀ ਸਭ ਨੂੰ ਨਾਲ ਲੈ ਕੇ ਚੱਲਣਾ ਸਿਖਾਉਂਦੀ ਹੈ। ਭਾਜਪਾ ਵੀ ਸਭ ਨੂੰ ਇਕ ਸਾਥ ਲੈ ਕੇ ਚੱਲਣ ਦੀ ਗੱਲ ਕਰਦੀ ਹੈ।

## ਚੰਡੀਗੜ੍ਹ ਪਟੇਲ ਮਾਰਕੀਟ 'ਚ 33 ਨੌਜਵਾਨਾਂ ਨੇ ਕੀਤਾ ਖ਼ੂਨਦਾਨ



ਚੰਡੀਗੜ੍ਹ , (ਪੱਤਰ ਪ੍ਰੇਰਕ)–ਪਟੇਲ ਮਾਰਕੀਟ ਵੈੱਲਫੇਅਰ ਐਸੋਸੀਏਸ਼ਨ, ਮਾਰਕੀਟ ਵੈੱਲਫੇਅਰ ਐਸੋਸੀਏਸ਼ਨ, ਸੈਕਟਰ–15–ਡੀ, ਸ੍ਰੀ ਸ਼ਿਵ ਕਾਂਵੜ ਮਹਾਂਸੰਘ ਚੈਰੀਟੇਬਲ ਟਰੱਸਟ, ਪੰਚਕੂਲਾ ਅਤੇ ਮਹਾਂਮਾਈ ਮਨਸਾ ਦੇਵੀ ਚੈਰੀਟੇਬਲ ਭੰਡਾਰਾ ਕਮੇਟੀ ਨੇ ਬਲੱਡ ਬੈਂਕ, ਪੀਜੀਆਈ, ਚੰਡੀਗੜ੍ਹ ਪਟੇਲ ਮਾਰਕੀਟ ਦੇ ਸਹਿਯੋਗ ਨਾਲ ਹਸਪਤਾਲਾਂ 'ਚ ਖ਼ੂਨ ਦੀ ਘਾਟ ਪੂਰਾ ਕਰਨ ਲਈ ਖ਼ੂਨਦਾਨ ਕੈਂਪ ਲਗਾਇਆ। ਸੈਕਟਰ–15–ਡੀ, ਚੰਡੀਗੜ੍ਹ 'ਚ ਲਾਏ ਖ਼ੂਨਦਾਨ ਕੈਂਪ 'ਚ 33 ਦਾਨੀਆਂ ਵੱਲੋਂ ਬਲੱਡ ਦਾਨ ਕੀਤਾ ਗਿਆ। ਕੈਂਪ ਦਾ ਉਦਘਾਟਨ ਪਟੇਲ ਮਾਰਕੀਟ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਸੰਜੀਵ ਕੁਮਾਰ ਵੱਲੋਂ ਸ਼ੁਭ ਕਰ–ਕਮਲਾਂ ਨਾਲ ਕੀਤਾ ਗਿਆ। ਉਨ੍ਹਾਂ ਨੌਜਵਾਨਾਂ ਨੂੰ ਇਸ ਨੇਕ ਕਾਰਜ 'ਚ ਉਤਸ਼ਾਹ ਨਾਲ ਹਿੱਸਾ ਲੈਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਇਕ ਸਿਹਤਮੰਦ ਵਿਅਕਤੀ ਦੀ ਮਨੁੱਖੀ, ਨੈਤਿਕ ਤੇ ਸਮਾਜਿਕ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਉਹ ਖ਼ੂਨਦਾਨ ਲਈ ਆਪਣੇ–ਆਪ ਨੂੰ ਤਿਆਰ ਰੱਖੇ। ਹਰ ਤੰਦਰੁਸਤ ਵਿਅਕਤੀ ਨੂੰ ਵੀ ਖ਼ੂਨਦਾਨ ਕਰਨਾ ਚਾਹੀਦਾ ਹੈ ਕਿਉਂਕਿ ਖ਼ੂਨ ਦਾ ਹੋਰ ਕੋਈ ਬਦਲ ਨਹੀਂ ਹੈ। ਇਸ ਮੌਕੇ ਸ੍ਰੀ ਸ਼ਿਵ ਕਾਂਵੜ ਮਹਾਂਸੰਘ ਚੈਰੀਟੇਬਲ ਟਰੱਸਟ ਦੇ ਕੋਆਰਡੀਨੇਟਰ ਦੀਪਕ ਸ਼ਰਮਾ ਤੇ ਲਕਸ਼ਮਣ ਸਿੰਘ ਰਾਵਤ ਨੇ ਦੱਸਿਆ ਕਿ ਕੜਾਕੇ ਦੀ ਠੰਢ ਤੇ ਕੋਰੋਨਾ ਅਲਾਮਤ ਕਾਰਨ ਸਾਰੇ ਹਸਪਤਾਲਾਂ 'ਚ ਖ਼ੂਨ ਤੇ ਪਲੇਟਲੈਟਸ ਦੀ ਵੱਡੀ ਘਾਟ ਹੈ। ਇਸ ਲਈ ਖ਼ੂਨਦਾਨ ਕਰਨ ਦਾ ਮਕਸਦ ਉਨ੍ਹਾਂ ਮਰੀਜ਼ਾਂ ਦੀ ਮਦਦ ਕਰਨਾ ਹੈ, ਜਿਨ੍ਹਾਂ ਦੀ ਜਾਨ ਇਸ ਸਮੇਂ ਖ਼ਤਰੇ 'ਚ ਹੈ। ਇਸ ਲਈ ਸਾਡੀ ਸੰਸਥਾ ਦਾ ਉਪਰਾਲਾ ਰਹਿੰਦਾ ਹੈ ਕਿ ਰੋਜ਼ਾਨਾ ਖ਼ੂਨਦਾਨ ਕੈਂਪ ਲਗਾ ਕੇ ਇਸ ਘਾਟ ਨੂੰ ਭਰਿਆ ਜਾਵੇ। ਇਸ ਮੌਕੇ ਪਰਮਿੰਦਰ ਸਿੰਘ ਰਾਜਨ, ਪਟੇਲ ਮਾਰਕੀਟ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਦੀਪ ਸ਼ਰਮਾ ਅਤੇ ਸ੍ਰੀ ਸ਼ਿਵ ਕਾਂਵੜ ਮਹਾਂਸੰਘ ਚੈਰੀਟੇਬਲ ਟਰੱਸਟ ਦੇ ਰਾਜਿੰਦਰ ਕੌਸ਼ਲ, ਗੁਲਸ਼ਨ ਕੁਮਾਰ, ਸਤਗੁਰੂ ਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ। ਇਸ ਮੌਕੇ ਖ਼ੂਨਦਾਨੀਆਂ ਨੂੰ ਸਰਟੀਫਿਕੇਟ, ਯਾਦਗਾਰੀ ਚਿੰਨ੍ਹ ਅਤੇ ਬੈਜਾਂ ਨਾਲ ਸਨਮਾਨਿਤ ਕੀਤਾ ਗਿਆ।

## ਪੀਯੂ 'ਚ ਰਾਸ਼ਟਰੀ ਯੁਵਕ ਦਿਵਸ ਮੌਕੇ ਡਾਕੂਮੈਂਟਰੀ ਫਿਲਮਾਈ



ਪਟਿਆਲਾ , (ਪੱਤਰ ਪ੍ਰੇਰਕ)– ਪੰਜਾਬੀ ਯੂਨੀਵਰਸਿਟੀ ਵਿਖੇ ਭਾਰਤੀ ਚੋਣ ਕਮਿਸ਼ਨ ਵੱਲੋਂ ਯੁਵਕ ਦਿਵਸ ਮੌਕੇ ਜ਼ਿਲ੍ਹਾ ਆਈਕਨ ਸਵੀਪ ਪ੍ਰੋਜੈਕਟ ਤੇ ਸਰਬ ਭਾਰਤੀ ਅੰਤਰ ਯੂਨੀਵਰਸਿਟੀ ਹਾਕੀ ਕੈਂਪ ਦੀਆਂ ਖਿਡਾਰਨਾਂ 'ਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ 'ਚ ਨੌਜਵਾਨਾਂ ਤੇ ਦਿਵਿਆਂਗ ਵੋਟਰਾਂ ਦੀ ਭਾਗੀਦਾਰੀ ਯਕੀਨੀ ਬਣਾਉਣ ਲਈ ਡਾਕੂਮੈਂਟਰੀ ਫਿਲਮਾਈ ਗਈ। ਜ਼ਿਲ੍ਹਾ ਨੋਡਲ ਅਫ਼ਸਰ ਸਵੀਪ ਪ੍ਰੋ. ਗੁਰਬਖਸ਼ੀਸ਼ ਸਿੰਘ ਅੰਟਾਲ ਨੇ ਦੱਸਿਆ ਮੁੱਖ ਚੋਣ ਅਫ਼ਸਰ ਪੰਜਾਬ ਵੱਲੋਂ ਜ਼ਿਲ੍ਹਾ ਆਈਕਨ ਸਵੀਪ ਤੇ ਖਿਡਾਰੀਆਂ ਦੀ ਮਦਦ ਨਾਲ ਵੱਡੇ ਪੱਧਰ 'ਤੇ ਜਾਗਰੂਕਤਾ ਮੁਹਿੰਮ ਚਲਾਈ ਗਈ ਹੈ। ਉਨ੍ਹਾਂ ਦੱਸਿਆ ਕਿ ਲੋਕ ਗਾਇਕ ਅਤੇ ਯੁਵਾ ਆਈਕਨ ਉਜਾਗਰ ਅੰਟਾਲ, ਜਗਵਿੰਦਰ ਸਿੰਘ ਸਾਈਕਲਿਸਟ ਜ਼ਿਲ੍ਹਾ ਆਈਕਨ ਦਿਵਿਆਂਗਜਨ ਜਗਦੀਪ ਸਿੰਘ ਬੋਲਣ ਸੁਣਨ ਤੋਂ ਅਸਮਰੱਥ ਜ਼ਿਲ੍ਹਾ ਕੋਆਰਡੀਨੇਟਰ ਦਿਵਿਆਂਗਜਨ ਅਤੇ ਜ਼ਿਲ੍ਹਾ ਆਈਕਨ ਨੂੰ ਉਨ੍ਹਾਂ ਦੇ ਖੇਤਰਾਂ 'ਚ ਪ੍ਰਾਪਤੀਆਂ ਲਈ ਡਾਕੂਮੈਂਟਰੀ 'ਚਂ ਫ਼ਲਮਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਦੀ ਹਾਕੀ ਟੀਮ ਜੋ ਕਿ ਸਰਬ ਭਾਰਤੀ ਅੰਤਰ ਯੂਨੀਵਰਸਿਟੀ ਹਾਕੀ ਕੈਂਪ ਦੀ ਤਿਆਰੀ ਕਰ ਰਹੀ ਨੂੰ ਵੀ ਮੁੱਖ ਕੋਚ ਮੀਨਾਕਸ਼ੀ ਰੰਧਾਵਾ ਅਤੇ ਕਪਤਾਨ ਸ਼ਾਲੂ ਦੇ ਨਾਲ ਇਸ ਡਾਕੂਮੈਂਟਰੀ ਲਈਂ ਫ਼ਲਮਾਇਆ ਗਿਆ ਹੈ। ਪੰਜਾਬੀ ਯੂਨੀਵਰਸਿਟੀ ਦੇ ਪੱਤਰ ਵਿਹਾਰ ਸਿੱਖਿਆ ਵਿਭਾਗ ਦੇ ਸੁਪਰਡੈਂਟ ਰਘਵੀਰ ਸਿੰਘ ਨੂੰ ਵੀਂ ਫ਼ਲਮਾਇਆ ਗਿਆ। ਇਹ ਪੂਰੇ ਪ੍ਰੋਗਰਾਮ ਦੀ ਦੇਖ ਰੇਖ ਜ਼ਿਲ੍ਹਾ ਨੋਡਲ ਅਫ਼ਸਰ ਸਵੀਪ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਅਤੇ ਹਲਕਾ ਸਨੌਰ ਦੇ ਸਵੀਪ ਨੋਡਲ ਅਧਿਕਾਰੀ ਸਤਵੀਰ ਸਿੰਘ ਗਿੱਲ ਕਰ ਰਹੇ ਹਨ। ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਵਰਿੰਦਰ ਟਿਵਾਣਾ ਨੇ ਦੱਸਿਆ ਕਿ ਡਾਕੂਮੈਂਟਰੀ ਦਾ ਮੁੱਖ ਉਦੇਸ਼ 100 ਫ਼ੀਸਦੀ ਵੋਟਿੰਗ ਤੇ 100 ਫ਼ੀਸਦੀ ਵੈਕਸੀਨੇਸ਼ਨ ਹੈ।

## ਪੰਜਾਬ ਤੇ ਪੰਜਾਬੀਅਤ ਨੂੰ ਕਾਇਮ ਰੱਖਣਾ ਸੰਸਥਾ ਦਾ ਮੁੱਖ ਟੀਚਾ : ਗਰੀਬ



ਰਾਜਪੁਰਾ , (ਪੱਤਰ ਪ੍ਰੇਰਕ)–ਪੰਜਾਬ ਦੇ ਅਹਿਮ ਮਸਲਿਆਂ ਨੂੰ ਲੈ ਕੇ ਇਕ ਵਫਦ ਗੁਰੂ ਨਾਨਕ ਮਿਸ਼ਨ ਇੰਟਰਨੈਸ਼ਨਲ ਸੁਸਾਇਟੀ ਦੇ ਚੇਅਰਮੈਨ ਗਿਆਨੀ ਕਰਨੈਲ ਸਿੰਘ ਗਰੀਬ ਦੀ ਅਗਵਾਈ ਹੇਠ ਚੰਡੀਗੜ੍ਹ ਵਿਖੇ ਕੇਂਦਰੀ ਮੰਤਰੀ ਗਜਿੰਦਰ ਸਿੰਘ ਸ਼ੇਖਾਵਤ ਤੇ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਨੂੰ ਮਿਲਿਆ। ਚੇਅਰਮੈਨ ਕਰਨੈਲ ਸਿੰਘ ਗਰੀਬ ਨੇ ਦੱਸਿਆ ਕਿ ਪੰਜਾਬ 'ਚ ਨੌਜਵਾਨ ਪੀੜ੍ਹੀ ਨੂੰ ਨਸ਼ਿਆ ਤੋਂ ਬਚਾਉਣਾ, ਬੇਰੁਜ਼ਗਾਰੀ ਖਤਮ ਕਰਨਾ, ਚੰਗੀ ਸਿੱਖਿਆ ਅਤੇ ਹੋਰ ਪੰਥ ਦੀਆਂ ਸਮੱਸਿਆਵਾਂ ਨੂੰ ਲੈ ਕੇ ਅੱਜ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਅਤੇ ਜੋਗਿੰਦਰ ਸ਼ੇਖਾਵਤ ਹੋਰ ਆਗੂਆ ਨਾਲ ਖਾਸ ਚਰਚਾ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ 'ਚ ਪਿਛਲੇ ਲੰਮੇ ਸਮੇ ਤੋਂ ਸਾਡੀ ਸੰਸਥਾ ਵਲੋ ਪੰਥ ਲਈ ਪ੍ਰਚਾਰ ਕਰਕੇ ਨੌਜਵਾਨਾ ਨੂੰ ਸਿੱਖ ਧਰਮ ਨਾਲ ਜੋੜਿਆ ਗਿਆ ਹੈ। ਇਸੇ ਦੌਰਾਨ ਭਾਜਪਾ ਆਗੂਆਂ ਨੇ ਕਿਹਾ ਕਿ ਪੰਜਾਬ 'ਚ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਸਰਕਾਰ ਬਣਨ ਜਾ ਰਹੀ ਹੈ ਅਤੇ ਜਲਦ ਹੀ ਪੰਜਾਬ ਦੇ ਮਸਲਿਆਂ ਨੂੰ ਹੱਲ ਕੀਤਾ ਜਾਵੇਗਾ।

## ਜੰਗਲ 'ਚੋਂ 600 ਤੋਂ ਵੱਧ ਬੋਤਲਾਂ ਨਾਜਾਇਜ਼ ਦੇਸੀ ਸ਼ਰਾਬ ਬਰਾਮਦ



ਡੇਰਾਬੱਸੀ , (ਪੱਤਰ ਪ੍ਰੇਰਕ)– ਡੇਰਾਬੱਸੀ ਦੇ ਪੰਜ ਗਰਾਮੀ ਖੇਤਰ 'ਚ ਫਲੈਗ ਮਾਰਚ ਦੇ ਦਿਨ ਪਿੰਡ ਫਤਿਹਪੁਰ ਜੱਟਾਂ ਦੇ ਜੰਗਲ 'ਚੋਂ 600 ਤੋਂ ਵੱਧ ਬੋਤਲਾਂ ਨਾਜਾਇਜ਼ ਦੇਸੀ ਸ਼ਰਾਬ ਬਰਾਮਦ ਹੋਈ ਹੈ। ਇਹ ਖੇਪ ਚੋਣ ਜ਼ਾਬਤੇ ਦੌਰਾਨ ਪੰਜਾਬ ਆਬਕਾਰੀ ਵਿਭਾਗ ਤੇ ਪੰਜਾਬ ਪੁਲਿਸ ਦੀ ਸਾਂਝੀ ਕਾਰਵਾਈ ਦਾ ਨਤੀਜਾ ਹੈ। ਹਾਲਾਂਕਿ ਪੁਲਿਸ ਨੇ ਮੁਖ਼ਬਰ ਦੇ ਆਧਾਰ 'ਤੇ ਮਾਮਲਾ ਦਰਜ ਕਰ ਲਿਆ ਸੀ ਪਰ ਜੁਆਇੰਟ ਟੀਮ ਦੇ ਆਉਣ ਤੋਂ ਪਹਿਲਾਂ ਹੀ ਮੁਲਜ਼ਮ ਸਾਮਾਨ ਜੰਗਲਾਂ 'ਚ ਛੱਡ ਕੇ ਫ਼ਰਾਰ ਹੋ ਗਏ। ਪੰਜਾਬ ਆਬਕਾਰੀ ਕਮਿਸ਼ਨਰ ਰਜਤ ਅਗਰਵਾਲ, ਸੰਯੁਕਤ ਕਮਿਸ਼ਨਰ ਨਰੇਸ ਦੂਬੇ, ਈਟੀਓ ਅਸ਼ੋਕ ਅਤੇ ਵਿਨੋਦ ਪਾਹੂਜਾ ਦੀ ਅਗਵਾਈ ਹੇਠ ਇੰਸਪੈਕਟਰ ਕੁਲਵਿੰਦਰ ਸਿੰਘ ਨੇ ਡੇਰਾਬੱਸੀ ਥਾਣੇ ਦੇ ਇੰਚਾਰਜ ਕੁਲਬੀਰ ਸਿੰਘ ਦੇ ਨਾਲ ਉਕਤ ਜੰਗਲ 'ਚ ਛਾਪੇਮਾਰੀ ਕਰ ਕੇ ਦੋ ਵਿਅਕਤੀਆਂ ਕੋਲੋਂ ਬੋਰੀਆਂ 'ਚ ਭਰੀਆਂ ਕਰੀਬ 52 ਪੇਟੀਆਂ ਸ਼ਰਾਬ ਬਰਾਮਦ ਕੀਤੀ। ਕੁਲਵਿੰਦਰ ਸਿੰਘ ਅਨੁਸਾਰ ਉਨ੍ਹਾਂ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਇਸ ਜੰਗਲ 'ਚ ਨਾਜਾਇਜ਼ ਸ਼ਰਾਬ ਵੇਚਣ ਦਾ ਧੰਦਾ ਚੱਲ ਰਿਹਾ ਹੈ। ਥਾਣਾ ਸਦਰ ਦੇ ਇੰਚਾਰਜ ਕੁਲਬੀਰ ਸਿੰਘ ਨੇ ਦੱਸਿਆ ਕਿ ਟੀਮ ਨੇ ਬੋਰੀਆਂ 'ਚੋਂ ਹਰਿਆਣਾ ਦੀ ਬਣੀ ਦੇਸੀ ਸ਼ਰਾਬ ਮਾਰਕਾ ਔਰੇਂਜ ਬਰਾਮਦ ਕੀਤੀ ਹੈ। ਕੁੱਲ 600 ਤੋਂ ਵੱਧ ਸ਼ਰਾਬ ਦੀਆਂ ਬੋਤਲਾਂ ਬਰਾਮਦ ਕੀਤੀਆਂ ਗਈਆਂ ਹਨ, ਜਦਕਿ ਇਨ੍ਹਾਂ ਨੂੰ ਬੋਤਲਾਂ 'ਚੋਂ ਕੱਢ ਕੇ ਅਧੀਆ ਤੇ ਕੁਆਰਟਰ 'ਚ ਭਰ ਕੇ ਵੇਚਣ ਦਾ ਵੀ ਪਤਾ ਲੱਗਾ ਹੈ। ਪੁਲਿਸ ਦੇ ਆਉਣ ਤੋਂ ਪਹਿਲਾਂ ਹੀ ਮੁਲਜ਼ਮ ਮੌਕੇ ਤੋਂ ਫ਼ਰਾਰ ਹੋ ਗਏ, ਜਦੋਂਕਿ ਪੁਲਿਸ ਵੱਲੋਂ ਜੰਗਲਾਂ 'ਚ ਛਾਪੇਮਾਰੀ ਜਾਰੀ ਹੈ।

## ਪੀਯੂ 'ਚ ਵਧੇ ਕੋਰੋਨਾ ਦੇ ਮਾਮਲੇ, ਦੋ ਦਿਨ ਵਿਭਾਗਾਂ ਨੂੰ ਬੰਦ ਕਰਨ ਦੇ ਆਦੇਸ਼

ਚੰਡੀਗੜ੍ਹ , (ਪੱਤਰ ਪ੍ਰੇਰਕ)– ਪੰਜਾਬ ਯੂਨੀਵਰਸਿਟੀ ਕੈਂਪਸ 'ਚ ਕੋਰੋਨਾ ਦੇ ਵਧਦੇ ਮਾਮਲਿਆਂ ਤੋਂ ਬਾਅਦ ਪ੍ਰਸ਼ਾਸਨ ਨੇ ਸਖ਼ਤੀ ਕਰਨ ਦਾ ਫ਼ੈਸਲਾ ਕੀਤਾ ਹੈ। ਡੀਯੂਆਈ ਪ੍ਰੋ. ਵੀਆਰ ਸਿਨਹਾ ਅਤੇ ਹੋਰਨਾਂ ਅਧਿਕਾਰੀਆਂ ਨਾਲ ਹੋਈ ਮੀਟਿੰਗ 'ਚ ਕਈ ਅਹਿਮ ਫ਼ੈਸਲਾ ਲਏ ਗਏ ਹਨ। ਪੰਜਾਬ ਯੂਨੀਵਰਸਿਟੀ ਦੇ ਸਾਰੇ ਵਿਭਾਗਾਂ ਵਿਚ 13 ਤੇ ਨੂੰ ਵਿਦਿਆਰਥੀਆਂ ਦੀ ਐਂਟਰੀ ਬੰਦ ਰਹੇਗੀ। ਸਾਰੇ ਵਿਭਾਗ ਮੁਖੀਆਂ ਨੂੰ ਇਸ ਨੂੰ ਸਖਤੀ ਨਾਲ ਲਾਗੂ ਕਰਨ ਲਈ ਕਿਹਾ ਗਿਆ ਹੈ। ਮੀਟਿੰਗ ਵਿਚ ਲਏ ਗਏ ਹੋਰ ਅਹਿਮ ਫ਼ੈਸਲੇ ਇਸ ਤਰ੍ਹਾਂ ਹਨ : ਏਸੀ ਜੋਸ਼ੀ ਲਾਇਬ੍ਰੇਰੀ ਦਾ ਪਹਿਲਾ ਅਤੇ ਤੀਸਰਾ ਫਲੋਰ 13 ਤੋਂ 16 ਜਨਵਰੀ ਤਕ ਬੰਦ ਰਹੇਗਾ। ਲਾਇਬ੍ਰੇਰੀ ਦੇ ਆਊਟਰ ਰੀਡਿੰਗ ਹਾਲ ਵਿਚ 50 ਫੀਸਦੀ ਵਿਦਿਆਰਥੀਆਂ ਨੂੰ ਹੀ ਐਂਟਰੀ ਮਿਲੇਗੀ, ਸਾਰੀਆਂ ਕਲਾਸਾਂ ਆਨਲਾਈਨ ਲਗਾਉਣ ਦੇ ਆਦੇਸ਼ ਦਿੱਤੇ ਗਏ ਹਨ। ਪੀਯੂ ਲੈਬ 'ਚ 50 ਫੀਸਦੀ ਵਿਦਿਆਰਥੀਆਂ ਨੂੰ ਹੀ ਮਿਲੇਗੀ ਐਂਟਰੀ, ਪੀਯੂ ਪ੍ਰਸ਼ਾਸਨ ਨੇ ਸਟੂਡੈਂਟਸ ਸੈਂਟਰ ਨੂੰ 13 ਤੋਂ 16 ਜਨਵਰੀ ਤਕ ਪੂਰੀ ਤਰ੍ਹਾਂ ਬੰਦ ਕਰਨ ਦੇ ਆਦੇਸ਼ ਜਾਰੀ ਕੀਤੇ ਹਨ। ਅਧਿਕਾਰੀ ਸਿਰਫ 50 ਫੀਸਦੀ ਸਟਾਫ ਨੂੰ ਬੁਲਾ ਸਕਦੇ ਹਨ, ਦੂਸਰੇ ਕਰਮਚਾਰੀ ਵਰਕ ਫਰੌਮ ਹੋਮ ਕਰਨਗੇ।

## ਸਟੇਟ ਐਵਾਰਡੀ ਅਧਿਆਪਕ ਬੇਅੰਤ ਸਿੰਘ ਭਾਂਬਰੀ ਦਾ ਸਨਮਾਨ

ਅਮਲੋਹ, (ਪੱਤਰ ਪ੍ਰੇਰਕ)- ਸਟੇਟ ਐਵਾਰਡੀ ਅਧਿਆਪਕ ਬੇਅੰਤ ਸਿੰਘ ਭਾਂਬਰੀ ਦਾ ਪੰਜਾਬੀ ਸਾਹਿਤ ਸਭਾ ਅਮਲੋਹ ਵਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ . ਇਸ ਮੌਕੇ ਮੇਹਰ ਸਿੰਘ ਰਾਈਏਵਾਲ ਨੇ ਕਿਹਾ ਕਿ ਜਿੱਥੇ ਬੇਅੰਤ ਸਿੰਘ ਇਕ ਚੰਗੇ ਅਧਿਆਪਕ ਦੇ ਤੌਰ 'ਤੇ ਆਪਣੀਆਂ ਵਡਮੁੱਲੀਆਂ ਸੇਵਾਵਾਂ ਨਿਭਾਅ ਰਹੇ ਹਨ, ਉੱਥੇ ਹੀ ਉਹ ਇਕ ਸਮਾਜ ਸੇਵੀ ਤੇ ਵਧੀਆ ਸਾਹਿਤਕਾਰ ਵੀ ਹਨ . ਇਨ੍ਹਾਂ ਨੂੰ ਪੰਜਾਬ ਸਰਕਾਰ ਵਲੋਂ ਮਿਲੇ ਸਟੇਟ ਐਵਾਰਡ ਨਾਲ ਜਿੱਥੇ ਇਲਾਕੇ ਦਾ ਨਾਮ ਚਮਕਿਆ ਹੈ ਉੱਥੇ ਹੀ ਸਹਿਤ ਸਭਾ ਅਮਲੋਹ ਦਾ ਵੀ ਮਾਣ ਵਧਿਆ ਹੈ, ਕਿਉਂਕਿ ਬੇਅੰਤ ਸਿੰਘ ਪਿਛਲੇ ਲੰਮੇ ਸਮੇਂ ਤੋਂ ਸਾਹਿਤ ਸਭਾ ਦੇ ਮਿਹਨਤੀ ਅਹੁਦੇਦਾਰ ਹਨ . ਬੇਅੰਤ ਸਿੰਘ ਭਾਂਬਰੀ ਵਲੋਂ ਸਾਹਿਤ ਸਭਾ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਇਸ ਸਨਮਾਨ ਲਈ ਸਦਾ ਰਿਣੀ ਰਹਿਣਗੇ . ਇਸ ਮੌਕੇ ਬਲਵੀਰ ਸਿੰਘ ਮੁੱਲਾਂਪੁਰੀ, ਪਰਮਜੀਤ ਸਿੰਘ, ਪਰਗਟ ਚਨ, ਰਾਮ ਸਿੰਘ ਅਲਬੇਲਾ, ਜੋਰਾ ਸਿੰਘ, ਉਪਕਾਰ ਸਿੰਘ ਦਿਆਲਪੁਰੀ, ਵੀਰਪਾਲ ਸਿੰਘ ਆਦਿ ਹਾਜਰ ਸਨ .

## ਐੱਸ. ਆਈ. ਟੀ. ਸਾਹਮਣੇ ਪੇਸ਼ ਹੋਏ ਬਿਕਰਮ ਸਿੰਘ ਮਜੀਠੀਆ



ਮੁਹਾਲੀ , (ਪੱਤਰ ਪ੍ਰੇਰਕ)- ਡਰੱਗ ਕੇਸ ਵਿਚ ਫਸੇ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਅੱਜ ਐੱਸ. ਆਈ. ਟੀ ਸਾਹਮਣੇ ਪੇਸ਼ ਹੋਏ ਹਨ। ਜਿੱਥੇ ਉਨ੍ਹਾਂ ਤੋਂ ਏਆਈ. ਜੀ. ਬਲਰਾਜ ਸਿੰਘ ਦੀ ਅਗਵਾਈ ਵਾਲੀ ਸ ਪੈ ਸ਼ ਲ ਇਨਵੈਸਟੀਗੇਸ਼ਨ ਟੀਮ ਵਲੋਂ ਪੁੱਛਗਿੱਛ ਕੀਤੀ ਗਈ। ਪੰਜਾਬ-ਹਰਿਆਣਾ ਹਾਈਕੋਰਟ ਨੇ ਮਜੀਠੀਆ ਨੂੰ ਸੋਮਵਾਰ ਨੂੰ ਅੰਤਰਿਮ ਜਮਾਨਤ ਦਿੰਦੇ ਹੋਏ ਮੁਹਾਲੀ ਸਟੇਟ ਕ੍ਰਾਈਮ ਬ੍ਰਾਂਚ ਅੱਗੇ ਪੇਸ਼ ਹੋਣ ਲਈ ਕਿਹਾ ਸੀ। ਇਸ ਦੌਰਾਨ ਬਿਕਰਮ ਸਿੰਘ ਮਜੀਠੀਆ ਨੇ ਚਾਈ ਘੰਟਿਆਂ ਦੀ ਪੁੱਛ ਪੜਤਾਲ ਤੋਂ ਬਾਅਦ ਥਾਣੇ ਤੋਂ ਬਾਹਰ ਪੱਤਰਕਾਰਾਂ ਕੋਲ ਦਾਅਵਾ ਕੀਤਾ ਕਿ ਉਨ੍ਹਾਂ ਵਲੋਂ ਸਿੱਟ ਨੂੰ ਜਾਂਚ ਵਿਚ ਪੂਰਾ ਸਹਿਯੋਗ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਚੋਣਾਂ ਨੇੜੇ ਆਉਂਦੀਆਂ ਦੇਖ ਕੇ ਸਰਕਾਰ ਨੇ ਉਸ ਵਿਰੁੱਧ ਝੂਠਾ ਕੇਸ ਦਰਜ ਕੀਤਾ ਹੈ। ਸ਼ਰਤਾਂ 'ਤੇ ਮਿਲੀ ਮਜੀਠੀਆ ਨੂੰ ਜਮਾਨਤ : ਹਾਈਕੋਰਟ ਨੇ ਮਜੀਠੀਆ ਨੂੰ ਸ਼ਰਤਾਂ 'ਤੇ ਜਮਾਨਤ ਦਿੱਤੀ ਸੀ, ਜਿਸ ਵਿਚ ਹਾਈਕੋਰਟ ਨੇ ਕਿਹਾ ਸੀ ਕਿ ਜਦੋਂ ਵੀ ਜਰੂਰਤ ਪਵੇਗੀ, ਉਦੋਂ ਬਿਕਰਮ ਮਜੀਠੀਆ ਨੂੰ ਐੱਸ. ਆਈ. ਟੀ. ਅੱਗ ਪੇਸ਼ ਹੋਣਾ ਪਵੇਗਾ। ਮਜੀਠੀਆ ਸੁਣਵਾਈ ਦੀ ਅਗਲੀ ਤਾਰੀਖ ਤੱਕ ਦੇਸ਼ ਨਹੀਂ ਛੱਡ ਸਕਦੇ ਹਨ। ਮਜੀਠੀਆ ਜਾਂਚ ਏਜੰਸੀ ਨੂੰ ਆਪਣਾ ਫੋਨ ਨੰਬਰ ਦੇਣਗੇ, ਜਿਹੜਾ 24 ਘੰਟੇ ਚਾਲੂ ਰਹੇਗਾ। ਇਸ ਤੋਂ ਇਲਾਵਾ ਮਜੀਠੀਆ ਜਾਂਚ ਕਰ ਰਹੀ ਟੀਮ ਨੂੰ ਹਰ ਸਮੇਂ ਆਪਣੀ ਲਾਈਵ ਲੋਕੇਸ਼ਨ ਸਾਂਝੀ ਕਰਨਗੇ।

## 2 ਦਿਨਾ ਪੰਜਾਬ ਦੌਰੇ 'ਤੇ ਕੇਜਰੀਵਾਲ, ਖਰੜ ਹਲਕੇ 'ਚ ਕੀਤਾ ਡੋਰ ਟੂ ਡੋਰ ਪ੍ਰਚਾਰ

ਮੋਹਾਲੀ , (ਪੱਤਰ ਪ੍ਰੇਰਕ)- ਪੰਜਾਬ 'ਚ ਵਿਧਾਨ ਸਭਾ ਚੋਣਾਂ ਦਾ ਬਿਗੁਲ ਵੱਜ ਚੁੱਕਾ ਹੈ ਤੇ ਹਰ ਪਾਰਟੀ ਜ਼ੋਰਾਂ-ਸ਼ੋਰਾਂ ਨਾਲ ਪ੍ਰਚਾਰ ਕਰਨ 'ਚ ਲੱਗੀ ਹੋਈ ਹੈ। ਇਨ੍ਹਾਂ ਚੋਣਾਂ 'ਚ ਆਮ ਆਦਮੀ ਪਾਰਟੀ ਦੇ ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਆਪਣੀ ਪਾਰਟੀ ਦੇ ਉਮੀਦਵਾਰਾਂ ਨੂੰ ਜਿੱਤ ਦਿਵਾਉਣ ਲਈ ਡੋਰ ਟੂ ਡੋਰ ਪ੍ਰਚਾਰ ਕਰ ਰਹੇ ਹਨ ਤੇ ਲੋਕਾਂ ਨੂੰ 'ਆਪ' ਦੇ ਚੋਣ ਨਿਸ਼ਾਨ ਝਾੜੂ ਨੂੰ ਵੋਟ ਪਾਉਣ ਦੀ ਅਪੀਲ ਕਰ ਰਹੇ ਹਨ। ਕੇਜਰੀਵਾਲ 'ਆਪ' ਦੀ ਖਰੜ ਹਲਕੇ ਤੋਂ ਉਮੀਦਵਾਰ ਅਨਮੋਲ ਗਗਨ ਮਾਨ ਦੇ ਹੱਕ 'ਚ ਚੋਣ ਪ੍ਰਚਾਰ ਕਰਦੇ ਦੇਖੇ ਗਏ। ਇਸ ਦੌਰਾਨ ਲੋਕਾਂ ਨੇ ਉਨ੍ਹਾਂ ਨੂੰ ਆਪਣੀਆਂ ਸਮੱਸਿਆਵਾਂ ਦੱਸੀਆਂ, ਜਿਸ 'ਤੇ ਕੇਜਰੀਵਾਲ ਨੇ ਕਿਹਾ ਕਿ ਸਾਡੀ ਸਰਕਾਰ ਬਣਨ 'ਤੇ ਤੁਹਾਡੀਆਂ ਸਾਰੀਆਂ ਸਮੱਸਿਆਵਾਂ ਹੱਲ ਕਰ ਦਿੱਤੀਆਂ ਜਾਣਗੀਆਂ। ਉਨ੍ਹਾਂ ਲੋਕਾਂ ਨੂੰ ਪਾਰਟੀ ਦੇ ਪੈਂਫਲੇਟ ਵੰਡੇ ਤੇ ਚੋਣ ਨਿਸ਼ਾਨ ਝਾੜੂ ਦਾ ਬਟਨ ਦਬਾਉਣ ਲਈ ਕਿਹਾ।

## ਨੁਕਸਾਨੀਆਂ ਫਸਲਾਂ ਦੇ ਮੁਆਵਜੇ ਦੀ ਮੰਗ ਨੂੰ ਲੈ ਕੇ ਕਿਸਾਨਾਂ ਵਲੋਂ ਮਿੰਨੀ ਸਕੱਤਰੇਤ ਦੇ ਬਾਹਰ ਧਰਨਾ



ਸਿਰਸਾ, (ਪੱਤਰ ਪ੍ਰੇਰਕ)- ਪਹਿਲਾਂ ਗੁਲਾਬੀ ਸੁੰਡੀ ਨਾਲ ਨੁਕਸਾਨੀਆਂ ਤੇ ਹੁਣ ਮੀਂਹ ਨਾਲ ਨੁਕਸਾਨੀਆਂ ਫਸਲਾਂ ਦੇ ਮੁਆਵਜੇ ਦੀ ਮੰਗ ਨੂੰ ਲੈ ਕੇ ਕਿਸਾਨ ਜਥੇਬੰਦੀਆਂ ਨੇ ਮਿਨੀ ਸਕੱਤਰੇਤ ਦੇ ਬਾਹਰ ਪ੍ਰਦਰਸ਼ਨ ਕਰਕੇ ਧਰਨਾ ਦਿੱਤਾ . ਕਿਸਾਨ ਜਥੇਬੰਦੀਆਂ ਨੇ ਯੂਰੀਆ ਖਾਦ ਤੇ ਆਵਾਰਾ ਪਸ਼ੂਆਂ ਦੀ ਸਮੱਸਿਆ ਦੇ ਹੱਲ ਲਈ ਵੀ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਆਪਣਾ ਮੰਗ ਪੱਤਰ ਸੌਂਪਿਆ . ਇਸ ਦੌਰਾਨ ਕਿਸਾਨਾਂ ਨੇ ਸਰਕਾਰ ਖਿਲਾਫ ਨਾਅਰੇਬਾਜੀ ਕਰਦਿਆਂ ਮੰਗਾਂ ਪੂਰੀਆਂ ਨਾ ਹੋਣ 'ਤੇ ਤਿੱਖੇ ਅੰਦੋਲਨ ਦੀ ਚਿਤਾਵਨੀ ਵੀ ਦਿੱਤੀ . ਮਿਨੀ ਸਕੱਤਰੇਤ ਦੇ ਬਾਹਰ ਪ੍ਰਦਰਸ਼ਨ ਕਰ ਰਹੇ ਭਾਰਤੀ ਕਿਸਾਨ ਏਕਤਾ ਦੇ ਸੂਬਾਈ ਪ੍ਰਧਾਨ ਲਖਵਿੰਦਰ ਸਿੰਘ ਔਲਖ ਨੇ ਦੱਸਿਆ ਕਿ ਪਹਿਲਾਂ ਹਾੜੀ ਦੀ ਬੀਜਾਈ ਲਈ ਕਿਸਾਨਾਂ ਨੂੰ ਡੀਏਪੀ ਖਾਦ ਲਈ ਖਜਲ ਖੁਆਰ ਹੋਣਾ ਪਿਆ ਸੀ ਤੇ ਹੁਣ ਕੜਾਕੇ ਦੀ ਠੰਡ ਵਿਚ ਕਿਸਾਨ ਯੂਰੀਆ ਖਾਦ ਲਈ ਲਾਈਨਾਂ ਵਿੱਚ ਲੱਗਣ ਲਈ ਮਜਬੂਰ ਹੋ ਰਹੇ ਹਨ . ਇਕ ਪਾਸੇ ਤਾਂ ਸਰਕਾਰ ਕਰੋਨਾ ਦਾ ਰੋਣਾ ਰੋ ਰਹੀ ਹੈ ਤੇ ਦੂਜੇ ਪਾਸੇ ਕਿਸਾਨ ਖਾਦ ਲਈ ਲਾਈਨਾਂ ਵਿੱਚ ਲੱਗਣ ਲਈ ਮਜਬੂਰ ਹੋ ਰਹੇ ਹਨ . ਉਨ੍ਹਾਂ ਨੇ ਕਿਹਾ ਕਿ ਪਹਿਲਾਂ ਸੁੰਡੀ ਦੇ ਹੋਏ ਹਮਲੇ ਕਾਰਨ ਨਰਮੇ ਦੀ ਫਸਲ ਨਹੀਂ ਹੋਈ, ਜਿਸ ਦਾ ਹਾਲੇ ਤੱਕ ਕਿਸਾਨਾਂ ਮੁਆਵਜਾ ਨਹੀਂ ਮਿਲਿਆ ਤੇ ਹੁਣ ਪਏ ਬੇਮੌਸਮੀ ਮੀਂਹ ਕਾਰਨ ਕਣਕ ਵੀ ਥਾਈਰ ਸਰ੍ਹੋਂ ਤੇ ਆਲੂਆਂ ਦੀ ਫਸਲ ਨੂੰ ਭਾਰੀ ਨੁਕਸਾਨ ਹੋਇਆ ਹੈ, ਸਰਕਾਰ ਤੁਰੰਤ ਨੁਕਸਾਨੀਆਂ ਫਸਲਾਂ ਦੀ ਗਿਰਦਾਵਰੀ ਕਰਵਾਏ . ਨੁਕਸਾਨੇ ਨਰਮੇ ਦਾ ਤੁਰੰਤ ਕਿਸਾਨਾਂ ਨੂੰ ਮੁਆਵਜਾ ਦੇਵੇ ਤੇ ਆਵਾਰਾ ਪਸ਼ੂਆਂ ਨੂੰ ਠੱਲ੍ਹ ਪਾਈ ਜਾਵੇ . ਬਿਜਲੀ ਦੇ ਕੁਨੈਕਸ਼ਨ ਕਿਸਾਨਾਂ ਨੂੰ ਦਿੱਤੇ ਜਾਣ . ਨਹਿਰਾਂ ਵਿੱਚ ਪਾਣੀ ਦੋ ਹਫਤੇ ਕਿਸਾਨਾਂ ਨੂੰ ਟੇਲਾਂ ਤੱਕ ਪੂਰੀ ਮਾਤਰਾ ਵਿੱਚ ਦਿੱਤਾ ਜਾਏ

## ਸਵਾਮੀ ਵਿਵੇਕਾਨੰਦ ਜੀ ਦਾ ਜਨਮ ਦਿਵਸ ਮਨਾਇਆ



ਪਟਿਆਲਾ , (ਪੱਤਰ ਪ੍ਰੇਰਕ)-ਸਵਾਮੀ ਵਿਵੇਕਾਨੰਦ ਜੀ ਦੀ ਜਨਮ ਸ਼ਤਾਬਦੀ ਮੌਕੇ ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ, ਫਸਟ ਏਡ ਸਿਹਤ ਸੇਫਟੀ ਮਿਸ਼ਨ ਤੇ ਭਾਰਤ ਵਿਕਾਸ ਪ੍ਰੀਸ਼ਦ ਪਟਿਆਲਾ ਵੱਲੋਂ ਪੰਜਾਬ ਰੈੱਡ ਕਰਾਸ ਨਸ਼ਾ ਛੁਡਾਊ ਕੇਂਦਰ ਸਕੇਤ ਹਸਪਤਾਲ ਵਿਖੇ ਇਕ ਪ੍ਰੋਗਰਾਮ ਕਰਵਾਇਆ ਗਿਆ। ਇਸ ਦੌਰਾਨ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਸਵਾਮੀ ਵਿਵੇਕਾਨੰਦ ਦੀ ਦੇ ਜੀਵਨ ਤੋਂ ਸੇਧ ਲੈਣ ਲਈ ਪ੍ਰੇਰਿਤ ਕੀਤਾ ਗਿਆ। ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਦੇ ਪ੍ਰਧਾਨ ਉਪਕਾਰ ਸਿੰਘ, ਸਾਬਕਾ ਪ੍ਰਿੰਸੀਪਲ ਮਨਜੀਤ ਕੌਰ ਆਜਾਦ, ਪਵਨ ਗੋਇਲ ਅਤੇ ਸਟੇਟ ਮੈਨ ਰਵੀ ਸਿੰਘ ਨੇ ਕਿਹਾ ਕਿ ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਰਹਿ ਕੇ ਖੇਡਾਂ ਵੱਲ ਪ੍ਰੇਰਿਤ ਹੋਣਾ ਚਾਹੀਦਾ ਹੈ ਤਾਂ ਜੋ ਇੱਕ ਨਰੋਏ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ। ਇਸ ਮੌਕੇ ਹਸਪਤਾਲ ਦੇ ਡਾਇਰੈਕਟਰ ਪਰਮਿੰਦਰ ਕੌਰ ਮਨਚੰਦਾ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।

## ਸਟਾਲਵਾਰਟਸ ਵਰਲਡ ਸਕੂਲ 'ਚ ਮਨਾਈ ਲੋਹੜੀ




ਅੰਮ੍ਰਿਤਸਰ , (ਪੱਤਰ ਪ੍ਰੇਰਕ)- ਵੇਰਕਾ ਬਾਈਪਾਸ ਸਥਿਤ ਸਟਾਲਵਾਰਟਸ ਵਰਲਡ ਸਕੂਲ ਵਿਚ ਲੋਹੜੀ ਦਾ ਤਿਉਹਾਰ ਪ੍ਰਿੰਸੀਪਲ ਮਨੀਸ਼ਾ ਧਾਨੁਕਾ ਅਤੇ ਡਾਇਰੈਕਟਰ ਵਸੁੰਧਰਾ ਧਾਨੁਕਾ ਦੀ ਅਗਵਾਈ ਵਿਚ ਬੜੀ ਧੂਮਧਾਮ ਨਾਲ ਮਨਾਇਆ ਗਿਆ। ਅਧਿਆਪਕਾਂ ਦੇ ਦੁਆਰੇ ਇਸ ਦਿਨ ਨੂੰ ਖਾਸ ਯਾਦਗਾਰੀ ਬਣਾਇਆ ਗਿਆ। ਸਮਾਰੋਹ ਦੀ ਸ਼ੁਰੂਆਤ ਸ਼ਬਦ ਗਾਇਨ ਕਰ ਕੇ ਕੀਤੀ ਗਈ। ਸ਼ਬਦ ਗਾਇਨ ਦੇ ਨਾਲ ਹੀ ਬੱਚਿਆਂ ਨੇ ਆਨਲਾਈਨ ਦੇ ਮਾਧਿਅਮ ਨਾਲ ਇਸ ਉਤਸਵ ਦਾ ਆਨੰਦ ਮਾਣਿਆ। ਬੱਚਿਆਂ ਨੂੰ ਇਸ ਲੋਹੜੀ ਤਿਉਹਾਰ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਇਸ ਨਾਲ ਸਬੰਧਤ ਦੁੱਲਾ ਭੱਟੀ ਲੋਕ ਕਥਾ ਵੀ ਸੁਣਾਈ ਗਈ। ਦੱਸਿਆ ਗਿਆ ਕਿ ਇਹ ਉਤਸਵ ਬੱਚਿਆਂ ਦੇ ਜਨਮ, ਨਵ-ਵਿਆਹੁਤਾ ਪਤੀ-ਪਤਨੀ ਲਈ ਖਾਸ ਤੌਰ 'ਤੇ ਮਨਾਇਆ ਜਾਂਦਾ ਹੈ, ਪਰ ਅੱਜ ਕੱਲ੍ਹ ਲੜਕੀਆਂ ਦੇ ਜਨਮ 'ਤੇ ਵੀ ਇਹ ਦਿਨ ਖਾਸ ਮਨਾਇਆ ਜਾਣ ਲੱਗਾ ਹੈ। ਲੜਕੀਆਂ ਨੂੰ ਮਹੱਤਤਾ ਦਿੰਦੇ ਹੋਏ ਅਰਥਾਤ ਇਸ ਵਿਸ਼ੇ ਉੱਤੇ ਕਾਰਜ ਕਰਦੇ ਹੋਏ ਸਟਾਲਵਾਰਟਸ ਵਰਲਡ ਸਕੂਲ ਨੇ 2022 ਦੀ ਸ਼ੁਰੂਆਤ ਵਿਚ ਪਰਿਵਾਰ ਵਿਚ ਜਨਮੀ ਇਕਲੌਤੀ ਲੜਕੀ ਲਈ ਮੁਫਤ ਦਾਖਲੇ ਦਾ ਪ੍ਰਸਤਾਵ ਦਿੱਤਾ ਹੈ, ਜਿਸ ਦੀ ਤਾਰੀਕ 16 ਜਨਵਰੀ ਤੱਕ ਹੈ। 'ਬੇਟੀ ਬਚਾਓ, ਬੇਟੀ ਪੜ੍ਹਾਓ' ਦੇ ਵਿਸ਼ੇਸ਼ ਮਾਧਿਅਮ ਨਾਲ ਸਟਾਲਵਾਰਟਸ ਸਕੂਲ ਦਾ ਇਹੀ ਮਕਸਦ ਹੈ ਕਿ ਪੰਜਾਬ ਦੀ ਹਰ ਇਕ ਕੁੜੀ ਸਿੱਖਿਅਤ ਹੋਵੇ। ਅਰਥਾਤ ਮਾਪੇ ਆਪਣੀ ਬੇਟੀ ਨੂੰ ਉੱਚ ਤੋਂ ਉੱਚ ਸਿੱਖਿਆ ਦੇਣ। ਲੋਹੜੀ ਦੇ ਤਿਉਹਾਰ 'ਤੇ ਸਾਰੇ ਸਿੱਖਿਅਕਾਂ ਨੇ ਲੋਹੜੀ 'ਤੇ ਆਧਾਰਿਤ ਗੀਤ ਗਾਏ ਅਤੇ ਨੱਚ ਕੇ ਖੁਸ਼ੀ ਮਨਾਈ। ਲੋਹੜੀ ਦਾ ਭੁੱਗਾ ਬਾਲਣ ਦੀ ਰਸਮ ਨੀ ਅਦਾ ਕੀਤੀ ਗਈ ਅਤੇ ਮੂੰਗਫਲੀ, ਰਿਓੜੀ ਦਾ ਪ੍ਰਸ਼ਾਦ ਅਰਪਣ ਕਰਦੇ ਹੋਏ ਇਹ ਦੁਆ ਕੀਤੀ ਗਈ ਕਿ ਸਭ ਆਪਣੇ ਘਰਾਂ ਵਿਚ ਸੁਰੱਖਿਅਤ ਰਹਿਣ ਅਤੇ ਆਪਣੇ ਪਰਿਵਾਰ ਸਮੇਤ ਇਸ ਦਿਨ ਨੂੰ ਖੁਸ਼ਹਾਲੀ ਦੇ ਨਾਲ ਮਨਾਉਣ। ਇਸ ਦੇ ਇਲਾਵਾ ਪ੍ਰਿੰਸੀਪਲ ਮਨੀਸ਼ਾ ਧਾਨੁਕਾ ਅਤੇ ਡਾਇਰੈਕਟਰ ਵਾਸੁੰਧਰਾ ਧਾਨੁਕਾ ਨੇ ਬੱਚਿਆਂ ਨੂੰ ਆਨਲਾਈਨ ਲੋਹੜੀ ਦੀ ਵਧਾਈ ਦਿੱਤੀ ਅਤੇ ਆਪਣਾ ਸਮਾਂ ਵਿਅਰਥ ਨਾ ਕਰਦੇ ਹੋਏ ਪੜ੍ਹਾਈ 'ਤੇ ਧਿਆਨ ਦੇਣ ਲਈ ਪ੍ਰੇਿਤ ਕੀਤਾ ਅਤੇ ਚੰਗੇ ਅੰਕਾਂ ਨਾਲ ਪ੍ਰੀਖਿਆਵਾਂ ਪਾਸ ਕਰਨ ਲਈ ਸ਼ੁਭਕਾਮਨਾਵਾਂ ਦਿੱਤੀਆਂ।

## ਸਰਬੱਤ ਦਾ ਭਲਾ ਸੰਸਥਾ ਨੇ 1 ਲੱਖ 11 ਹਜਾਰ ਰੁਪਏ ਲੋੜਵੰਦਾਂ ਨੂੰ ਪੈਨਸਨ ਦੇ ਰੂਪ 'ਚ ਵੰਡੇ

ਫਤਹਿਗੜ੍ਹ ਸਾਹਿਬ, (ਪੱਤਰ ਪ੍ਰੇਰਕ)- ਉੱਘੇ ਸਮਾਜ ਸੇਵਕ ਡਾ. ਐਸ.ਪੀ.ਐਸ. ਓਬਰਾਏ ਵਲੋਂ ਚਲਾਈ ਜਾ ਰਹੀ ਸੰਸਥਾ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵਲੋਂ ਸਮਾਜ ਭਲਾਈ ਦੇ ਕਾਰਜਾਂ ਦੀ ਲੜੀ ਤਹਿਤ ਅੱਜ ਖਜਾਨਚੀ ਕੈਪਟਨ ਸੇਵਾ ਸਿੰਘ ਦੀ ਅਗਵਾਈ ਹੇਠ ਬੇਸਹਾਰਾ, ਬੁਢਾਪਾ, ਵਿਧਵਾਵਾਂ ਅਤੇ ਅੰਗਹੀਣ ਵਿਅਕਤੀਆਂ ਨੂੰ ਪੈਨਸਨ ਦੇ ਰੂਪ ਵਿਚ 1 ਲੱਖ 11 ਹਜਾਰ ਰੁਪਏ ਦੇ 146 ਚੈੱਕ ਵੰਡੇ ਗਏ, ਜਿਸ 'ਚੋਂ 15 ਹਜਾਰ ਰੁਪਏ ਦਾ ਚੈੱਕ ਲਕਸੈ ਸਕੂਲ ਤਲਾਣੀਆਂ ਲਈ ਦਿੱਤਾ ਗਿਆ . ਉਨ੍ਹਾਂ ਦੱਸਿਆ ਕਿ ਇਸ ਸੰਸਥਾ ਵਲੋਂ ਮੈਡੀਕਲ, ਖੂਨਦਾਨ, ਅੱਖਾਂ ਦਾ ਚੈੱਕਅਪ ਅਤੇ ਅਪ੍ਰੇਸਨ ਕੈਂਪਾਂ ਰਾਹੀਂ ਮਾਨਵਤਾ ਦੀ ਸੇਵਾ ਕੀਤੀ ਜਾਂਦੀ ਹੈ . ਇਸ ਤੋਂ ਇਲਾਵਾ ਲੜਕੀਆਂ ਅਤੇ ਔਰਤਾਂ ਨੂੰ ਆਤਮ ਨਿਰਭਰ ਬਣਾਉਣ ਲਈ ਸਿਲਾਈ ਕਢਾਈ, ਕੰਪਿਊਟਰ ਅਤੇ ਬਿਊਟੀਸੀਅਨ ਦੇ ਕੋਰਸ ਵੀ ਕਰਵਾਏ ਜਾ ਰਹੇ ਹਨ ਤਾਂ ਜੋ ਲੜਕੀਆਂ ਆਤਮ ਨਿਰਭਰ ਹੋ ਕੇ ਆਪਣੇ ਕਿੱਤੇ ਰਾਹੀਂ ਸਮਾਜ ਵਿਚ ਵੱਖਰੀ ਪਛਾਣ ਬਣਾ ਸਕਣ . ਇਸ ਮੌਕੇ ਜੈ ਕ੍ਰਿਸਨ ਕਸਯਪ, ਗੁਰਮੁਖ ਸਿੰਘ, ਪ੍ਰੀਤੀ ਵਿਸਾਲ ਸਰਮਾ ਹਾਜਰ ਸਨ .

## ਲੁਧਿਆਣਾ 'ਚ ਵਾਰਦਾਤ: ਘਰ ਦੇ ਗੁਜਾਰੇ ਲਈ ਨੌਕਰੀ ਕਰਨਾ ਚਾਹੁੰਦੀ ਸੀ ਪਤਨੀ, ਪਤੀ ਨੇ ਗਲ ਘੁੱਟ ਕੀਤਾ ਕਤਲ

ਲੁਧਿਆਣਾ , (ਪੱਤਰ ਪ੍ਰੇਰਕ)- ਘਰ ਦੀ ਮਾਲੀ ਹਾਲਤ ਕਾਰਨ ਪਤੀ ਦਾ ਹੱਥ ਵੰਡਾਉਣ ਦੀ ਸੋਚ ਰਹੀ ਪਤਨੀ ਨੂੰ ਕੀ ਪਤਾ ਸੀ ਕਿ ਉਸ ਦੀ ਸੋਚ ਮੌਤ ਦਾ ਕਾਰਨ ਬਣ ਜਾਵੇਗੀ। ਲੁਧਿਆਣਾ ਦੇ ਆਨੰਦ ਨਗਰ ਵਿਚ ਰਹਿਣ ਵਾਲੀ ਮਹਿਲਾ ਘਰ ਖਰਚ ਚੰਗੇ ਢੰਗ ਨਾਲ ਚਲਾਉਣ ਲਈ ਨੌਕਰੀ ਕਰਨਾ ਚਾਹੁੰਦੀ ਸੀ ਪਰ ਉਸ ਦੇ ਪਤੀ ਨੂੰ ਪਸੰਦ ਨਹੀਂ ਸੀ। ਇਹੀ ਕਾਰਨ ਆਪਸੀ ਕਲੇਸ਼ ਦਾ ਕਾਰਨ ਬਣਿਆ ਅਤੇ ਪਤੀ ਨੇ ਗੁੱਸੇ 'ਚ ਆ ਕੇ ਪਤਨੀ ਨੂੰ ਬੁਰੀ ਤਰ੍ਹਾਂ ਕੁੱਟਿਆ ਅਤੇ ਫਿਰ ਗਲ ਘੁੱਟ ਕੇ ਉਸ ਦਾ ਕਤਲ ਕਰ ਦਿੱਤਾ। ਇਸ ਤੋਂ ਬਾਅਦ ਮੌਕੇ ਤੋਂ ਫਰਾਰ ਹੋ ਗਿਆ।

ਮ੍ਰਿਤਕਾਂ ਦੀ ਪਛਾਣ ਸਿਮਰਨ (26) ਵਜੋਂ ਹੋਈ ਹੈ, ਜੋ ਆਨੰਦ ਨਗਰ ਰਹਿਣ ਵਾਲੀ ਹੈ। ਇਸ ਘਟਨਾ ਦਾ ਪਤਾ ਲੱਗਣ 'ਤੇ ਮ੍ਰਿਤਕਾਂ ਦੇ ਪਰਿਵਾਰ ਨੇ ਇਸ ਘਟਨਾ ਦੀ ਪੁਲਸ ਨੂੰ ਸੂਚਨਾ ਦਿੱਤੀ, ਜਿਸ ਤੋਂ ਬਾਅਦ ਥਾਣਾ ਹੈਬੋਵਾਲ ਪੁਲਸ ਮੌਕੇ 'ਤੇ ਪਹੁੰਚ ਗਈ। ਪੁਲਸ ਨੇ ਜਨਾਨੀ ਦੀ ਲਾਸ਼ ਨੂੰ ਕਬਜ਼ੇ 'ਚ ਲੈ ਕੇ ਸਿਵਲ ਹਸਪਤਾਲ ਪਹੁੰਚਾਇਆ, ਜਿਥੇ ਪੋਸਟਮਾਰਟਮ ਤੋਂ ਬਾਅਦ ਲਾਸ਼ ਪਰਿਵਾਰ ਨੂੰ ਸੌਂਪ ਦਿੱਤੀ ਗਈ। ਇਸ ਮਾਮਲੇ 'ਚ ਪੁਲਸ ਨੇ ਮ੍ਰਿਤਕਾ ਦੇ ਭਰਾ ਕਰਨ ਦੇ ਬਿਆਨਾਂ 'ਤੇ ਮੁਲਜ਼ਮ ਪਤੀ ਵਿਕਰਾਂਤ ਖਿਓਲਿਲਾਫ ਕਤਲ ਦਾ ਕੇਸ ਦਰਜ ਕਰ ਲਿਆ ਹੈ। ਮਿਲੀ ਜਾਣਕਾਰੀ ਮੁਤਾਬਕ ਸਿਮਰਨ ਦਾ ਵਿਆਹ ਵਿਕਰਾਂਤ ਨਾਲ 7 ਸਾਲ ਪਹਿਲਾਂ ਹੋਇਆ ਸੀ। ਉਨ੍ਹਾਂ ਦੇ 2 ਬੱਚੇ ਹਨ। ਇਕ ਬੇਟੀ ਅਤੇ ਇਕ ਬੇਟਾ। ਵਿਆਹ ਤੋਂ ਬਾਅਦ ਤੋਂ ਹੀ ਸਿਮਰਨ ਅਤੇ ਵਿਕਰਾਂਤ ਵਿਚ ਆਪਸੀ ਝਗੜਾ ਹੁੰਦਾ ਰਹਿੰਦਾ ਸੀ। ਸਿਮਰਨ ਨੌਕਰੀ ਕਰਨਾ ਚਾਹੁੰਦੀ ਸੀ ਤਾਂ ਕਿ ਘਰ ਦਾ ਖਰਚ ਸਹੀ ਢੰਗ ਨਾਲ ਚਲਾਇਆ ਜਾ ਸਕੇ ਪਰ ਵਿਕਰਾਂਤ ਉਸ ਨੂੰ ਨੌਕਰੀ ਕਰਨ ਤੋਂ ਮਨ੍ਹਾ ਕਰਦਾ ਸੀ। ਇਸ ਤੋਂ ਪਹਿਲਾਂ ਵੀ ਦੋਵਾਂ ਵਿਚ ਕਾਫੀ ਝਗੜੇ ਹੋ ਚੁੱਕੇ ਸਨ, ਜਿਸ ਵਿਚ ਨੌਬਤ ਪੰਚਾਇਤ ਤੱਕ ਪੁੱਜ ਚੁੱਕੀ ਸੀ। ਦੋਵਾਂ ਦਾ ਪਹਿਲਾਂ ਪੰਚਾਇਤੀ ਰਾਜੀਨਾਮਾ ਵੀ ਚੁੱਕਾ ਸੀ।

ਸ਼ੁੱਕਰਵਾਰ ਦੀ ਸ਼ਾਮ ਨੂੰ ਵੀ ਦੋਵਾਂ ਵਿਚਕਾਰ ਕਾਫੀ ਕਹਾ-ਸੁਣੀ ਹੋਈ, ਜਿਸ ਤੋਂ ਬਾਅਦ ਗੁੱਸੇ 'ਚ ਵਿਕਰਾਂਤ ਨੇ ਸਿਮਰਨ ਨੂੰ ਬੁਰੀ ਤਰ੍ਹਾਂ ਨਾਲ ਕੁੱਟ ਕੇ ਜ਼ਖਮੀ ਕਰ ਦਿੱਤਾ। ਇਸ ਤੋਂ ਵੀ ਮਨ ਨਹੀਂ ਭਰਿਆ ਤਾਂ ਉਸ ਨੇ ਗਲਾ ਘੁੱਟ ਕੇ ਸਿਮਰਨ ਦਾ ਕਤਲ ਕਰ ਦਿੱਤਾ। ਇਸ ਘਟਨਾ ਨੂੰ ਅੰਜਾਮ ਦੇਣ ਮਗਰੋਂ ਪਤੀ ਮੌਕੇ ਤੋਂ ਫਰਾਰ ਹੋ ਗਿਆ। ਜਦੋਂ ਕਰਨ ਨੂੰ ਇਸ ਦਾ ਪਤਾ ਲੱਗਾ ਤਾਂ ਉਹ ਤੁਰੰਤ ਉਸ ਦੇ ਘਰ ਪੁੱਜਾ ਅਤੇ ਸਿਮਰਨ ਨੂੰ ਡੀ. ਐੱਮ. ਸੀ. ਹਸਪਤਾਲ ਲੈ ਕੇ ਗਿਆ ਪਰ ਉਥੇ ਪੁੱਜਣ 'ਤੇ ਪਤਾ ਲੱਗਾ ਕਿ ਸਿਮਰਨ ਦੀ ਮੌਤ ਹੋ ਚੁੱਕੀ ਹੈ।

### ਸਿਰ ਹੱਥ ਅਤੇ ਪਿੱਠ 'ਤੇ ਸੱਟਾਂ, ਗਲ ਘੋਟੇ ਜਾਣ ਦਾ ਨਿਸ਼ਾਨ

ਫੋਰੈਂਸਿਕ ਡਾ. ਚਰਨਕਮਲ ਅਤੇ ਡਾ. ਗੁਰਮੇਲ ਢਿੱਲੋਂ ਨੇ ਸਿਮਰਨ ਦੀ ਲਾਸ਼ ਦਾ ਪੋਸਟਮਾਰਟਮ ਕੀਤਾ। ਪੋਸਟਮਾਰਟਮ ਤੋਂ ਪਤਾ ਲੱਗਾ ਕਿ ਸਿਮਰਨ ਦੇ ਸਿਰ, ਬਾਂਹ, ਪੈਰ ਅਤੇ ਪਿੱਠ 'ਤੇ ਸੱਟ ਦੇ ਨਿਸ਼ਾਨ ਹਨ। ਜਿਵੇਂ ਉਸ ਨੂੰ ਕਾਫੀ ਬੁਰੀ ਤਰ੍ਹਾਂ ਕੁੱਟਿਆ ਗਿਆ ਸੀ। ਇਸ ਤੋਂ ਇਲਾਵਾ ਉਸ ਦੇ ਗਲ 'ਤੇ ਘੋਟੇ ਜਾਣ ਦੇ ਨਿਸ਼ਾਨ ਹਨ ਕਿ ਉਸ ਦਾ ਗਲ ਘੁੱਟ ਕੇ ਮਾਰਿਆ ਗਿਆ ਸੀ। ਹਰਪ੍ਰੀਤ ਸਿੰਘ, ਐੱਸ. ਐੱਚ. ਓ. ਥਾਣਾ ਹੈਬੋਵਾਲ ਨੇ ਕਿਹਾ ਕਿ ਇਸ ਮਾਮਲੇ 'ਚ ਮੁਲਜ਼ਮ ਪਤੀ ਵਿਕਰਾਂਤ ਖਿਓਲਿਲਾਫ ਕਤਲ ਦਾ ਕੇਸ ਦਰਜ ਕੀਤਾ ਹੈ। ਮੁਲਜ਼ਮ ਹੁਣ ਫਰਾਰ ਹੈ। ਉਸ ਦੀ ਭਾਲ ਕੀਤੀ ਜਾ ਰਹੀ ਹੈ। ਲਾਸ਼ ਦਾ ਪੋਸਟਮਾਰਟਮ ਕਰ ਕੇ ਪਰਿਵਾਰ ਦੇ ਹਵਾਲੇ ਕਰ ਦਿੱਤਾ ਹੈ।

### ਪਦਮਸ਼੍ਰੀ ਪ੍ਰੋ. ਕਰਤਾਰ ਸਿੰਘ ਦੇ ਨਾਮ 'ਤੇ ਰੱਖਿਆ ਜਾਵੇਗਾ ਗੁਰਮਤਿ ਸੰਗੀਤ ਅਕੈਡਮੀ ਦਾ ਨਾਮ: ਐਡਵੋਕੇਟ ਧਾਮੀ

ਅੰਮ੍ਰਿਤਸਰ/ਲੁਧਿਆਣਾ , (ਪੱਤਰ ਪ੍ਰੇਰਕ)- ਗੁਰਮਤਿ ਸੰਗੀਤ ਦੇ ਉਸਤਾਦ ਪਦਮਸ਼੍ਰੀ ਪ੍ਰੋ. ਕਰਤਾਰ ਸਿੰਘ ਨਮਿਤ ਅੰਤਿਮ ਅਰਦਾਸ ਸਮਾਗਮ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ, ਐਕਸਟੈਂਸ਼ਨ ਲੁਧਿਆਣਾ ਵਿਖੇ ਕਰਵਾਇਆ ਗਿਆ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਨੇ ਪ੍ਰੋ: ਕਰਤਾਰ ਸਿੰਘ ਨੂੰ ਨਿੱਘੀ ਸ਼ਰਧਾਂਜਲੀ ਭੇਟ ਕੀਤੀ।

ਇਸ ਮੌਕੇ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਗੁਰਮਤਿ ਸੰਗੀਤ ਦੇ ਸ਼੍ਰੋਮਣੀ ਉਸਤਾਦ ਦਾ ਅਕਾਲ ਚਲਾਣਾ ਸਮੁੱਚੇ ਸਿੱਖ ਪੰਥ ਲਈ ਬਹੁਤ ਵੱਡਾ ਘਾਟਾ ਹੈ, ਜਿਸ ਨੂੰ ਪੂਰਿਆ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਉਸਤਾਦ ਕੀਰਤਨੀਏ ਪ੍ਰੋ: ਕਰਤਾਰ ਸਿੰਘ ਵੱਲੋਂ ਗੁਰਮਤਿ ਸੰਗੀਤ ਕਲਾ ਨੂੰ ਪ੍ਰਫੁੱਲਤ ਕਰਨ ਲਈ ਅਣਥੱਕ ਯਤਨ ਅਤੇ ਉਪਰਾਲੇ ਕੀਤੇ ਗਏ। ਸ਼੍ਰੋਮਣੀ ਕਮੇਟੀ ਪ੍ਰੋ: ਕਰਤਾਰ ਸਿੰਘ ਦੀ ਨਿੱਘੀ ਯਾਦ ਨੂੰ ਸਦੀਵੀਂ ਤੌਰ 'ਤੇ ਕਾਇਮ ਰੱਖਣ ਲਈ ਵਚਨਬੱਧ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਦਾ ਨਾਮ ਪ੍ਰੋ: ਕਰਤਾਰ ਸਿੰਘ ਦੇ ਨਾਮ 'ਤੇ ਰੱਖਣ ਦਾ ਐਲਾਨ ਕਰਦਿਆਂ ਕਿਹਾ ਕਿ ਗੁਰਮਤਿ ਸੰਗੀਤ ਦੀ ਸਿਖਲਾਈ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਪ੍ਰੋ: ਕਰਤਾਰ ਸਿੰਘ ਦੇ ਕਾਰਜਾਂ ਤੋਂ ਸੇਧ ਲੈ ਕੇ ਪੁਰਤਾਨ ਕੀਰਤਨ ਸ਼ੈਲੀ ਵਿਚ ਨਿਪੁੰਨ ਹੋ ਸਕਣਗੇ। ਉਨ੍ਹਾਂ ਕੇਂਦਰੀ ਸਿੱਖ ਅਜਾਇਬਘਰ ਵਿਖੇ ਪ੍ਰੋ: ਕਰਤਾਰ ਸਿੰਘ ਦੀ ਤਸਵੀਰ ਲਗਾਉਣ ਦਾ ਵੀ ਐਲਾਨ ਕੀਤਾ।

ਇਹ ਵੀ ਪੜ੍ਹੋ : ਸਿਹਤ ਮੰਤਰੀ ਸੋਨੀ ਦਾ ਵੱਡਾ ਬਿਆਨ, ਕੋਰੋਨਾ ਕੇਸ ਵਧੇ ਤਾਂ ਚੋਣ ਰੈਲੀਆਂ ਸਮੇਤ ਸਭ ਕੁਝ ਹੋਵੇਗਾ ਬੈਨ

ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਅਤੇ ਜਵੱਦੀ ਟਕਸਾਲ ਦੇ ਮੁਖੀ ਬਾਬਾ ਅਮੀਰ ਸਿੰਘ ਨੇ ਵੀ ਪ੍ਰੋ: ਕਰਤਾਰ ਸਿੰਘ ਨੂੰ ਆਪਣਾ ਸਤਿਕਾਰ ਭੇਟ ਕਰਦਿਆਂ ਉਨ੍ਹਾਂ ਦੇ ਸਾਦਗੀ ਭਰੇ ਜੀਵਨ ਅਤੇ ਰਵਾਇਤੀ ਪੁਰਤਾਨ ਕੀਰਤਨ ਸ਼ੈਲੀ ਦੀ ਕਲਾਂ ਨੂੰ ਪ੍ਰਫੁੱਲਤ ਕਰਨ ਲਈ ਪਾਏ ਯੋਗਦਾਨ ਦੀ ਸਰਾਹਨਾ ਕੀਤੀ।

## ਕਾਂਗਰਸ ਦੇ ਅਹੁਦੇਦਾਰ ਤੁਰ ਪਏ 'ਆਪਣੀ ਡਫਲੀ ਆਪਣਾ ਰਾਗ' ਵਜਾਉਣ ਦੇ ਰਾਹ, ਪਾਰਟੀ ਦੀ ਬਜਾਏ ਸਾਰੇ ਖੁਦ ਦੇ ਪ੍ਰਚਾਰ 'ਚ ਜੁਟੇ



ਚੰਡੀਗੜ੍ਹ , (ਪੱਤਰ ਪ੍ਰੇਰਕ)- ਚੋਣਾਂ ਆਉਂਦੇ ਸਾਰ ਪੰਜਾਬ ਕਾਂਗਰਸ 'ਆਪਣੀ ਡਫਲੀ ਆਪਣਾ ਰਾਗ' ਦੀ ਧੁਨ ਵਜਾਉਣ ਤੁਰ ਪਈ ਹੋਈ ਜਾਪਦੀ ਹੈ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਹੋਣ ਜਾਂ ਵਿਧਾਇਕ ਨਵਜੋਤ ਸਿੰਘ ਸਿੱਧੂ ਹੋਣ, ਬਹੁਤੇ ਅਹੁਦੇਦਾਰ ਆਪਣੀ ਆਪਣੀ ਬਿਹਤਰੀ ਲਈ ਤੁਰੇ ਹੋਏ ਜਾਪ ਰਹੇ ਹਨ। ਮੁੱਖ ਮੰਤਰੀ ਦੀ ਸੋਸ਼ਲ ਮੀਡੀਆ ਟੀਮ ਤਾਂ ਨਿੱਤ ਨਵੇਂ ਵੀਡੀਓ ਇੰਟਰਨੈੱਟ ਮੀਡੀਆ 'ਤੇ ਪਾ ਕੇ ਚੰਨੀ ਦਾ ਪ੍ਰਚਾਰ ਕਰ ਰਹੀ ਹੈ। ਦੂਜੇ ਪਾਸੇ ਸੂਬਾ ਪ੍ਰਧਾਨ ਤੇ ਵਿਧਾਇਕ ਨਵਜੋਤ ਸਿੱਧੂ ਆਪਣੇ ਹੱਕ ਵਿਚ ਪ੍ਰਚਾਰ ਕਰ ਰਹੇ ਹਨ। ਸਿੱਧੂ ਨੇ ਹੋਰਡਿੰਗ ਵਿਚ ਕਿਸੇ ਸਿਆਸੀ ਆਗੂ ਨੂੰ ਥਾਂ ਨਹੀਂ ਦਿੱਤੀ ਹੈ। ਹਾਲਾਂਕਿ ਹੋਰਡਿੰਗ 'ਤੇ ਸਿੱਧੂ ਯੂ-ਟਿਊਬ ਚੈਨਲ 'ਜਿੱਤੇਗਾ ਪੰਜਾਬ' ਦਾ ਲੋਗੋ ਜ਼ਰੂਰ ਦਿੱਤਾ ਹੋਇਆ ਹੈ। ਸਿੱਧੂ ਵੱਲੋਂ ਮੰਗਲਵਾਰ ਨੂੰ ਕੀਤੀ ਗਈ ਪ੍ਰੈੱਸ ਕਾਨਫਰੰਸ ਦੌਰਾਨ ਪਾਰਟੀ ਦੇ ਹੋਰਨਾਂ ਅਹੁਦੇਦਾਰਾਂ ਖ਼ਾਸਕਰ ਮੁੱਖ ਮੰਤਰੀ ਚੰਨੀ ਦੀ ਤਸਵੀਰ ਨਾ ਲੱਗੀ ਹੋਣ ਮਗਰੋਂ ਚਰਚਾ ਤੇਜ਼ ਹੈ। ਉਥੇ, ਲੁਧਿਆਣਾ ਵਿਚ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਦੇ ਵੱਡੇ-ਵੱਡੇ ਹੋਰਡਿੰਗ ਲੱਗੇ ਹਨ, ਜਿਸ ਵਿਚ ਸਿਰਫ਼ ਆਸ਼ੂ ਦੀ ਫੋਟੋ ਹੈ। 'ਮੈਨ ਆਫ ਪ੍ਰਾਮਿਸ' ਨਾਂ ਹੇਠ ਲੱਗੇ ਹੋਰਡਿੰਗ ਚਰਚਾ ਵਿਚ ਹਨ।

## ਸਰਕਾਰੀ ਹਾਈ ਸਕੂਲ ਵੜੈਚਾਂ ਅਪਗਰੇਡ ਹੋਣ ਦੀ ਖੁਸ਼ੀ ਵਿਚ ਵੰਡੇ ਲੱਡੂ

ਅਮਲੋਹ, (ਪੱਤਰ ਪ੍ਰੇਰਕ)-ਸਰਕਾਰੀ ਹਾਈ ਸਕੂਲ ਵੜੈਚਾਂ ਨੂੰ ਅਪਗ੍ਰੇਡ ਹੋਣ ਦੀ ਖੁਸ਼ੀ ਵਿਚ ਪਿੰਡ ਵਾਸੀਆਂ ਵਲੋਂ ਲੱਡੂ ਵੰਡ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ ਉੱਥੇ ਹੀ ਕੈਬਨਿਟ ਮੰਤਰੀ ਰਣਦੀਪ ਅਤੇ ਪੰਜਾਬ ਸਰਕਾਰ ਦਾ ਵਿਸੇਸ ਧੰਨਵਾਦ ਵੀ ਕੀਤਾ ਗਿਆ . ਇਸ ਮੌਕੇ ਗੱਲਬਾਤ ਕਰਦਿਆਂ ਕਾਂਗਰਸ ਦੇ ਜ਼ਿਲ੍ਹੇ ਮੀਤ ਪ੍ਰਧਾਨ ਬਲਜਿੰਦਰ ਸਿੰਘ ਭੱਟੋ, ਡਾਇਰੈਕਟਰ ਜੱਗੀ ਬੜੈਚਾਂ ਨੇ ਕਿਹਾ ਕਿ ਪਿੰਡਾਂ ਭੱਟੋ, ਸੇਰਪੁਰ ਮਾਜਰਾ, ਦਨਘੇੜੀ, ਨੂਰਪੁਰਾ, ਅਕਾਲਗੜ੍ਹ, ਖਨੌੜਾ, ਰਾਜਗੜ੍ਹ ਛੰਨਾ, ਅਲੀਪੁਰ ਸੰਦਲ ਆਦਿ ਦੀ ਸਭ ਤੋਂ ਵੱਡੀ ਮੰਗ ਸੀ, ਜਿਹੜੀ ਰਣਦੀਪ ਸਿੰਘ ਦੇ ਯਤਨਾਂ ਸਦਕਾ ਪੂਰੀ ਹੋਈ ਹੈ ਉੱਥੇ ਸਮੇਂ-ਸਮੇਂ ਉੱਪਰ ਹਰ ਸਹਿਯੋਗ ਮਿਲਦਾ ਰਿਹਾ ਹੈ .

ਉਨ੍ਹਾਂ ਕਿਹਾ ਕਿ ਪਿੰਡਾਂ ਦੇ ਵਿਦਿਆਰਥੀਆਂ ਖਾਸਕਰ ਸਾਡੀਆਂ ਬੇਟੀਆਂ ਨੂੰ ਭਾਰੀ ਰਾਹਤ ਮਿਲੇਗੀ ਜੋ ਅਮਲੋਹ ਪੜ੍ਹਨ ਆਉਂਦੇ ਸਨ . ਇਸ ਸਮੇਂ ਪਿੰਡ ਦੇ ਸਰਪੰਚ ਸੁਖਬੀਰ ਕੌਰ, ਚੇਅਰਮੈਨ ਗੁਰਦੀਪ ਸਿੰਘ ਲਾਡੀ, ਕਿਸਾਨ ਆਗੂ ਪਰਮਿੰਦਰ ਸਿੰਘ, ਪੰਚ ਗੁਰਦੀਪ ਸਿੰਘ ਸਕੂਲ ਸਟਾਫ ਤੇ ਪਿੰਡ ਵਾਸੀ ਮੌਜੂਦ ਸਨ .


## ਡੀ. ਏ. ਪੀ. ਮਗਰੋਂ ਹੁਣ ਯੂਰੀਆ ਖਾਦ ਲਈ ਕਿਸਾਨ ਹੋ ਰਹੇ ਹਨ ਖੱਜਲ-ਖੁਆਰ

ਸਿਰਸਾ, (ਪੱਤਰ ਪ੍ਰੇਰਕ)- ਡੀ ਏ ਪੀ ਖਾਦ ਮਗਰੋਂ ਹੁਣ ਯੂਰੀਆ ਖਾਦ ਲੈਣ ਲਈ ਕਿਸਾਨਾਂ ਨੂੰ ਕਾਫੀ ਜਦੋਜਹਿਦ ਦਾ ਸਾਹਮਣਾ ਕਰਨਾ ਪੈ ਰਿਹਾ ਹੈ . ਯੂਰੀਆ ਖਾਦ ਲਈ ਕਿਸਾਨਾਂ ਨੂੰ ਸਵੇਰੇ ਪੰਜ ਵਜੇ ਕੜਾਕੇ ਦੀ ਠੰਡ ਵਿੱਚ ਲਾਈਨਾਂ 'ਚ ਲੱਗਣ ਲਈ ਮਜਬੂਰ ਹੋਣਾ ਪੈ ਰਿਹਾ ਹੈ ਤੇ ਸਾਮ ਤੱਕ ਲਾਈਨ ਵਿੱਚ ਖੜ੍ਹੇ ਰਹਿਣ ਮਗਰੋਂ ਵੀ ਸਾਰੇ ਕਿਸਾਨ ਖਾਦ ਲੈਣ ਵਿੱਚ ਸਫਲ ਨਹੀਂ ਹੋ ਰਹੇ . ਕਿਸਾਨ ਜਥੇਬੰਦੀਆਂ ਵੱਲੋਂ ਕਿਸਾਨਾਂ ਨੂੰ ਲੋੜੀਂਦੀ ਖਾਦ ਮੁਹੱਈਆ ਕਰਵਾਏ ਜਾਣ ਲਈ ਮਿੰਨੀ ਸਕੱਤਰੇਤ ਦੇ ਬਾਹਰ ਧਰਨਾ ਦਿੱਤਾ ਜਾ ਰਿਹਾ ਹੈ .ਹਾੜੀ ਦੀ ਬੀਜਾਈ ਸਮੇਂ ਡੀਏਪੀ ਖਾਦ ਦੀ ਕਿੱਲਤ ਦਾ ਸਾਹਮਣਾ ਕਰ ਚੁੱਕੇ ਕਿਸਾਨਾਂ ਨੂੰ ਹੁਣ ਯੂਰੀਆ ਖਾਦ ਲਈ ਜਦੋਜਹਿਦ ਕਰਨੀ ਪੈ ਰਹੀ ਹੈ . ਖਾਦ ਲਈ ਕਿਸਾਨ ਕੜਾਕੇ ਦੀ ਠੰਡ ਵਿੱਚ ਸਵਰੇ ਪੰਜ ਵਜੇ ਲਾਈਨਾਂ 'ਚ ਲੱਗਣ ਲਈ ਮਜਬੂਰ ਹੋ ਰਹੇ ਹਨ ਪਰ ਸਾਮ ਤੱਕ ਸਾਰੇ ਕਿਸਾਨਾਂ ਨੂੰ ਖਾਦ ਨਹੀਂ ਮਿਲਦੀ . ਅਨਾਜ ਮੰਡੀ ਵਿੱਚ ਖਾਦ ਦੀਆਂ ਦੁਕਾਨਾਂ ਤੋਂ ਖਾਦ ਲੈਣ ਆਏ ਵੱਖ-ਵੱਖ ਪਿੰਡਾਂ ਦੇ ਕਿਸਾਨਾਂ ਨੇ ਦੱਸਿਆ ਹੈ ਕਿ ਪਹਿਲਾਂ ਕਣਕ, ਸਰ੍ਹੋਂ ਤੇ ਆਲੂਆਂ ਦੀ ਬੀਜਾਈ ਲਈ ਡੀਏਪੀ ਖਾਦ ਲਈ ਕਿਸਾਨਾਂ ਨੂੰ ਕਾਫੀ ਮੁਸਕਲਾਂ ਦਾ ਸਾਹਮਣਾ ਕਰਨਾ ਪਿਆ ਸੀ . ਹੁਣ ਜਦੋਂ ਯੂਰੀਆ ਖਾਦ ਦੀ ਲੋੜ ਹੈ ਤਾਂ ਉਹ ਨਹੀਂ ਮਿਲ ਰਹੀ . ਜਿਸ ਕਿਸਾਨ ਨੂੰ ਦੱਸ ਬੈਗ ਯੂਰੀਆ ਚਾਹੀਦੀ ਹੈ ਉਸ ਨੂੰ ਚਾਰ ਜਾਂ ਪੰਜ ਬੈਗ ਹੀ ਯੂਰੀਆ ਦਿੱਤੀ ਜਾ ਰਹੀ ਹੈ, ਉਹ ਵੀ ਕਾਫੀ ਜਦੋਜਹਿਦ ਕਰਨ ਮਗਰੋਂ . ਕਿਸਾਨਾਂ ਨੇ ਦੱਸਿਆ ਕਿ ਔਰਤਾਂ ਨੂੰ ਵੀ ਖਾਦ ਲਈ ਕਈ ਕਈ ਘੰਟੇ ਲਾਈਨਾਂ 'ਚ ਖੜ੍ਹਾ ਹੋਣਾ ਪੈ ਰਿਹਾ ਹੈ . ਕਿਸਾਨਾਂ ਨੇ ਮੰਗ ਕੀਤੀ ਹੈ ਕਿ ਉਨ੍ਹਾਂ ਨੂੰ ਲੋੜੀਂਦੀ ਖਾਦ ਵੇਲੇ ਸਿਰ ਮੁਹੱਈਆ ਕਰਵਾਈ ਜਾਏ . ਉਧਰ ਖੇਤੀਬਾੜੀ ਦੇ ਅਧਿਕਾਰੀ ਡਾ. ਸੁਖਦੇਵ ਕੰਬੋਜ ਨੇ ਦੱਸਿਆ ਹੈ ਕਿ ਯੂਰੀਆ ਖਾਦ ਦੀ ਕੋਈ ਕਮੀ ਨਹੀਂ ਹੈ . ਅੱਜ ਹੋਰ ਖਾਦ ਆ ਰਹੀ ਹੈ ਜਿਸ ਨੂੰ ਸੁਸਾਇਟੀਆਂ ਤੇ ਫੈਕਸ ਦੇ ਜਰੀਏ ਕਿਸਾਨਾਂ 'ਚ ਵੰਡੀ ਜਾਵੇਗੀ . ਉਨ੍ਹਾਂ ਦਾ ਕਹਿਣਾ ਸੀ ਕਿ ਮੀਂਹ ਪੈਣ ਮਗਰੋਂ ਇਕ ਦਮ ਯੂਰੀਆ ਖਾਦ ਦੀ ਮੰਗ ਵੱਧ ਗਈ ਹੈ, ਜਿਸ ਕਾਰਨ ਥੋੜ੍ਹੀ ਕਿਸਾਨਾਂ ਨੂੰ ਮੁਸਕਲ ਜਰੂਰ ਹੋ ਰਹੀ ਹੈ ਪਰ ਖਾਦ ਹਰ ਕਿਸਾਨ ਨੂੰ ਲੋੜ ਮੁਤਾਬਕ ਮੁਹੱਈਆ ਹੋਵੇਗੀ .

## ਆਰੋਹੀ ਸਕੂਲ ਠੇਕਾ ਕਰਮਚਾਰੀਆਂ ਨੇ ਡੀ. ਸੀ. ਦਫਤਰ ਘੇਰਿਆ

ਸਿਰਸਾ, (ਪੱਤਰ ਪ੍ਰੇਰਕ)- ਆਰੋਹੀ ਸਕੂਲ ਠੇਕਾ ਕਰਮਚਾਰੀਆਂ ਨੇ ਆਪਣੀਆਂ ਮੰਗਾਂ ਨੂੰ ਲੈ ਕੇ ਮਿੰਨੀ ਸਕੱਤਰੇਤ ਦੇ ਬਾਹਰ ਡੀਸੀ ਦਫਤਰ ਦੇ ਮੁੱਖ ਗੇਟ 'ਤੇ ਪ੍ਰਦਰਸਨ ਕਰਦਿਆਂ ਸਰਕਾਰ ਖ਼ਿਲਾਫ ਨਾਅਰੇਬਾਜੀ ਕੀਤੀ . ਪ੍ਰਦਰਸਨਕਾਰੀਆਂ ਨੇ ਪਿਛਲੇ 11 ਮਹੀਨਿਆਂ ਦੀ ਬਕਾਇਆ ਤਨਖਾਹ ਸਮੇਤ ਕਈ ਹੋਰ ਮੰਗਾਂ ਸਬੰਧੀ ਪ੍ਰਸਾਸਨਿਕ ਅਧਿਕਾਰੀਆਂ ਨੂੰ ਮੰਗ ਪੱਤਰ ਵੀ ਦਿੱਤਾ . ਸਿਰਸਾ ਦੇ ਮਿੰਨੀ ਸਕੱਤਰੇਤ ਦੇ ਬਾਹਰ ਪ੍ਰਦਰਸਨ ਕਰ ਰਹੇ ਆਰੋਹੀ ਸਕੂਲ ਠੇਕਾ ਕਰਮਚਾਰੀ ਯੂਨੀਅਨ ਦੇ ਜ਼ਿਲ੍ਹੇ ਪ੍ਰਧਾਨ ਕੁਲਦੀਪ ਸਮੇਤ ਅਨੇਕ ਮੁਲਾਜਮਾਂ ਨੇ ਦੱਸਿਆ ਕਿ ਉਹ ਆਰੋਹੀ ਸਕੂਲਾਂ ਵਿੱਚ ਠੇਕਾਦਾਰੀ ਪ੍ਰਥਾ ਦੇ ਤਹਿਤ ਕੰਮ ਕਰ ਰਹੇ ਹਨ . ਉਨ੍ਹਾਂ ਨੇ ਦੱਸਿਆ ਕਿ ਆਰੋਹੀ ਸਕੂਲਾਂ ਦੇ ਹੋਸਟਲਾਂ ਦੇ ਕਰਮਚਾਰੀਆਂ ਨੂੰ ਪਿਛਲੇ ਗਿਆਰਾਂ ਮਹੀਨਿਆਂ ਤੋਂ ਤਨਖਾਹ ਨਹੀਂ ਦਿੱਤੀ ਗਈ ਜਿਸ ਕਾਰਨ ਉਨ੍ਹਾਂ ਦੇ ਘਰਾਂ ਦਾ ਗੁਜਾਰਾ ਚਲਣਾ ਔਖਾ ਹੋ ਗਿਆ ਹੈ . ਮੰਗਾਂ ਦਾ ਜਿਕਰ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਆਰੋਹੀ ਸਕੂਲਾਂ ਵਿੱਚ ਠੇਕੇਦਾਰੀ ਦੇ ਅਧੀਨ ਕੰਮ ਕਰ ਰਹੇ ਸਾਰੇ ਕਰਮਚਾਰੀਆਂ ਨੂੰ ਵਿਭਾਗ ਆਪਣੇ ਪੈਰੋਲ 'ਤੇ ਰੱਖੇ .

## ਕੇਜਰੀਵਾਲ ਦਾ ਖੁਲਾਸਾ, ਦੱਸਿਆ ਕਿਉਂ ਨਹੀਂ ਹੋਇਆ ਸੰਯੁਕਤ ਸਮਾਜ ਮੋਰਚਾ ਨਾਲ ਗਠਜੋੜ



ਜਲੰਧਰ, (ਪੱਤਰ ਪ੍ਰੇਰਕ)-ਪੰਜਾਬ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਆਮ ਆਦਮੀ ਪਾਰਟੀ ਅਤੇ ਸੰਯੁਕਤ ਸਮਾਜ ਮੋਰਚਾ ਦੇ ਗਠਜੋੜ ਹੋਣ ਦੇ ਪੂਰੇ-ਪੂਰੇ ਆਸਾਰ ਸਨ ਪਰ ਕਿਸੇ ਕਾਰਨ ਇਹ ਗਠਜੋੜ ਸਿਰੇ ਨਾ ਚੜ੍ਹ ਸਕਿਆ। ਇਸ ਸਬੰਧੀ ਖੁਲਾਸਾ ਕਰਦਿਆਂ ਅੱਜ ਅਰਵਿੰਦ ਕੇਜਰੀਵਾਲ ਨੇ ਦੱਸਿਆ ਕਿ ਕਿਸਾਨ ਆਗੂ ਅਤੇ ਸੰਯੁਕਤ ਸਮਾਜ ਮੋਰਚਾ ਦੇ ਮੁੱਖ ਚਿਹਰੇ ਬਲਬੀਰ ਸਿੰਘ ਰਾਜੇਵਾਲ ਉਨ੍ਹਾਂ ਦੇ ਘਰ ਆਏ ਸਨ ਅਤੇ ਉਨ੍ਹਾਂ ਨਾਲ ਗਠਜੋੜ ਬਾਰੇ ਵਿਚਾਰ ਚਰਚਾ ਵੀ ਹੋਈ ਸੀ ।ਕੇਜਰੀਵਾਲ ਨੇ ਕਿਹਾ ਕਿ ਜਿਸ ਦਿਨ ਰਾਜੇਵਾਲ ਮੇਰੇ ਘਰ ਆਏ ਸਨ ਉਸ ਸਮੇਂ ਆਮ ਆਦਮੀ ਪਾਰਟੀ 90 ਉਮੀਦਵਾਰਾਂ ਦਾ ਐਲਾਨ ਕਰ ਚੁੱਕੀ ਸੀ ਅਤੇ 27 ਉਮੀਦਵਾਰਾਂ ਦਾ ਐਲਾਨ ਬਾਕੀ ਸੀ ਜਦਕਿ ਰਾਜੇਵਾਲ ਸਾਬ੍ਹ 60 ਟਿਕਟਾਂ ਦੀ ਮੰਗ ਕਰ ਰਹੇ ਸਨ ।ਇਸੇ ਨੁਕਤੇ 'ਤੇ ਦੋਵਾਂ ਧਿਰਾਂ ਦੀ ਸਹਿਮਤੀ ਨਹੀਂ ਬਣ ਸਕੀ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਜਦੋਂ ਬਲਬੀਰ ਰਾਜੇਵਾਲ ਨੇ 60 ਟਿਕਟਾਂ ਦੀ ਮੰਗ ਕੀਤੀ ਤਾਂ ਮੈਂ ਕਿਹਾ ਸੀ ਕਿ 117 ਸੀਟਾਂ ਹੀ ਤੁਹਾਡੀਆਂ ਹਨ। ਜਿਨ੍ਹਾਂ ਨੂੰ ਟਿਕਟਾਂ ਦਿੱਤੀਆਂ ਜਾ ਚੁੱਕੀਆਂ ਹਨ ਉਹ ਵੀ ਤਾਂ ਕਿਸਾਨਾਂ ਦੇ ਹੀ ਬੱਚੇ ਹਨ ।ਕੇਜਰੀਵਾਲ ਨੇ ਕਿਹਾ ਕਿ ਮੈਂ ਰਾਜੇਵਾਲ ਨੂੰ ਆਫਰ ਕੀਤਾ ਸੀ ਕਿ ਜਿੰਨੀਆਂ ਸੀਟਾਂ ਬਾਕੀ ਬਚੀਆਂ ਹਨ ਉਨ੍ਹਾਂ ਵਿੱਚੋਂ ਤੁਸੀਂ ਆਪਣੀ ਪਸੰਦ ਦੀਆਂ 10-15 ਟਿਕਟਾਂ ਲੈ ਲਓ ਪਰ ਐਲਾਨ ਕੀਤੇ ਜਾ ਚੁੱਕੇ ਉਮੀਦਵਾਰਾਂ ਦੀਆਂ ਟਿਕਟਾਂ ਕੱਟਣੀਆਂ ਠੀਕ ਨਹੀਂ। ਕੇਜਰੀਵਾਲ ਨੇ ਕਿਹਾ ਕਿ ਇਸ ਨੁਕਤੇ 'ਤੇ ਦੋਹਾਂ ਧਿਰਾਂ ਵਿੱਚ ਸਹਿਮਤੀ ਨਹੀਂ ਬਣ ਪਾਈ ਜਿਸ ਕਾਰਨ 'ਆਪ' ਤੇ ਸੰਯੁਕਤ ਸਮਾਜ ਮੋਰਚਾ ਦਾ ਗਠਜੋੜ ਨਹੀਂ ਹੋ ਸਕਿਆ। ਕੇਜਰੀਵਾਲ ਨੇ ਇਹ ਵੀ ਸਵੀਕਾਰ ਕੀਤਾ ਕਿ ਸੰਯੁਕਤ ਸਮਾਜ ਮੋਰਚਾ ਦੇ ਚੋਣਾਂ ਲੜਨ ਨਾਲ ਆਮ ਆਦਮੀ ਪਾਰਟੀ ਦੀਆਂ ਵੋਟਾਂ 'ਤੇ ਜਰੂਰ ਅਸਰ ਪਵੇਗਾ।

## ਉਮਰ ਕੈਦ ਦੀ ਸਜਾ ਭੁਗਤ ਰਿਹੈ ਪਤੀ, ਪਤਨੀ ਨੇ ਵੰਸ਼ ਵਧਾਉਣ ਲਈ ਹਾਈ ਕੋਰਟ ਤੋਂ ਮੰਗੀ ਇਹ ਇਜਾਜਤ

ਚੰਡੀਗੜ੍ਹ , (ਪੱਤਰ ਪ੍ਰੇਰਕ)-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਇਕ ਵੱਖਰੀ ਕਿਸਮ ਦਾ ਮਾਮਲਾ ਪਹੁੰਚਿਆ ਹੈ। ਇਸ ਮਾਮਲੇ ਵਿੱਚ ਪਤਨੀ ਨੇ ਜੇਲ੍ਹ 'ਚ ਸਜਾ ਕੱਟ ਰਹੇ ਆਪਣੇ ਪਤੀ ਨਾਲ



ਸੰਬੰਧ ਬਣਾ ਕੇ ਵੰਸ ਵਧਾਉਣ ਦੀ ਇਜਾਜਤ ਮੰਗੀ ਹੈ। ਹਰਿਆਣਾ ਸਰਕਾਰ ਇਸ ਮਾਮਲੇ ਵਿੱਚ ਆਪਣਾ ਪੱਖ ਉਦੋਂ ਪੇਸ ਕਰੇਗੀ ਜਦੋਂ ਹਾਈ ਕੋਰਟ ਵਿੱਚ ਇਸ ਦੀ ਨਿਯਮਤ ਸੁਣਵਾਈ ਸੁਰੂ ਹੋਵੇਗੀ। ਮੰਗਲਵਾਰ ਨੂੰ ਜਸਟਿਸ ਐੱਮ. ਐੱਸ. ਰਾਮਚੰਦਰ ਰਾਓ ਅਤੇ ਜਸਟਿਸ ਐੱਚ. ਐੱਸ. ਮਦਾਨ ਦੀ ਬੈਂਚ ਨੇ ਕਿਹਾ ਕਿ ਸਿਰਫ ਨਿਯਮਤ ਬੈਂਚ ਨੂੰ ਹੀ ਇਸ ਮਾਮਲੇ ਦੀ ਸੁਣਵਾਈ ਕਰਨੀ ਚਾਹੀਦੀ ਹੈ। ਇਸ ਦੇ ਨਾਲ ਹੀ ਬੈਂਚ ਨੇ ਮਾਮਲੇ ਦੀ ਨਿਯਮਤ ਸੁਣਵਾਈ 27 ਜਨਵਰੀ ਤੱਕ ਮੁਲਤਵੀ ਕਰ ਦਿੱਤੀ ਹੈ ।ਇਸ ਤੋਂ ਪਹਿਲਾਂ ਹਰਿਆਣਾ ਸਰਕਾਰ ਨੇ ਹਾਈ ਕੋਰਟ ਨੂੰ ਦੱਸਿਆ ਸੀ ਕਿ ਜੇਲ੍ਹ ਵਿਭਾਗ ਨੇ ਕੈਦੀਆਂ ਨੂੰ ਵਿਆਹੁਤਾ ਸੰਬੰਧ ਬਣਾਉਣ ਅਤੇ ਫੈਮਿਲੀ ਵਿਜਿਓਲਿਟ ਦਾ ਪ੍ਰਬੰਧ ਕਰਨ ਲਈ ਵਿਸੇਸ ਪੈਰੋਲ ਦੀ ਆਗਿਆ ਦੇਣ ਦਾ ਫੈਸਲਾ ਕੀਤਾ ਹੈ। ਇਸ ਸਬੰਧੀ ਨਿਯਮ ਬਣਾਉਣ ਲਈ ਸੂਬਾ ਸਰਕਾਰ ਨੇ ਹਾਈ ਕੋਰਟ ਦੇ ਸੇਵਾਮੁਕਤ ਜਸਟਿਸ ਐੱਚ. ਐੱਸ. ਭੱਲਾ ਦੀ ਪ੍ਰਧਾਨਗੀ ਹੇਠ ਜੇਲ੍ਹ ਸੁਧਾਰ ਕਮੇਟੀ ਦਾ ਗਠਨ ਕੀਤਾ ਹੈ। ਜੇਲ੍ਹ ਸੁਧਾਰ ਕਮੇਟੀ ਕੈਦੀਆਂ ਲਈ ਵਿਆਹੁਤਾ ਸੰਬੰਧ ਬਣਾਉਣ, ਪਰਿਵਾਰਕ ਮੁਲਾਕਾਤਾਂ ਦਾ ਪ੍ਰਬੰਧ ਕਰਨ ਅਤੇ ਯੋਗ ਕੈਦੀਆਂ ਦੀਆਂ ਸ੍ਰੇਣੀਆਂ ਦੀ ਪਛਾਣ ਕਰਨ ਲਈ ਇੱਕ ਯੋਜਨਾ ਤਿਆਰ ਕਰੇਗੀ। ਕਮੇਟੀ ਨਿਯਮਾਂ/ਨੀਤੀਆਂ ਵਿੱਚ ਲੋੜੀਂਦੀਆਂ ਸੋਧਾਂ ਦੀ ਸਿਫਾਰਸ ਵੀ ਕਰੇਗੀ। ਦੱਸਣਯੋਗ ਹੈ ਕਿ ਔਰਤ ਦਾ ਪਤੀ ਕਤਲ ਦੇ ਮਾਮਲੇ 'ਚ ਉਮਰਕੈਦ ਦੀ ਸਜਾ ਕੱਟ ਰਿਹਾ ਹੈ ਪਰ ਉਹ ਵਿਆਹੁਤਾ ਸੰਬੰਧ ਬਣਾਉਣ ਲਈ ਅਰਜੀ ਦੇ ਸਕਦਾ ਹੈ, ਜਿਸ 'ਤੇ ਕਮੇਟੀ ਦੀ ਸਿਫਾਰਸ਼ ਅਨੁਸਾਰ ਨਿਰਣਾ ਲਿਆ ਜਾਵੇਗਾ। ਪਟੀਸਨ ਦਾਇਰ ਕਰਦਿਆਂ ਪਤਨੀ ਨੇ ਕਿਹਾ ਕਿ ਉਸ ਦਾ ਪਤੀ 28 ਅਗਸਤ 2018 ਤੋਂ ਭੋਂਡਸੀ ਜੇਲ੍ਹ, ਗੁਰੂਗ੍ਰਾਮ ਵਿੱਚ ਬੰਦ ਹੈ। ਉਸ ਨੂੰ ਸੰਤਾਨ ਚਾਹੀਦੀ ਹੈ ਤੇ ਉਹ ਆਪਣੇ ਪਤੀ ਨਾਲ ਸੰਬੰਧ ਬਣਾਉਣਾ ਚਾਹੁੰਦੀ ਹੈ। ਪਟੀਸਨਕਰਤਾ ਨੇ ਕਿਹਾ ਕਿ ਸੰਵਿਧਾਨ ਹਰ ਵਿਅਕਤੀ ਨੂੰ ਜੀਵਨ ਅਤੇ ਆਜਾਦੀ ਦਾ ਅਧਿਕਾਰ ਦਿੰਦਾ ਹੈ। ਇਨ੍ਹਾਂ ਅਧਿਕਾਰਾਂ ਵਿੱਚ ਪ੍ਰਜਣਨ ਦਾ ਅਧਿਕਾਰ ਵੀ ਸਾਮਲ ਹੈ।

## ਆਂਗਣਵਾੜੀ ਵਰਕਰਾਂ ਵਲੋਂ ਮਿੰਨੀ ਸਕੱਤਰੇਤ ਦੇ ਬਾਹਰ ਧਰਨਾ



ਸਿਰਸਾ, (ਪੱਤਰ ਪ੍ਰੇਰਕ)- ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਸਰਕਾਰੀ ਕਰਮਚਾਰੀ ਦਾ ਦਰਜਾ ਦਿੱਤੇ ਜਾਣ ਦੀ ਮੰਗ ਨੂੰ ਲੈ ਕੇ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦਾ ਮਿੰਨੀ ਸਕੱਤਰੇਤ ਦੇ ਬਾਹਰ ਅੱਜ ਵੀ ਧਰਨਾ ਜਾਰੀ ਰਿਹਾ . ਆਂਗਣਵਾੜੀ ਵਰਕਰ ਯੂਨੀਅਨ ਦੇ ਆਗੂਆਂ ਨੇ ਐਲਾਨ ਕੀਤਾ ਹੈ ਕਿ ਮੰਗਾਂ ਪੂਰੀਆਂ ਨਾ ਹੋਣ 'ਤੇ ਨੂੰ ਜੇਲ੍ਹ ਭਰੋ ਅੰਦੋਲਨ ਸੁਰੂ ਕੀਤਾ ਜਾਵੇਗਾ . ਹਜਾਰਾਂ ਆਂਗਣਵਾੜੀ ਵਰਕਰ ਤੇ ਹੈਲਪਰ ਜੇਲ੍ਹ ਭਰੋ ਅੰਦੋਲਨ 'ਚ ਸ਼ਿਕਾਇਤ ਕਰਨਗੀਆਂ . ਸਰਵ ਕਰਮਚਾਰੀ ਸੰਘ ਸਮੇਤ ਅਨੇਕ ਹੋਰ ਜਥੇਬੰਦੀਆਂ ਨੇ ਆਂਗਣਵਾੜੀ ਵਰਕਰਾਂ ਦੇ ਅੰਦੋਲਨ ਦੀ ਹਮਾਇਤ ਦਾ ਐਲਾਨ ਕੀਤਾ ਹੈ . ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਸਰਕਾਰੀ ਕਰਮਚਾਰੀ ਦਾ ਦਰਜਾ ਦਿੱਤੇ ਜਾਣ ਦੀ ਮੰਗ ਨੂੰ ਲੈ ਕੇ ਆਂਗਣਵਾੜੀ ਵਰਕਰਾਂ ਨੇ ਅੱਜ ਫਿਰ ਮਿੰਨੀ ਸਕੱਤਰੇਤ ਦੇ ਬਾਹਰ ਸਰਕਾਰ ਦਾ ਜੋਰਦਾਰ ਪਿੱਟ-ਸਿਆਪਾ ਕੀਤਾ ਤੇ ਸਰਕਾਰ ਖ਼ਿਲਾਫ ਨਾਅਰੇਬਾਜੀ ਕੀਤੀ . ਇਸ ਦੌਰਾਨ ਆਂਗਣਵਾੜੀ ਯੂਨੀਅਨ ਦੀ ਆਗੂ ਵੀਰੋ ਰਾਣੀ, ਪ੍ਰੋਮਿਲਾ, ਕ੍ਰਿਸਨਾ ਯਾਦਵ ਸਮੇਤ ਨੇ ਦੱਸਿਆ ਕਿ ਆਂਗਣਵਾੜੀ ਵਰਕਰ ਤੇ ਹੈਲਪਰ ਆਪਣੀਆਂ ਜਾਇਜ ਮੰਗਾਂ ਨੂੰ ਲੈ ਕੇ ਲੰਘੇ ਸਮੇਂ ਤੋਂ ਸੰਘਰਸ ਕਰ ਰਹੀਆਂ ਹਨ ਪਰ ਸਰਕਾਰ ਵੱਲੋਂ ਉਨ੍ਹਾਂ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਹੈ . ਸਰਕਾਰ ਹਰ ਵਾਰ ਆਂਗਣਵਾੜੀ ਯੂਨੀਅਨ ਦੇ ਆਗੂਆਂ ਨਾਲ ਗੱਲਬਾਤ ਕਰਕੇ ਆਪਣੀ ਹੀ ਕੀਤੀ ਗੱਲਬਾਤ ਤੋਂ ਭੱਜ ਰਹੀ ਹੈ . ਮੰਗਾਂ ਦਾ ਜਿਕਰ ਕਰਦਿਆਂ ਉਨ੍ਹਾਂ ਨੇ ਚਿਤਾਵਨੀ ਦਿੱਤੀ ਕਿ ਜੇ ਅੱਜ ਮੁੱਖ ਮੰਤਰੀ ਨੇ ਆਂਗਣਵਾੜੀ ਵਰਕਰਾਂ ਦੀਆਂ ਮੰਗਾਂ ਮੰਨੇ ਜਾਣ ਦਾ ਐਲਾਨ ਨਾ ਕੀਤਾ ਤਾਂ ਉਹ ਨੂੰ ਜੇਲ੍ਹ ਭਰੋ ਅੰਦੋਲਨ ਸੁਰੂ ਕਰਨਗੀਆਂ, ਹਜਾਰਾਂ ਵਰਕਰ ਤੇ ਹੈਲਪਰ ਅੰਦੋਲਨ 'ਚ ਸ਼ਿਕਾਇਤ ਕਰਨਗੀਆਂ . ਇਸੇ ਦੌਰਾਨ ਸਰਵ ਕਰਮਚਾਰੀ ਸੰਘ, ਰਿਟਾਇਰਡ ਕਰਮਚਾਰੀ ਸੰਘ ਸਮੇਤ ਕਈ ਹੋਰ ਕਰਮਚਾਰੀ ਜਥੇਬੰਦੀਆਂ ਤੇ ਕਿਸਾਨ ਜਥੇਬੰਦੀਆਂ ਨੇ ਆਂਗਣਵਾੜੀ ਵਰਕਰਾਂ ਦੇ ਅੰਦੋਲਨ ਦੀ ਹਮਾਇਤ ਕਰਨ ਦਾ ਐਲਾਨ ਕੀਤਾ ਹੈ . ਇਸ ਮੌਕੇ 'ਤੇ ਵੱਡੀ ਗਿਣਤੀ 'ਚ ਆਂਗਣਵਾੜੀ ਵਰਕਰ ਤੇ ਹੈਲਪਰ ਮੌਜੂਦ ਸਨ .

## ਕੋਵਿਡ 19 ਦੇ ਮਾਮਲਿਆਂ 'ਚ ਵਾਧੇ ਦੇ ਮੱਦੇਨਜ਼ਰ ਨਵੇਂ ਹੁਕਮ ਜਾਰੀ

ਐੱਸਏਐੱਸ ਨਗਰ , (ਪੱਤਰ ਪ੍ਰੇਰਕ)- ਕੋਵਿਡ 19 ਦੇ ਲਾਗਾਤਾਰ ਵੱਧ ਰਹੇ ਮਾਮਲਿਆਂ ਦੇ 'ਤੇ ਚਿੰਤਾ ਜ਼ਾਹਿਰ ਕਰਦੇ ਹੋਏ ਜ਼ਿਲ੍ਹਾ ਮੈਜਿਸਟ੍ਰੇਟ ਈਸ਼ਾ ਕਾਲੀਆ ਵੱਲੋਂ ਨਵੇ ਹੁਕਮ ਜਾਰੀ ਕੀਤੇ ਗਏ ਹਨ। ਨਵੇਂ ਹੁਕਮ ਜਾਰੀ ਕਰਦੇ ਹੋਏ ਜ਼ਿਲ੍ਹਾ ਮੈਜਿਸਟ੍ਰੇਟ ਨੇ ਦੱਸਿਆ ਕਿ ਹਫ਼ਤੇ ਦੇ ਸਾਰੇ ਦਿਨਾਂ 'ਚ ਰਾਤ 10 ਵਜੇ ਤਕ ਹੋਮ ਡਿਲਵਰੀ ਦੀ ਇਜਾਜ਼ਤ ਹੋਵੇਗੀ। ਉਨ੍ਹਾਂ ਦੱਸਿਆ ਕਿ ਪਹਿਲਾਂ ਜਾਰੀ ਕੀਤੇ ਹੁਕਮ ਉਸੇ ਤਰ੍ਹਾਂ ਜਾਰੀ ਰਹਿਣਗੇ।ਉਨ੍ਹਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ। ਇਹ ਹੁਕਮ 15 ਜਨਵਰੀ ਤਕ ਲਾਗੂ ਰਹਿਣਗੇ। ਡੀਸੀ ਈਸ਼ਾ ਕਾਲੀਆ ਨੇ ਦੱਸਿਆ ਕਿ ਜੇ ਕੋਈ ਕੋਵਿਡ 19 ਕਾਰਨ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਦਾ ਹੈ ਤਾਂ ਉਨ੍ਹਾਂ 'ਤੇ ਆਫ਼ਤ ਪ੍ਰਬੰਧਨ ਐਕਟ, 2005 ਤੇ ਭਾਰਤੀ ਦੰਡਾਵਲੀ, 1860 ਦੇ ਸਬੰਧਤ ਉਪਬੰਧਾਂ ਦੇ ਤਹਿਤ ਅਪਰਾਧਿਕ ਕਰਵਾਈ ਕੀਤੀ ਜਾਵੇਗੀ। ਇਸ ਤੋਂ ਇਲਾਵਾ ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜ਼ਿਆਦਾ ਭੀੜ- ਭਾੜ ਵਾਲੀਆਂ ਥਾਂਵਾਂ 'ਤੇ ਜਾਣ ਤੋਂ ਗੁਰੇਜ਼ ਕੀਤਾ ਜਾਵੇ।

## ਨਸਾ ਕਰਨਾ ਤੇ ਵੇਚਣਾ ਦੋਵੇਂ ਹੀ ਸਮਾਜ ਦੀਆਂ ਜੜ੍ਹਾਂ ਨੂੰ ਖੋਖਲਾ ਕਰ ਰਹੇ ਹਨ- ਡਾ. ਅਰਪਿਤ ਜੈਨ

ਸਿਰਸਾ, (ਪੱਤਰ ਪ੍ਰੇਰਕ)-ਸਿਰਸਾ ਜ਼ਿਲ੍ਹਾ ਦੇ ਪਿੰਡ ਪੰਨੀਵਾਲਾ ਮੋਟਾ ਵਿਚ ਨਸਾ ਮੁਕਤੀ ਪ੍ਰੋਗਰਾਮ ਦੇ ਤਹਿਤ ਆਪਰੇਸਨ ਕਲੀਨ ਅਭਿਆਨ ਕਰਵਾਇਆ ਗਿਆ . ਇਸ ਪ੍ਰੋਗਰਾਮ ਵਿਚ ਮੁੱਖ ਮਹਿਮਾਨ ਦੇ ਰੂਪ ਵਿਚ ਸਿਰਸਾ ਦੇ ਐੱਸ. ਪੀ. ਡਾਕਟਰ ਅਰਪਿਤ ਜੈਨ ਸਨ . ਇਸ ਮੌਕੇ ਉਨ੍ਹਾਂ ਕਿਹਾ ਕਿ ਸਾਡੇ ਸਮਾਜ ਵਿਚ ਦਿਨੋਂ ਦਿਨ ਨਸਾ ਵਧਦਾ ਜਾ ਰਿਹਾ ਹੈ . ਇਸ ਭਿਆਨਕ ਰੋਗ ਨੂੰ ਰੋਕਣ ਲਈ ਸਮਾਜ ਦੇ ਲੋਕਾਂ ਨੂੰ ਅੱਗੇ ਆਉਣਾ ਪਵੇਗਾ, ਸਮਾਜ ਦੀ ਭੂਮਿਕਾ ਨਾਲ ਹੀ ਇਸ 'ਤੇ ਸਿਕੰਜਾ ਕੱਸਿਆ ਜਾ ਸਕਦਾ ਹੈ . ਉਨ੍ਹਾਂ ਕਿਹਾ ਕਿ ਨਸਾ ਕਰਨਾ ਤੇ ਨਸਾ ਵੇਚਣਾ ਦੋਵੇਂ ਹੀ ਸਾਡੇ ਸਮਾਜ ਦੀਆਂ ਜੜਾਂ ਨੂੰ ਖੋਖਲਾ ਕਰਦੇ ਜਾ ਰਹੇ ਹਨ . ਇਸ ਲਈ ਇਸ ਬੁਰਾਈ 'ਤੇ ਸਾਨੂੰ ਛੇਤੀ ਤੋਂ ਛੇਤੀ ਖਤਮ ਕਰਨਾ ਹੋਵੇਗਾ . ਇਸ ਲਈ ਨੌਜਵਾਨਾਂ, ਗਰਾਮ ਪੰਚਾਇਤਾਂ ਤੇ ਸਮਾਜਸੇਵੀ ਸੰਸਥਾਵਾਂ ਨੂੰ ਅੱਗੇ ਆਉਣਾ ਪਵੇਗਾ ਤਾਂਕਿ ਸਾਡੀ ਨੌਜਵਾਨ ਪੀੜ੍ਹੀ ਨੂੰ ਜੋ ਇਸ ਨਸੇ ਦੀ ਲਪੇਟ ਤੋਂ ਬਚਾਇਆ ਜਾ ਸਕੇ ਤੇ ਸਮਾਜ ਦੀ ਮੁੱਖਧਾਰਾ ਨਾਲ ਜੋੜਿਆ ਜਾ ਸਕੇ . ਇਸ ਦੌਰਾਨ ਡਾ. ਅਰਪਿਤ ਜੈਨ ਨੇ ਮੌਜੂਦ ਸਾਰੇ ਨੌਜਵਾਨਾਂ ਅਤੇ ਸਮਾਜ ਸੇਵੀ ਸੰਸਥਾਵਾਂ ਨੂੰ ਨਸੇ ਦੇ ਖਿਲਾਫ ਸਹੁੰ ਚੁਕਾਈ . ਇਸ ਪ੍ਰੋਗਰਾਮ ਵਿੱਚ ਡੀ.ਐੱਸ.ਪੀ. ਕੁਲਦੀਪ ਸਿੰਘ ਬੈਨੀਵਾਲ, ਧਰਮਵੀਰ ਸਿੰਘ, ਥਾਣਾ ਔਢਾਂ ਦੇ ਮੁਖੀ ਕਾਸੀਰਾਮ ਬੈਨੀਵਾਲ, ਸਰਪੰਚ ਵਿਨੋਦ ਕੁਮਾਰ ਸਹਾਰਣ, ਜੋਤੀ, ਕਾਲੂਆਨਾ ਦੀ ਸਰਪੰਚ ਗੀਤਾ ਦੇਵੀ, ਇੰਦਰਪਾਲ ਸਹਾਰਣ, ਗਊਸਾਲਾ ਪ੍ਰਧਾਨ ਆਦ ਰਾਮ ਸਹਾਰਣ, ਪ੍ਰਦੀਪ ਬੇਨੀਵਾਲ, ਕਰਨ ਡੂਡੀ, ਲਾਲਾ ਰਾਮ ਡੂਡੀ, ਨਰੇਸ ਡੂਡੀ ਤੇ ਰਾਜਿੰਦਰ ਕੜਵਾਸਰਾ ਆਦਿ ਮੌਜੂਦ ਸਨ .

## ਸਰਹਿੰਦ ਸਹਿਰ ਦੇ ਬਾਬਾ ਜੋਰਾਵਰ ਸਿੰਘ ਨਗਰ 'ਚ ਸਫਾਈ ਦਾ ਬੁਰਾ ਹਾਲ

ਫਤਹਿਗੜ੍ਹ ਸਾਹਿਬ, (ਪੱਤਰ ਪ੍ਰੇਰਕ)-ਬਾਬਾ ਜੋਰਾਵਰ ਸਿੰਘ ਨਗਰ ਵਾਰਡ ਨੰ-21 ਸਰਹਿੰਦ ਸਹਿਰ 'ਚ ਸਫਾਈ ਦਾ ਬੁਰਾ ਹਾਲ ਹੈ ਅਤੇ ਥਾਂ-ਥਾਂ ਤੇ ਕੂੜੇ ਦੀਆਂ ਢੇਰੀਆਂ ਲੱਗੀਆਂ ਹੋਈਆਂ ਹਨ . ਅਕਤੂਬਰ 2021 'ਚ ਇਸ ਮੁਹੱਲੇ 'ਚ ਸਫਾਈ ਕਰਨ ਲਈ ਜੋ ਸਫਾਈ ਸੇਵਿਕਾ ਆਉਂਦੀ ਸੀ . ਉਸ ਦੀ ਬਦਲੀ ਕਰਕੇ ਮਨਸੂਰੀ ਟੋਭਾ ਵਿਖੇ ਲਾ ਦਿੱਤਾ ਗਿਆ ਹੈ . ਉਸ ਦੀ ਥਾਂ ਤੇ ਕੋਈ ਵੀ ਸਫਾਈ ਸੇਵਕ ਇਸ ਬਾਬਾ ਜੋਰਾਵਰ ਸਿੰਘ ਨਗਰ 'ਚ ਨਹੀਂ ਲਗਾਇਆ ਗਿਆ . ਕਈ ਵਾਰ ਇਸ ਵਾਰਡ ਦੇ ਕੌਂਸਲਰ ਅਤੇ ਦੂਜੇ ਵਾਰਡ ਦੇ ਕੌਂਸਲਰ ਜੋ ਇੱਥੋਂ ਸਫਾਈ ਸੇਵਕਾਂ ਨੂੰ ਬਦਲ ਕੇ ਆਪਣੇ ਵਾਰਡ 'ਚ ਲੈ ਗਏ ਸਨ . ਉਨ੍ਹਾਂ ਨੂੰ ਵੀ ਇਸ ਸਬੰਧੀ ਕਈ ਵਾਰ ਆਖਿਆ ਗਿਆ ਹੈ, ਪ੍ਰੰਤੂ ਉਨ੍ਹਾਂ ਨੇ ਵੀ ਕੋਈ ਮਸਲਾ ਹੱਲ ਨਹੀਂ ਕੀਤਾ, ਜਦੋਂ ਕਿ ਸਾਰੇ ਵਾਰਡਾਂ ਦੇ ਕੌਂਸਲਰਾਂ ਕੋਲ 4-4 ਸਫਾਈ ਸੇਵਕ ਨਗਰ ਕੌਂਸਲ ਵਲੋਂ ਪੱਕੇ ਤੌਰ 'ਤੇ ਦਿੱਤੇ ਹੋਏ ਹਨ .

## ਕਿਸਾਨਾਂ ਲਈ ਸਿਰਦਰਦੀ ਬਣਿਆ ਮੀਂਹ ਦਾ ਪਾਣੀ



ਪਾਤੜਾਂ , (ਪੱਤਰ ਪ੍ਰੇਰਕ)- ਪੋਹ ਦੇ ਮਹੀਨੇ ਹੋਈ ਭਾਰੀ ਬਰਸਾਤ ਕਾਰਨ ਨੀਵੀਆਂ ਥਾਵਾਂ ਤੇ ਹਾੜ੍ਹੀ ਦੀਆਂ ਫ਼ਸਲਾਂ 'ਚ ਭਰਿਆ ਪਾਣੀ ਕਿਸਾਨਾਂ ਲਈ ਅਜੇ ਵੀ ਮੁਸੀਬਤ ਬਣਿਆ ਹੋਇਆ ਹੈ। ਇਸ ਵਾਰ ਸਰਦੀ ਦੇ ਮੌਸਮ ਦੌਰਾਨ ਠੰਢ ਨਾ ਪੈਣ ਕਰ ਕੇ ਕਣਕ ਦੇ ਝਾੜ ਵਿਚ ਖੇਤੀਬਾੜੀ ਮਾਹਿਰਾਂ ਵੱਲੋਂ ਆਉਣ ਵਾਲੀ ਸੰਭਾਵੀ ਗਿਰਾਵਟ ਤੋਂ ਪ੍ਰੇਸ਼ਾਨ ਕਿਸਾਨਾਂ ਨੂੰ ਹੁਣ ਖੇਤਾਂ 'ਚ ਮੀਂਹ ਦਾ ਪਾਣੀ ਭਰ ਜਾਣ ਕਾਰਨ ਕਣਕ ਦੀ ਫ਼ਸਲ ਖ਼ਰਾਬ ਹੋਣ ਦਾ ਡਰ ਵੱਢ-ਵੱਢ ਖਾਣ ਲੱਗਾ ਹੈ। ਕਈ ਦਿਨਾਂ ਤੋਂ ਖੇਤਾਂ ਵਿਚ ਖੜ੍ਹੇ ਪਾਣੀ ਕਾਰਨ ਕਣਕਾਂ ਦਾ ਰੰਗ ਪੀਲਾ ਪੈਣਾ ਸ਼ੁਰੂ ਹੋ ਗਿਆ ਹੈ। ਫ਼ਸਲਾਂ ਨੂੰ ਬਚਾਉਣ ਲਈ ਕਣਕ ਦੇ ਖੇਤਾਂ ਵਿੱਚ ਜੇਸੀਬੀ ਨਾਲ ਡੂੰਘੇ ਟੋਏ ਪੁੱਟਣ ਅਤੇ ਇੰਜਣਾਂ ਦੀ ਮਦਦ ਨਾਲ ਪਾਣੀ ਰਜਬਾਹਿਆਂ ਵਿੱਚ ਸੁੱਟਣ ਲਈ ਕਿਸਾਨਾਂ ਨੂੰ ਭਾਰੀ ਮੁਸ਼ੱਕਤ ਕਰਨੀ ਪੈ ਰਹੀ ਹੈ ।ਸਬ ਡਵੀਜ਼ਨ ਪਾਤੜਾਂ ਦੇ ਘੱਗਰ ਦੇ ਕੰਢਿਆਂ ਨੇੜੇ ਵਸੇ ਜ਼ਿਆਦਾਤਰ ਪਿੰਡਾਂ ਦੀ ਸਖ਼ਤ ਕਿਸਮ ਦੀ ਜ਼ਮੀਨ ਹੈ ਉਥੇ ਕਣਕ ਸਮੇਤ ਹੋਰ ਫ਼ਸਲਾਂ ਵਿੱਚ ਬਰਸਾਤ ਦਾ ਭਰਿਆ ਪਾਣੀ ਮਾਰੂ ਸਾਬਤ ਹੋ ਰਿਹਾ ਹੈ। ਘੱਗਰ ਪੱਟੀ ਦੇ ਪਿੰਡ ਨਾਈਵਾਲਾ, ਗੁਲਾੜ੍ਹ, ਜੋਗੇਵਾਲਾ, ਸ਼ੁਤਰਾਣਾ, ਕਰਤਾਰਪੁਰ, ਰਸੌਲੀ, ਸਧਾਰਨਪੁਰ ਸਮੇਤ ਦਰਜਨ ਤੋਂ ਵੱਧ ਹੋਰ ਪਿੰਡਾਂ 'ਚ ਹਜ਼ਾਰਾਂ ਏਕੜ ਫ਼ਸਲਾਂ 'ਚ ਪਾਣੀ ਖੜ੍ਹਾ ਹੋਇਆ ਹੈ। ਪਿੰਡ ਗੁਲਾੜ ਵਾਸੀ ਸੁਖਪਾਲ ਸਿੰਘ, ਗਗਨਦੀਪ ਸਿੰਘ ਤੇ ਸੁਧਪਾਲ ਸਿੰਘ ਜੋਗੇਵਾਲ ਨੇ ਦੱਸਿਆ ਕਿ ਪਹਿਲਾਂ ਤੋਂ ਹੀ ਕਰਜ਼ੇ ਦੀ ਦਲਦਲ 'ਚ ਧਸੀ ਕਿਸਾਨੀ ਨੂੰ ਕੁਦਰਤ ਦੀ ਮਾਰ ਕਾਰਨ ਵੱਡੇ ਆਰਥਿਕ ਘਾਟੇ ਝੱਲਣੇ ਪੈ ਰਹੇ ਹਨ ਪਰ ਸਰਕਾਰਾਂ ਘਾਟੇਵੰਦਾ ਸੌਦਾ ਬਣ ਚੁੱਕੀ ਕਿਰਸਾਨੀ ਨੂੰ ਬਚਾਉ ਦੀ ਬਜਾਇ ਇਸ ਤੋਂ ਪਾਸਾ ਵੱਟ ਰਹੀਆਂ ਹਨ। ਇਸ ਦੌਰਾਨ ਕੁਦਰਤ ਦੀ ਕਰੋਪੀ ਦਾ ਕਹਿਰ ਝੱਲ ਰਹੇ ਕਿਸਾਨਾਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਦਿਆਂ ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਕੁਲਵੰਤ ਸਿੰਘ ਮੌਲਵੀਵਾਲਾ ਨੇ ਕਿਹਾ ਕਿ ਚੋਣ ਜ਼ਾਬਤਾ ਲੱਗ ਜਾਣ ਕਰਕੇ ਭਾਵੇਂ ਸਰਕਾਰ ਦੇ ਹੱਥ ਬੰਨ੍ਹੇ ਗਏ ਹਨ ਪਰ ਆਉਣ ਵਾਲੀ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਕਿਸਾਨਾਂ ਨੂੰ ਰਾਹਤ ਦੇਣ ਲਈ ਯੋਗ ਮੁਆਵਜ਼ਾ ਦਿੱਤਾ ਜਾਵੇ।

## ਕਾਂਗਰਸੀ ਉਮੀਦਵਾਰਾਂ ਲਈ ਸਹਿਮਤੀ ਨਾ ਬਣਨ ਤੋਂ ਬਾਅਦ ਫਿਰ ਹੋਵੇਗੀ ਦੀ ਮੀਟਿੰਗ

ਚੰਡੀਗੜ੍ਹ, (ਪੱਤਰ ਪ੍ਰੇਰਕ)- ਟਿਕਟਾਂ ਦੀ ਵੰਡ ਨੂੰ ਲੈ ਕੇ ਕਾਂਗਰਸ ਦੀ ਸੈਂਟਰਲ ਇਲੈਕਸ਼ਨ ਕਮੇਟੀ (ਸੀਈਸੀ) ਦੀ ਮੀਟਿੰਗ ਵਿਚ ਸਕ੍ਰੀਨਿੰਗ ਕਮੇਟੀ ਦੇ ਮੈਂਬਰ ਵੰਡੇ ਗਏ। ਇਕ ਦੇ ਬਾਅਦ ਇਕ ਸੀਟਾਂ 'ਤੇ ਸਕ੍ਰੀਨਿੰਗ ਕਮੇਟੀ ਦੇ ਮੈਂਬਰਾਂ ਦੀ ਵੱਖੋ-ਵੱਖ ਰਾਇ ਨੂੰ ਦੇਖਦੇ ਹੋਏ ਇਕ ਘੰਟੇ ਤਕ ਚੱਲੀ ਸੀਈਸੀ ਮੀਟਿੰਗ ਵਿਚ ਕੋਈ ਫੈਸਲਾ ਨਹੀਂ ਹੋ ਸਕਿਆ। ਇਸ ਦੇ ਬਾਅਦ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਨੇ ਸਕ੍ਰੀਨਿੰਗ ਕਮੇਟੀ ਨੂੰ ਨਿਰਦੇਸ਼ ਦਿੱਤੇ ਕਿ ਉਹ ਮੁੜ ਵਿਚਾਰ ਕਰ ਕੇ ਸੀਈਸੀ ਦੇ ਅੱਗੇ ਆਵੇ। ਹੁਣ ਇਹ ਮੀਟਿੰਗ ਸ਼ੁੱਕਰਵਾਰ ਨੂੰ ਹੋਵੇਗੀ। ਜਾਣਕਾਰੀ ਅਨੁਸਾਰ ਤਕਰੀਬਨ ਇਕ ਘੰਟਾ ਚੱਲੀ ਮੀਟਿੰਗ ਦੌਰਾਨ ਇਕ ਦੇ ਬਾਅਦ ਇਕ, ਕਈ ਸੀਟਾਂ 'ਤੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਤੇ ਸੀਨੀਅਰ ਆਗੂ ਸੁਨੀਲ ਜਾਖੜ ਵਿਚਕਾਰ ਮਤਭੇਦ ਉਭਰ ਕੇ ਸਾਹਮਣੇ ਆਏ। ਪਾਰਟੀ ਸੂਤਰਾਂ ਅਨੁਸਾਰ ਮੁੱਖ ਮੰਤਰੀ ਨੇ ਆਦਮਪੁਰ ਸੀਟ 'ਤੇ ਸੀਨੀਅਰ ਆਗੂ ਮੋਹਿੰਦਰ ਸਿੰਘ ਕੇਪੀ ਦਾ ਨਾਂ ਲਿਆ ਜਦਕਿ ਇਸ ਸੀਟ ਨੂੰ ਲੈ ਕੇ ਚਰਚਾ ਇਹ ਵੀ ਚੱਲ ਰਹੀ ਸੀ ਕਿ ਚੰਨੀ ਚਮਕੌਰ ਸਾਹਿਬ ਤੋਂ ਇਲਾਵਾ ਆਦਮਪੁਰ ਸੀਟ 'ਤੇ ਵੀ ਚੋਣ ਲੜਨਾ ਚਾਹੁੰਦੇ ਹਨ। ਚਰਚਾ ਸੀ ਕਿ ਚੰਨੀ ਦੇ ਆਦਮਪੁਰ ਸੀਟ ਤੋਂ ਲੜਨ ਨਾਲ ਦੁਆਬਾ ਦੇ ਐੱਸਸੀ ਵੋਟ ਬੈਂਕ ਨੂੰ ਇਕਜੁੱਟ ਕੀਤਾ ਜਾ ਸਕਦਾ ਹੈ। ਪਾਰਟੀ ਪਹਿਲਾਂ ਇਸ ਸੀਟ ਤੋਂ ਜਲੰਧਰ ਪੱਛਮੀ ਦੇ ਵਿਧਾਇਕ ਸੁਸ਼ੀਲ ਰਿੰਕੂ ਨੂੰ ਲੜਾਉਣਾ ਚਾਹੁੰਦੀ ਸੀ ਤੇ ਜਲੰਧਰ ਪੱਛਮੀ ਤੋਂ ਮੋਹਿੰਦਰ ਸਿੰਘ ਕੇਪੀ ਨੂੰ। ਕੇਪੀ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਨਜ਼ਦੀਕੀ ਰਿਸ਼ਤੇਦਾਰ ਵੀ ਹਨ। ਜਾਣਕਾਰੀ ਅਨੁਸਾਰ ਪਾਰਟੀ ਦੇ ਅੰਦਰੂਨੀ ਸਰਵੇਖਣ ਵਿਚ ਰਿੰਕੂ ਮਜ਼ਬੂਤ ਉਮੀਦਵਾਰ ਬਣ ਕੇ ਸਾਹਮਣੇ ਆਏ। ਨਵਜੋਤ ਸਿੰਘ ਸਿੱਧੂ ਵੀ ਇਸ ਹੱਕ ਵਿਚ ਸਨ ਕਿ ਰਿੰਕੂ ਨੂੰ ਆਦਮਪੁਰ ਸੀਟ ਤੋਂ ਲੜਾਇਆ ਜਾਵੇ ਪਰ ਸੀਈਸੀ ਦੀ ਮੀਟਿੰਗ ਵਿਚ ਚੰਨੀ ਨੇ ਖ਼ੁਦ ਕੇਪੀ ਦਾ ਨਾਂ ਲਿਆ। ਇਸੇ ਤਰ੍ਹਾਂ ਗੜ੍ਹਸ਼ੰਕਰ ਸੀਟ 'ਤੇ ਵੀ ਪੰਜਾਬ ਦੇ ਆਗੂਆਂ ਵਿਚਕਾਰ ਮਤਭੇਦ ਉੱਭਰ ਕੇ ਸਾਹਮਣੇ ਆਏ। ਮੁੱਖ ਮੰਤਰੀ ਤੇ ਸਿੱਧੂ ਨਿਮਿਸ਼ਾ ਮਹਿਤਾ ਦੀ ਹਮਾਇਤ ਵਿਚ ਸੀ ਤਾਂ ਸੁਨੀਲ ਜਾਖੜ ਯੂਥ ਕਾਂਗਰਸ ਦੇ ਸਾਬਕਾ ਸੂਬਾ ਪ੍ਰਧਾਨ ਅਮਰਪ੍ਰੀਤ ਸਿੰਘ ਲਾਲੀ ਦੀ ਹਮਾਇਤ 'ਚ। ਨਿਮਿਸ਼ਾ 2017 'ਚ ਚੋਣ ਹਾਰ ਗਏ ਸਨ। ਪਾਰਟੀ ਸੂਤਰ ਦੱਸਦੇ ਹਨ ਕਿ ਇਕ ਦੇ ਬਾਅਦ ਇਕ ਕਈ ਸੀਟਾਂ 'ਤੇ ਪਾਰਟੀ ਆਗੂਆਂ ਵਿਚਕਾਰ ਮਤਭੇਦ ਉੱਭਰ ਕੇ ਸਾਹਮਣੇ ਆਏ।



## ਟਿਕਟਾਂ ਵੇਚਣ ਵਾਲੇ ਕੱਲ੍ਹ ਨੂੰ ਲਾਉਣਗੇ ਪੰਜਾਬ ਦੀ ਬੋਲੀ : ਜਲਾਲਪੁਰ



ਘਨੌਰ , (ਪੱਤਰ ਪ੍ਰੇਰਕ)-ਹਲਕਾ ਘਨੌਰ 'ਚ ਕਾਂਗਰਸ ਪਾਰਟੀ ਨੂੰ ਉਸ ਵੇਲੇ ਭਰਵਾਂ ਹੁੰਗਾਰਾ ਮਿਲਿਆ ਜਦ ਪਿੰਡ ਅਲੀਮਾਜਰਾ ਦੇ ਕਾਂਗਰਸ ਛੱਡ ਕੇ 'ਆਪ' ਨਾਲ ਜੁੜੇ ਅੱਧਾ ਦਰਜਨ ਤੋਂ ਵੱਧ ਨੌਜਵਾਨਾਂ ਨੇ ਆਪਣੀ ਘਰ ਵਾਪਸੀ ਕਰ ਲਈ ਹੈ। ਇਸ ਦੌਰਾਨ ਹਲਕਾ ਘਨੌਰ ਦੇ ਵਿਧਾਇਕ ਮਦਨ ਲਾਲ ਜਲਾਲਪੁਰ ਦੇ ਸਪੁੱਤਰ ਗਗਨਦੀਪ ਸਿੰਘ ਜਲਾਲਪੁਰ ਨੇ ਕਾਂਗਰਸ ਪਾਰਟੀ 'ਚ ਮੁੜ ਪਰਤੇ ਸੰਦੀਪ ਸਿੰਘ ਸ਼ਨੀ, ਅਜਮੇਰ ਸਿੰਘ ਜੋਨੀ, ਅੰਗਰੇਜ ਸਿੰਘ ਸੋਨੀ, ਬਲਵਿੰਦਰ ਸਿੰਘ, ਸੁੱਚਾ ਸਿੰਘ ਤੇ ਭੋਲੂ ਦਾ ਸਵਾਗਤ ਕੀਤਾ। ਇਸ ਮੌਕੇ ਬੂਟਾ ਸਿੰਘ ਅਲੀਮਾਜਰਾ ਨੂੰ ਪਾਰਟੀ ਦੇ ਜਿਲ੍ਹਾ ਜਨਰਲ ਸਕੱਤਰ ਵਜੋਂ ਨਿਯੁਕਤੀ ਪੱਤਰ ਦਿੱਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਗਗਨਦੀਪ ਸਿੰਘ ਜਲਾਲਪੁਰ ਨੇ ਕਿਹਾ ਅੱਜ ਟਿਕਟਾਂ ਵੇਚਣ ਵਾਲੀ ਪਾਰਟੀ ਕੱਲ੍ਹ ਨੂੰ ਪੰਜਾਬ ਨੂੰ ਵੀ ਬੋਲੀ ਲਾ ਕੇ ਵੇਚ ਸਕਦੀ ਹੈ। ਇਸ ਮੌਕੇ ਯੂਥ ਕਾਂਗਰਸ ਘਨੌਰ ਦੇ ਪ੍ਰਧਾਨ ਇੰਦਰਜੀਤ ਸਿੰਘ ਗਿਫ਼ਟੀ, ਲੱਖਾ ਸਰਪੰਚ ਕਬੂਲਪੁਰ, ਹਰਦੇਵ ਸਿੰਘ ਬਿੱਟਾ ਸਰਪੰਚ ਅਲੀਮਾਜਰਾ, ਜਗਤਾਰ ਸਿੰਘ ਬਪਰੌਰ, ਭੁਪਿੰਦਰ ਸਿੰਘ ਬਪਰੌਰ, ਨਸੀਬ ਸਿੰਘ, ਗੁਰਨਾਮ ਸਿੰਘ ਨੰਬਰਦਾਰ, ਹਜ਼ਾਰਾ ਸਿੰਘ ਤੇ ਸੁਰਜੀਤ ਸਿੰਘ ਪੰਚ ਵੀ ਹਾਜ਼ਰ ਸਨ।

## ਅਕਾਲੀ ਦਲ ਬਾਦਲ ਨੂੰ ਛੱਡ ਕੋਹਲੀ ਪਰਿਵਾਰ ਆਮ ਆਦਮੀ ਪਾਰਟੀ 'ਚ ਹੋਇਆ ਸ਼ਾਮਲ



ਚੰਡੀਗੜ੍ਹ/ ਪਟਿਆਲਾ , (ਪੱਤਰ ਪ੍ਰੇਰਕ)- ਆਮ ਆਦਮੀ ਪਾਰਟੀ (ਆਪ) ਪੰਜਾਬ ਨੂੰ ਅੱਜ ਵੱਡਾ ਹੁਲਾਰਾ ਮਿਲਿਆ ਜਦੋਂ ਪਟਿਆਲਾ ਦੇ ਪ੍ਰਸਿੱਧ ਰਾਜਸੀ ਅਤੇ ਟਕਸਾਲੀ ਅਕਾਲੀ 'ਕੋਹਲੀ ਪਰਿਵਾਰ' ਨੇ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਅਲਵਿਦਾ ਆਖ ਕੇ 'ਆਪ' ਦੇ ਪਰਿਵਾਰ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। ਜ਼ਿਕਰਯੋਗ ਹੈ ਕਿ ਪਟਿਆਲਾ ਦਾ ਕੋਹਲੀ ਪਰਿਵਾਰ ਲੰਮੇ ਸਮੇਂ ਤੋਂ ਪੰਜਾਬ ਦੀ ਰਾਜਨੀਤੀ ਵਿੱਚ ਸਰਗਰਮ ਰਿਹਾ ਹੈ ਅਤੇ ਇਸ ਪਰਿਵਾਰ ਨੇ ਪਟਿਆਲੇ ਦੇ ਕੌਂਸਲ ਪ੍ਰਧਾਨ ਤੋਂ ਲੈ ਕੇ ਪੰਜਾਬ ਮੰਤਰੀ ਤੱਕ ਅਹੁਦੇ 'ਤੇ ਸੇਵਾ ਨਿਭਾਈ ਹੈ। ਵੀਰਵਾਰ ਨੂੰ ਚੰਡੀਗੜ੍ਹ ਵਿਖੇ ਕੋਹਲੀ ਪਰਿਵਾਰ ਦੇ ਫ਼ਰਜ਼ੰਦ ਅਤੇ ਪਟਿਆਲਾ ਦੇ ਸਾਬਕਾ ਮੇਅਰ ਅਜੀਤਪਾਲ ਸਿੰਘ ਕੋਹਲੀ ਨੇ ਆਮ ਆਦਮੀ ਪਾਰਟੀ ਵਿੱਚ ਸ਼ਮੂਲੀਅਤ ਕੀਤੀ। 'ਆਪ' ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਅਜੀਤਪਾਲ ਸਿੰਘ ਕੋਹਲੀ ਦਾ ਰਸਮੀ ਤੌਰ 'ਤੇ ਪਾਰਟੀ ਵਿੱਚ ਸਵਾਗਤ ਕੀਤਾ ਅਤੇ ਉਨ੍ਹਾਂ ਉਮੀਦ ਪ੍ਰਗਟਾਈ ਕਿ ਅਜੀਤਪਾਲ ਸਿੰਘ ਕੋਹਲੀ ਦੇ 'ਆਪ' ਵਿੱਚ ਸ਼ਾਮਲ ਹੋਣ ਨਾਲ ਪਾਰਟੀ ਨੂੰ ਪਟਿਆਲਾ ਸ਼ਹਿਰ ਦੇ ਨਾਲ ਨਾਲ ਸਮੁਚੇ ਪੰਜਾਬ ਵਿੱਚ ਰਾਜਸੀ ਲਾਭ ਮਿਲੇਗਾ। ਇਸ ਮੌਕੇ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਉਨ੍ਹਾਂ ਦੇ ਪਿਤਾ ਸੁਰਜੀਤ ਸਿੰਘ ਕੋਹਲੀ ਅਤੇ ਦਾਦਾ ਸਰਦਾਰਾ ਸਿੰਘ ਕੋਹਲੀ ਨੇ ਸ਼੍ਰੋਮਣੀ ਅਕਾਲੀ ਦਲ 'ਚ ਰਹਿ ਪੰਥ ਅਤੇ ਪੰਜਾਬ ਦੀ ਸੇਵਾ ਕੀਤੀ ਹੈ। ਉਨ੍ਹਾਂ ਦੇ ਪਿਤਾ ਅਤੇ ਦਾਦਾ ਨੇ ਪਟਿਆਲਾ ਸ਼ਹਿਰ ਦੀ ਨਗਰ ਕੌਂਸਲ ਪ੍ਰਧਾਨ, ਪੰਜਾਬ ਦੇ ਵਿਧਾਇਕ ਅਤੇ ਮੰਤਰੀ ਵੀ ਰਹੇ ਹਨ। ਅਜੀਤਪਾਲ ਸਿੰਘ ਕੋਹਲੀ ਨੇ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਹੁਣ ਪਹਿਲਾ ਜਿਹਾ ਨਹੀਂ ਰਿਹਾ। ਅਕਾਲੀ ਦਲ ਬਾਦਲ ਕੋਲ ਨੌਜਵਾਨਾਂ ਲਈ ਕੋਈ ਚੰਗੀ ਨੀਅਤ ਅਤੇ ਨੀਤੀ ਨਹੀਂ ਹੈ। ਦੂਜੇ ਪਾਸੇ ਅਰਵਿੰਦ ਕੇਜਰੀਵਾਲ ਅੱਜ ਪੰਜਾਬ ਦੇ ਨੌਜਵਾਨਾਂ ਦੇ ਅਦਰਸ਼ ਬਣੇ ਹੋਏ ਹਨ, ਜਿਸ ਕਰਕੇ ਉਨ੍ਹਾਂ ਅਕਾਲੀ ਦਲ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਫ਼ੈਸਲਾ ਕੀਤਾ ਹੈ।

## ਨਸ਼ਾ ਛੱਡਣ ਆਏ ਮਰੀਜ਼ਾਂ ਨੇ ਕੀਤੀ ਨਾਅਰੇਬਾਜ਼ੀ



ਰਾਜਪੁਰਾ , (ਪੱਤਰ ਪ੍ਰੇਰਕ)- ਸਿਵਲ ਹਸਪਤਾਲ 'ਚ ਸਥਿਤ ਨਸ਼ਾ ਮੁਕਤੀ ਕੇਂਦਰ (ਓਟਸ ਕਲੀਨਿਕ) ਅੱਗੇ ਨਸ਼ਾ ਛੱਡਣ ਦੀ ਦਵਾਈ ਨਾ ਮਿਲਣ ਕਾਰਨ ਦਰਜਨਾਂ ਨਸ਼ਾ ਛੱਡਣ ਆਏ ਵਿਅਕਤੀਆਂ ਨੇ ਪੰਜਾਬ ਸਰਕਾਰ ਤੇ ਸਿਹਤ ਵਿਭਾਗ ਦੇ ਖਿਲਾਫ ਨਾਅਰੇਬਾਜ਼ੀ ਕੀਤੀ। ਇਸ ਮੌਕੇ ਇਕੱਤਰ ਵੱਖ-ਵੱਖ ਪਿੰਡਾਂ ਤੋਂ ਆਏ ਨੌਜਵਾਨਾਂ ਤੇ ਬਜ਼ੁਰਗਾਂ ਨੇ ਆਪਣਾ ਨਾਂ ਨਾ ਛਾਪਣ ਦੀ ਸ਼ਰਤ 'ਤੇ ਆਪਣੀ ਹੱਡ ਬੀਤੀ ਸੁਣਾਉਂਦਿਆ ਦੱਸਿਆ ਕਿ ਉਹ ਪਹਿਲਾਂ ਨਸ਼ਾ ਕਰਦੇ ਸੀ ਤੇ ਜਦ ਪੰਜਾਬ ਪੁਲਿਸ ਦੇ ਰਾਹੀ ਸਿਵਲ ਹਸਪਤਾਲ 'ਚ ਖੁੱਲ੍ਹੇ ਓਟਸ ਕਲੀਨਿਕ 'ਚ ਪੱਕੇ ਕਾਰਡ ਬਣਾ ਕੇ ਨਸ਼ਾ ਮੁਕਤੀ ਲਈ ਦਵਾਈ ਲਾ ਦਿੱਤੀ ਗਈ। ਜਿਹੜੀ ਕਿ ਪਹਿਲਾਂ ਲਗਾਤਾਰ ਮਿਲਦੀ ਰਹੀ ਪਰ ਹੁਣ ਪਿਛਲੇ ਕਈ ਦਿਨਾਂ ਤੋਂ ਓਟਸ ਕਲੀਨਿੰਕ 'ਚ ਦਵਾਈ ਨਾ ਮਿਲਣ ਕਾਰਨ ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਕਾਫੀ ਪਰੇਸ਼ਾਨੀ ਝੱਲਣੀ ਪੈ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਉਹ ਨਸ਼ਾ ਛੱਡਣਾ ਚਾਹੁੰਦੇ ਹਨ ਤਾਂ ਸਰਕਾਰ ਤੇ ਸਿਹਤ ਵਿਭਾਗ ਨਹੀ ਚਾਹੁੰਦਾ ਕਿ ਉਹ ਨਸ਼ਾ ਛੱਡਣ। ਇਸ ਸਬੰਧੀ ਸਿਵਲ ਹਸਪਤਾਲ ਦੇ ਐੱਸਐੱਮਓ ਡਾ. ਜਗਪਾਲਇੰਦਰ ਸਿੰਘ ਨੇ ਕਿਹਾ ਕਿ ਸਿਹਤ ਵਿਭਾਗ ਤੋਂ ਸਪਲਾਈ ਦੀ ਕਮੀ ਸਾਹਮਣੇ ਆ ਰਹੀ ਹੈ ਪਰ ਹੁਣ ਸਪਲਾਈ ਆ ਜਾਣ 'ਤੇ ਓਟਸ ਕਲੀਨਿੰਗ 'ਚ ਨਸ਼ਾ ਛੱਡਣ ਆਉਂਦੇ ਵਿਅਕਤੀਆਂ ਨੂੰ ਦਵਾਈ ਦੀ ਘਾਟ ਨਹੀ ਆਉਣ ਦਿੱਤੀ ਜਾਵੇਗੀ।

## ਪੰਜਾਬੀ ਯੂਨੀਵਰਸਿਟੀ ਦੀ ਪ੍ਰੀਖਿਆ ਸ਼ਾਖ਼ਾ 'ਚ ਨਾਲ ਛੇੜਛਾੜ, ਇਕ ਸੀਨੀਅਰ ਸਹਾਇਕ ਮੁਅੱਤਲ ਤੇ ਇਕ ਚਾਰਜਸ਼ੀਟ



ਪਟਿਆਲਾ , (ਪੱਤਰ ਪ੍ਰੇਰਕ)- ਪੰਜਾਬੀ ਯੂਨੀਵਰਸਿਟੀ ਵਿਚ ਪੈਸੇ ਲੈ ਕੇ ਵਿਦਿਆਰਥੀਆਂ ਦੀ ਡਿਟੇਲ ਮਾਰਕ ਸ਼ੀਟ (ਡੀਐੱਮਸੀ) ਨਾਲ ਛੇੜਛਾੜ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਮੁੱਢਲੀ ਜਾਂਚ ਵਿਚ ਪ੍ਰੀਖਿਆ ਸ਼ਾਖ਼ਾ ਦੇ ਤਿੰਨ ਮੁਲਾਜ਼ਮਾਂ ਦੇ ਨਾਂ ਸਾਹਮਣੇ ਆਏ ਹਨ, ਜਿਨ੍ਹਾਂ ਵਿਚੋਂ ਇਕ ਸੀਨੀਅਰ ਸਹਾਇਕ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਗਿਆ ਹੈ ਤੇ ਦੂਜੇ ਨੂੰ ਚਾਰਜਸ਼ੀਟ। ਇਸ ਮਾਮਲੇ ਵਿਚ ਇਕ ਮਹਿਲਾ ਮੁਲਾਜ਼ਮ ਦਾ ਨਾਂ ਵੀ ਸਾਹਮਣੇ ਆਇਆ ਹੈ, ਜਿਸਨੂੰ ਫ਼ਿਲਹਾਲ ਪ੍ਰੀਖਿਆ ਸ਼ਾਖ਼ਾ ਤੋਂ ਹੋਰ ਵਿਭਾਗ ਵਿਚ ਤਬਦੀਲ ਕਰ ਕੇ ਜਾਂਚ ਵਿਚ ਸ਼ਾਮਲ ਕੀਤਾ ਗਿਆ ਹੈ। ਪੰਜਾਬੀ ਯੂਨੀਵਰਸਿਟੀ ਦੀ ਪ੍ਰੀਖਿਆ ਸ਼ਾਖ਼ਾ ਸਭ ਤੋਂ ਅਹਿਮ ਮੰਨੀ ਜਾਂਦੀ ਹੈ, ਜਿੱਥੇ ਯੂਨੀਵਰਸਿਟੀ ਤੇ ਇਸ ਨਾਲ ਸਬੰਧਤ ਕਾਲਜਾਂ ਦੇ ਸਾਰੇ ਵਿਦਿਆਰਥੀਆਂ ਦੀਆਂ ਉੱਤਰ ਪੱਤਰੀਆਂ ਪਈਆਂ ਹੁੰਦੀਆਂ ਹਨ। ਇਸੇ ਸ਼ਾਖ਼ਾ ਵਿਚ ਪ੍ਰੀਖਿਆਵਾਂ ਦਾ ਨਤੀਜਾ ਤਿਆਰ ਕੀਤਾ ਜਾਂਦਾ ਹੈ। ਸ਼ਾਖ਼ਾ ਦੀ ਇਸ ਅਹਿਮੀਅਤ ਦਾ ਕੁਝ ਸ਼ਰਾਰਤੀ ਅਨਸਰਾਂ ਨੇ ਫਾਇਦਾ ਚੁੱਕਣ ਦੀ ਕੋਸ਼ਿਸ਼ ਕੀਤੀ ਹੈ। ਪ੍ਰੀਖਿਆ ਵਿਚ ਵੱਧ ਅੰਕ ਦੇਣ ਦਾ ਲਾਲਚ ਦੇ ਕੇ ਕੁਝ ਵਿਦਿਆਰਥੀਆਂ ਤੋਂ ਰਕਮ ਲਈ ਗਈ ਅਤੇ ਫਿਰ ਡੀਐੱਮਸੀ ਨਾਲ ਛੇੜਛਾੜ ਦੀ ਕੋਸ਼ਿਸ਼ ਕੀਤੀ ਗਈ। ਇਸ ਦੀ ਜਾਣਕਾਰੀ ਯੂਨੀਵਰਸਿਟੀ ਪ੍ਰਸ਼ਾਸਨ ਕੋਲ ਪੁੱਜਣ ਤੋਂ ਬਾਅਦ ਮੁੱਢਲੀ ਜਾਂਚ ਵਿਚ ਪ੍ਰੀਖਿਆ ਸ਼ਾਖ਼ਾ ਦੇ ਦੋ ਸੀਨੀਅਰ ਸਹਾਇਕਾਂ ਖ਼ਿਲਾਫ਼ ਕਾਰਵਾਈ ਕੀਤੀ ਗਈ ਤੇ ਇਕ ਮਹਿਲਾ ਮੁਲਾਜ਼ਮ ਤੋਂ ਪੁੱਛਗਿੱਛ ਸ਼ੁਰੂ ਕਰ ਦਿੱਤੀ ਗਈ ਹੈ। ਇਕ ਸੀਨੀਅਰ ਸਹਾਇਕ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਜਦਕਿ ਦੂਜੇ ਨੂੰ ਚਾਰਜਸ਼ੀਟ ਕੀਤਾ ਗਿਆ ਹੈ। ਯੂਨੀਵਰਸਿਟੀ ਪ੍ਰਸ਼ਾਸਨ ਨੇ ਜਾਂਚ ਕਮੇਟੀ ਦਾ ਗਠਨ ਕਰਦਿਆਂ ਇਸ ਮਾਮਲੇ ਦੀ ਡੂੰਘਾਈ ਨਾਲ ਪੜਤਾਲ ਸ਼ੁਰੂ ਕੀਤੀ ਹੈ ਤਾਂ ਜੋ ਭ੍ਰਿਸ਼ਟਾਚਾਰ ਫੈਲਾਉਣ ਵਾਲਿਆਂ ਨੂੰ ਨੱਥ ਪਾਈ ਜਾ ਸਕੇ।

ਪਹਿਲਾਂ ਵੀ ਹੋ ਚੁੱਕੀ ਹੈ ਹੇਰਾ-ਫੇਰੀ : ਪ੍ਰੀਖਿਆ ਸ਼ਾਖ਼ਾ ਵਿਚ ਨੰਬਰਾਂ ਦੀ ਹੇਰਾ-ਫੇਰੀ ਪਹਿਲਾਂ ਵੀ ਕੀਤੀ ਜਾ ਚੁੱਕੀ ਹੈ। ਉਸ ਸਮੇਂ ਯੂਨੀਵਰਸਿਟੀ ਪ੍ਰਸ਼ਾਸਨ ਨੇ ਸ਼ਾਖ਼ਾ ਵਿਚ ਤਾਇਨਾਤ ਇਕ ਐਡਹਾਕ ਕਲਰਕ ਦੀਆਂ ਤਰੱਕੀਆਂ ਰੋਕਣ ਤੋਂ ਇਲਾਵਾ ਹੋਰ ਸਖ਼ਤ ਕਾਰਵਾਈ ਨਹੀਂ ਕੀਤੀ ਸੀ। ਸਖ਼ਤ ਕਾਰਵਾਈ ਦਾ ਡਰ ਨਾ ਹੋਣ ਕਾਰਨ ਹੀ ਮੁੜ ਅਜਿਹਾ ਮਾਮਲਾ ਸਾਹਮਣੇ ਆਇਆ ਹੈ।

ਅਧਿਕਾਰੀਆਂ ਨੇ ਜਾਣਕਾਰੀ ਦੇਣ ਤੋਂ ਕੀਤਾ ਇਨਕਾਰ : ਕੰਟਰੋਲਰ ਪ੍ਰੀਖਿਆਵਾਂ ਅਸ਼ੋਕ ਤਿਵਾੜੀ ਨੇ ਕਿਹਾ ਕਿ ਇਸ ਬਾਰੇ ਉੱਚ ਅਧਿਕਾਰੀਆਂ ਨਾਲ ਹੀ ਗੱਲ ਕੀਤੀ ਜਾ ਸਕਦੀ ਹੈ। ਮੁਲਾਜ਼ਮਾਂ ਦੇ ਮੁਅੱਤਲ ਤੇ ਚਾਰਜਸ਼ੀਟ ਹੋਣ ਦੇ ਸਵਾਲ 'ਤੇ ਉਨ੍ਹਾਂ ਕਿਹਾ ਕਿ ਕਾਰਵਾਈ ਹੋਈ ਹੈ ਪਰ ਉਹ ਪੂਰੇ ਮਾਮਲੇ ਦੀ ਜਾਣਕਾਰੀ ਨਹੀਂ ਦੇ ਸਕਦੇ। ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਵਰਿੰਦਰ ਕੁਮਾਰ ਕੌਸ਼ਿਕ ਨੇ ਕਿਹਾ ਕਿ ਉਹ ਰੁਝੇ ਹੋਏ ਹਨ, ਫ਼ਿਲਹਾਲ ਗੱਲ ਨਹੀਂ ਕਰ ਸਕਦੇ ਹਨ।

## ਅਧਿਆਪਕਾਂ ਨੇ ਬਾਲੀ ਪੰਜਾਬ ਸਰਕਾਰ ਦੇ ਝੂਠੇ ਵਾਅਦਿਆਂ ਦੀ ਲੋਹੜੀ



ਪਟਿਆਲਾ , (ਪੱਤਰ ਪ੍ਰੇਰਕ)- ਪੰਜਾਬ-ਯੂਟੀ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਦਿੱਤੇ ਸੱਦੇ 'ਤੇ ਡੈਮੋਕ੍ਰੈਟਿਕ ਟੀਚਰਜ਼ ਫਰੰਟ (ਡੀਟੀਐੱਫ) ਦੀ ਅਪੀਲ ਤਹਿਤ ਅਧਿਆਪਕਾਂ ਨੇ ਕਾਂਗਰਸ ਸਰਕਾਰ ਦੇ ਝੂਠੇ ਵਾਅਦਿਆਂ ਦੀ ਲੋਹੜੀ ਬਾਲ ਕੇ ਰੋਸ ਪ੍ਰਗਟ ਕੀਤਾ। ਇਸ ਮੌਕੇ ਅਧਿਆਪਕਾਂ ਨੇ ਸਰਕਾਰ ਖਿਲਾਫ਼ ਨਾਅਰੇਬਾਜ਼ੀ ਕੀਤੀ। ਇਸ ਮੌਕੇ ਅਧਿਆਪਕਾਂ ਨੇ ਮੁਲਾਜ਼ਮ ਮਸਲੇ ਹੱਲ ਨਾ ਕਰਨ ਵਾਲੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਤੇ ਸਿੱਖਿਆ ਮੰਤਰੀ ਪਰਗਟ ਸਿੰਘ ਦੀਆਂ ਤਸਵੀਰਾਂ ਤੇ ਪੰਜਾਬ ਕਾਂਗਰਸ ਦੇ ਮੈਨੀਫੈਸਟੋ ਦੀਆਂ ਕਾਪੀਆਂ ਵੀ ਸਾੜੀਆਂ ਗਈਆਂ। ਇਸ ਮੌਕੇ ਡੀਟੀਐੱਫ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜ਼ਿਲ੍ਹਾ ਪ੍ਰਧਾਨ ਅਤਿੰਦਰਪਾਲ ਸਿੰਘ, ਜ਼ਿਲ੍ਹਾ ਸਕੱਤਰ ਹਰਵਿੰਦਰ ਰੱਖੜਾ ਤੇ ਵਿੱਤ ਸਕੱਤਰ ਭੁਪਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਦੀ ਕਾਂਗਰਸ ਸਰਕਾਰ ਨੇ ਕੱਚੇ ਮੁਲਾਜ਼ਮ ਬਿਨਾਂ ਸ਼ਰਤ ਵਿਭਾਗਾਂ 'ਚ ਪੱਕੇ ਕਰਨ ਦੀ ਥਾਂ 36 ਹਜ਼ਾਰ ਮੁਲਾਜ਼ਮ ਪੱਕੇ ਕਰਨ ਦੇ ਝੂਠੇ ਇਸ਼ਤਿਹਾਰ ਲਾ ਕੇ ਅਤੇ ਖਾਲੀ ਅਸਾਮੀਆਂ ਲਈ ਭਰਤੀ ਪ੍ਰਕਿਰਿਆ ਪੂਰੀ ਨਾ ਕਰ ਕੇ, ਲੋਕਾਂ ਨਾਲ ਵੱਡਾ ਧੋਖਾ ਕੀਤਾ ਹੈ। ਇਸੇ ਤਰ੍ਹਾਂ ਪਿਛਲੇ ਤਨਖਾਹ ਕਮਿਸ਼ਨ ਦੌਰਾਨ ਮਿਲੇ ਸਾਰੇ ਵਾਧੇ ਬਰਕਰਾਰ ਰੱਖਦਿਆਂ 6ਵੇਂ ਪੰਜਾਬ ਤਨਖਾਹ ਕਮਿਸ਼ਨ ਤਹਿਤ ਹਰੇਕ ਮੁਲਾਜ਼ਮ ਦੀ ਪੇਅ ਫਿਕਸ਼ੇਸ਼ਨ 2.72 ਗੁਣਾਂਕ ਅਨੁਸਾਰ ਲਾਗੂ ਨਹੀਂ ਕੀਤਾ, ਸਗੋਂ ਪੇਂਡੂ ਇਲਾਕਾ ਭੱਤਾ, ਬਾਰਡਰ ਇਲਾਕਾ ਭੱਤਾ, ਹੈਂਡੀਕੇਪ ਸਫਰੀ ਭੱਤੇ ਸਮੇਤ 37 ਕਿਸਮ ਦੇ ਸਾਰੇ ਭੱਤੇ ਤੇ ਏਸੀਪੀ ਦੇ ਲਾਭ ਰੋਕ ਲਏ ਗਏ ਹਨ। ਪਰਖ ਸਮਾਂ ਐਕਟ-2015 ਰੱਦ ਨਹੀਂ ਕੀਤਾ ਤੇ 31 ਦਸੰਬਰ 2015 ਤੋਂ ਬਾਅਦ ਭਰਤੀ ਮੁਲਾਜ਼ਮਾਂ ਦੇ ਉਚਤਮ ਗੁਣਾਂਕ ਅਨੁਸਾਰ ਪਰਖ ਸਮੇਂ ਦੇ ਸਾਰੇ ਏਰੀਅਰ ਦੱਬ ਲਏ ਗਏ ਹਨ। 1 ਜਨਵਰੀ 2004 ਤੋਂ ਬਾਅਦ ਭਰਤੀ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਪ੍ਰਣਾਲੀ ਬਹਾਲ ਨਹੀਂ ਕੀਤੀ ਗਈ ਤੇ ਨਾ ਹੀ 17 ਜੁਲਾਈ 2020 ਤੋਂ ਬਾਅਦ ਮੁਲਾਜ਼ਮਾਂ 'ਤੇ ਪੰਜਾਬ ਦਾ ਤਨਖਾਹ ਸਕੇਲ ਲਾਗੂ ਕੀਤਾ ਹੈ।

## 150 ਵਾਹਨਾਂ ਪਿੱਛੇ ਰਿਫਲੈਕਟਰ ਲਾਏ



ਰਾਜਪੁਰਾ , (ਪੱਤਰ ਪ੍ਰੇਰਕ)- ਰਾਜਪੁਰਾ ਟ੍ਰੈਫਿਕ ਪੁਲਿਸ ਵੱਲੋਂ ਇੰਚਾਰਜ਼ ਥਾਣੇਦਾਰ ਮਨਜੀਤ ਸਿੰਘ ਦੀ ਅਗਵਾਈ 'ਚ ਟਾਟਾ ਪ੍ਰਾਜੈਕਟ ਮੈਨੇਜਰ ਐੱਮ ਵਿਸ਼ਵਾਸ਼ ਤੇ ਐੱਮਕੇ ਸਿੰਘ ਟੀਮ ਦੇ ਸਹਿਯੋਗ ਨਾਲ ਰੋਡ ਸੇਫਟੀ ਹਫਤੇ ਤੇ ਕੋਵਿਡ-19 ਦੀਆਂ ਹਦਾਇਤਾਂ ਸਬੰਧੀ ਜਾਗਰੂਕਤਾ ਕੈਂਪ ਲਾਇਆ ਗਿਆ। ਇਸ 'ਚ ਟ੍ਰੈਫਿਕ ਇੰਚਾਰਜ਼ ਥਾਣੇਦਾਰ ਮਨਜੀਤ ਸਿੰਘ, ਥਾਣੇਦਾਰ ਅਮਰਜੀਤ ਸਿੰਘ, ਏਐੱਸਆਈ ਗੁਰਬਚਨ ਸਿੰਘ, ਏਐੱਸਆਈ ਸੁਖਬੀਰ ਸਿੰਘ, ਏਐੱਸਆਈ ਬਚਨ ਸਿੰਘ ਵੱਲੋਂ ਟਾਟਾ ਕੰਪਨੀ ਅਧਿਕਾਰੀਆਂ ਦੇ ਨਾਲ ਹਾਦਸਿਆਂ ਨੂੰ ਠੱਲ ਪਾਉਣ ਦੇ ਮਕਸਦ ਤਹਿਤ 150 ਵਾਹਨਾਂ ਦੇ ਪਿੱਛੇ ਰਿਫਲੈਕਟਰ ਲਾਏ ਗਏ। ਇੰਚਾਰਜ ਮਨਜੀਤ ਸਿੰਘ ਨੇ ਵਾਹਨਾ ਚਾਲਕਾਂ ਨੂੰ ਕੋਵਿਡ-19 ਦੀਆਂ ਹਦਾਇਤਾਂ ਦੀ ਪਾਲਣਾ ਕਰਨ, ਵਾਹਨਾਂ ਦੇ ਪਿੱਛੇ ਰਿਫਲੈਕਟਰ ਲਗਾਉਣ ਸਮੇਤ ਹੋਰਨਾਂ ਸੜਕੀ ਆਵਾਜਾਈ ਬਾਰੇ ਜਾਗਰੂਕ ਕੀਤਾ ਗਿਆ। ਉਨ੍ਹਾਂ ਕਿਹਾ ਕਿ ਧੁੰਦ ਸਮੇਂ ਪਾਰਕਿੰਗ ਲਾਈਟਾਂ ਦੀ ਵਰਤੋਂ ਕਰਨ, ਵਾਹਨ ਧੀਮਾ ਚਲਾਉਣ ਅਤੇ ਸੜਕ ਕਿਨਾਰੇ ਵਾਹਨ ਖੜ੍ਹਾ ਨਾ ਕਰਨ ਆਦਿ ਬਾਰੇ ਜਾਣਕਾਰੀ ਦਿੰਦਿਆ ਆਵਾਜਾਈ ਨਿਯਮਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਅਜਿਹਾ ਕਰਕੇ ਅਸੀਂ ਸੜਕੀ ਹਾਦਸਿਆਂ 'ਚ ਠੱਲ੍ਹ ਪਾ ਸਕਦੇ ਹਾਂ।

## ਸਿੱਖਾਂ ਦੀ ਸਿਰਮੌਰ ਸੰਸਥਾ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਤਾਕਤਾਂ ਕਦੇ ਵੀ ਸਫਲ ਨਹੀਂ ਹੋਣਗੀਆਂ : ਐਡਵੋਕੇਟ ਧਾਮੀ



ਘਨੌਰ, (ਪੱਤਰ ਪ੍ਰੇਰਕ)-ਸਿੱਖਾਂ ਦੀ ਸਿਰਮੌਰ ਸੰਸਥਾ ਨੂੰ ਨੁਕਸਾਨ ਪਹੁੰਚਾਉਣ ਲਈ ਤਤਪਰ ਰਹਿਣ ਵਾਲੀਆਂ ਤਾਕਤਾਂ ਤੇ ਕਾਬਜ਼ ਹੋਣ ਦੇ ਮਨਸੂਬੇ ਰੱਖਣ ਵਾਲਿਆਂ ਨੂੰ ਕਦੇ ਵੀ ਸਫਲ ਨਹੀਂ ਹੋਣ ਦੇਵਾਂਗੇ, ਜੋ ਵਾਰ-ਵਾਰ ਬੇਅਦਬੀ ਵਰਗੀਆਂ ਘਟਨਾਵਾਂ ਕਰਵਾ ਕੇ ਵੱਡਾ ਨੁਕਸਾਨ ਕਰਨ 'ਤੇ ਤੁਲੀਆਂ ਹੋਈਆਂ ਹਨ। ਇਹ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਹਲਕਾ ਘਨੌਰ ਦੇ ਇਤਿਹਾਸਕ ਗੁਰਦੁਆਰਾ ਨਥਾਣਾ ਸਾਹਿਬ ਵਿਖੇ ਧਾਰਮਕ ਦੀਵਾਨ 'ਚ ਜੁੜੀਆਂ ਸੰਗਤਾਂ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ। ਸ਼੍ਰੋਮਣੀ ਕਮੇਟੀ ਪ੍ਰਧਾਨ ਪਾਤਸ਼ਾਹੀ ਤੀਜੀ ਗੁਰੂ ਅਮਰਦਾਸ ਜੀ ਦੇ ਚਰਨਛੋਹ ਅਸਥਾਨ ਗੁਰਦੁਆਰਾ ਸ੍ਰੀ ਨਥਾਣਾ ਸਾਹਿਬ ਵਿਖੇ ਮਾਘੀ ਦੇ ਸਾਲਾਨਾ ਜੋੜ ਮੇਲੇ ਮੌਕੇ ਨਤਮਸਤਕ ਹੋਣ ਪੁੱਜੇ ਹੋਏ ਸਨ। ਇਕੱਠ ਨੂੰ ਸੰਬੋਧਨ ਕਰਦਿਆਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਪੰਥ ਵਿਰੋਧੀ ਤਾਕਤਾਂ ਘਟੀਆ ਸਿਆਸਤ ਦੀ ਆੜ 'ਚ ਖਾਲਸਾ ਪੰਥ ਦਾ ਵੱਡਾ ਨੁਕਸਾਨ ਕਰਨਾ ਚਾਹੁੰਦੀਆਂ ਹਨ ਅਤੇ ਅੱਜ ਲੋੜ ਹੈ ਕਿ ਸਮੁੱਚੀ ਕੌਮ ਇਕਜੁੱਟਤਾ ਨਾਲ ਸੁਚੇਤ ਰਹਿ ਕੇ ਮਾੜੇ ਮਨਸੂਬੇ ਰੱਖਣ ਵਾਲੀਆਂ ਸ਼ਕਤੀਆਂ ਦਾ ਡਟ ਕੇ ਮੁਕਾਬਲਾ ਕਰੇ। ਉਨ੍ਹਾਂ ਕਿਹਾ ਕਿ ਸਿੱਖਾਂ ਦੇ ਮੁਕੱਦਸ ਅਸਥਾਨ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਬੇਅਦਬੀ ਵਰਗੀ ਘਟਨਾ ਤੋਂ ਇਲਾਵਾ ਪੰਜਾਬ ਭਰ 'ਚ ਵਾਰ-ਵਾਰ ਵਾਪਰਦੀਆਂ ਘਟਨਾਵਾਂ ਲਈ ਸਰਕਾਰ ਅਤੇ ਏਜੰਸੀਆਂ ਦੀ ਨਲਾਇਕੀ ਜੱਗ-ਜ਼ਾਹਿਰ ਹੋ ਚੁੱਕੀ ਹੈ ਅਤੇ ਹੁਣ ਸਿੱਖ ਕੌਮ ਨੂੰ ਖੁਦ ਹੀ ਫਰਜ਼ਾਂ ਦੀ ਪਹਿਰੇਦਾਰੀ ਕਰਨੀ ਹੋਵੇਗੀ। ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਪੁਰਜ਼ੋਰ ਮੰਗ ਨੂੰ ਪ੍ਰਵਾਨ ਕਰਦਿਆਂ ਹਲਕਾ ਘਨੌਰ ਵਿਚ ਆਈਸੀਐੱਸਈ ਪੱਧਰ ਦਾ ਸਕੂਲ ਖੋਲ੍ਹਣ ਦਾ ਐਲਾਨ ਵੀ ਕੀਤਾ ਗਿਆ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੇ ਉਜਵਲ ਭਵਿੱਖ ਲਈ ਸ਼੍ਰੋਮਣੀ ਕਮੇਟੀ ਅਕਾਦਮਿਕ ਖੇਤਰ ਵਿਚ ਸੀਬੀਐੱਸਈ ਪੈਟਰਨ ਅਤੇ ਆਈਸੀਐੱਸਈ ਦੀ ਪੜ੍ਹਾਈ ਨੂੰ ਵੀ ਤਰਜੀਹ ਦੇਵੇਗੀ। ਇਸ ਮੌਕੇ ਹਲਕਾ ਘਨੌਰ ਦੇ ਉਮੀਦਵਾਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਸ਼੍ਰੋਮਣੀ ਕਮੇਟੀ ਵੱਲੋਂ ਹਲਕਾ ਘਨੌਰ ਵਿਚ ਆਈਸੀਐੱਸਈ ਪੱਧਰ ਦਾ ਸਕੂਲ ਖੋਲ੍ਹੇ ਜਾਣ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਸਮੇਂ ਦੀ ਵੱਡੀ ਲੋੜ ਅਨੁਸਾਰ ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਕੀਤਾ ਐਲਾਨ ਸ਼ਲਾਘਾਯੋਗ ਫੈਸਲਾ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਸਾਹਿਬਾਨ ਵੱਲੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਸਿਰੋਪਾਓ ਤੇ ਸ੍ਰੀ ਸਾਹਿਬ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਅੰਤ੍ਰਿੰਗ ਕਮੇਟੀ ਮੈਂਬਰ ਸੁਰਜੀਤ ਸਿੰਘ ਗੜ੍ਹੀ ਨੇ ਪੁੱਜੀਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਦੌਰਾਨ ਸਿੱਖ ਨੌਜਵਾਨ ਸੇਵਾ ਸੁਸਾਇਟੀ ਘਨੌਰ ਵੱਲੋਂ ਧਰਮ ਪ੍ਰਚਾਰ ਕਮੇਟੀ ਦੇ ਸਹਿਯੋਗ ਨਾਲ ਦਸਤਾਰ ਸਿਖਲਾਈ ਕੈਂਪ ਵੀ ਲਾਇਆ। ਇਕੱਠ ਦੌਰਾਨ ਹੋਰਨਾਂ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਸੀਨੀਅਰ ਲੀਡਰਸ਼ਿਪ 'ਚ ਚਰਨਜੀਤ ਸਿੰਘ ਬਰਾੜ, ਸਾਬਕਾ ਚੇਅਰਮੈਨ ਨਰਦੇਵ ਸਿੰਘ ਆਕੜੀ, ਸਿੱਖਿਆ ਸਕੱਤਰ ਸੁਖਮਿੰਦਰ ਸਿੰਘ, ਅੰਤ੍ਰਿੰਗ ਕਮੇਟੀ ਮੈਂਬਰ ਸੁਰਜੀਤ ਸਿੰਘ ਗੜ੍ਹੀ, ਜਥੇਦਾਰ ਜਸਮੇਰ ਸਿੰਘ ਲਾਛੜੂ, ਜਥੇਦਾਰ ਜਰਨੈਲ ਸਿੰਘ ਕਰਤਾਰਪੁਰ, ਬਾਬਾ ਅਮਰੀਕ ਸਿੰਘ ਕਾਰ ਸੇਵਾ, ਬਾਬਾ ਇੰਦਰ ਸਿੰਘ ਕਾਰ ਸੇਵਾ ਵਾਲੇ, ਮੈਨੇਜਰ ਭਗਵੰਤ ਸਿੰਘ ਧੰਗੇੜਾ ਆਦਿ ਸ਼ਖਸੀਅਤਾਂ ਵੀ ਪੁੱਜੀਆਂ ਹੋਈਆਂ ਸਨ।

## ਸ਼ਿਵ ਸੈਨਾ ਹਿੰਦੁਸਤਾਨ ਨੇ ਕਰਵਾਇਆ ਸ਼੍ਰੀ ਹਨੂੰਮਾਨ ਚਾਲੀਸਾ ਜੀ ਦਾ ਪਾਠ

ਪਟਿਆਲਾ , (ਪੱਤਰ ਪ੍ਰੇਰਕ)- ਸ਼ਿਵ ਸੈਨਾ ਹਿੰਦੁਸਤਾਨ ਦੀ ਧਾਰਮਿਕ ਸ਼ਾਖਾ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਵੱਲੋਂ ਸ਼੍ਰੀ ਕਾਲੀ ਮਾਤਾ ਮੰਦਰ ਵਿਖੇ ਕੌਮੀ ਪ੍ਰਧਾਨ ਪਵਨ ਗੁਪਤਾ ਦੀ ਅਗਵਾਈ ਹੇਠ ਪਾਠ ਕਰਵਾਇਆ ਗਿਆ। ਇਸ ਮੌਕੇ ਵਿਆਸਪੀਠ ਪ੍ਰਸਿੱਧ ਭਜਨ ਗਾਇਕ ਨਰੇਸ਼ ਸ਼ਰਮਾ ਨੇ ਕਿਹਾ ਕਿ ਸੂਰਜ ਉਦੇ ਤੇ ਸੂਰਜ ਅਸਤ ਸਾਨੂੰ ਇਹ ਦਸਦਾ ਹੈ ਕਿ ਜੀਵਨ ਵਿਚ ਕੁੱਝ ਵੀ ਸਥਾਈ ਨਹੀਂ ਹੈ। ਇਸ ਲਈ ਉਹ ਹਮੇਸ਼ਾ ਖੁਸ਼ ਰਹਿਣ ਤੇ ਜੀਵਨ ਯਾਤਰਾ ਦਾ ਆਨੰਦ ਮਾਣਨ ਕਿਉਂਕਿ ਜੀਵਨ ਅਨਮੋਲ ਹੈ ਤੇ ਇਸ ਦਾ ਪ੍ਰਯੋਗ ਸਹੀ ਉਦੇਸ਼ ਲਈ ਕਰਨਾ ਚਾਹੀਦਾ ਹੈ ।ਸਾਨੂੰ ਮਨੁੱਖ ਦੀ ਜੂਨ 'ਚ ਆਉਣ ਤੋਂ ਪਹਿਲਾਂ 84 ਲੱਖ ਜੂਨਾ ਵਿਚੋਂ ਗੁਜ਼ਰਨਾ ਪੈਂਦਾ ਹੈ ਤੇ ਮਨੁੱਖ ਦਾ ਜੀਵਨ ਅਜਿਹਾ ਜੀਵਨ ਹੈ, ਜਿਸ ਵਿਚ ਉਹ ਅਜਿਹੇ ਕਾਰਜ਼ ਕਰ ਸਕਦੇ ਹਨ ਜੋਕਿ ਉਹ ਕਿਸੇ ਵੀ ਜੂਨ ਵਿਚ ਨਹੀਂ ਕਰ ਸਕਦੇ ਹਨ ।ਇਸ ਲਈ ਸਾਨੂੰ ਆਪਣੇ ਜੀਵਨ ਲੋਕ ਭਲਾਈ ਦੀ ਸੇਵਾ ਜ਼ਰੂਰ ਕਰਨੀ ਚਾਹੀਦੀ ਹੈ। ਇਸ ਮੌਕੇ ਪੰਡਿਤ ਬਦਰੀ ਪ੍ਰਸ਼ਾਦ ਸ਼ਾਸਤਰੀ, ਜਗਦੀਸ਼ ਰਾਇਕਾ, ਡਾ. ਸ਼ਵਿ ਭਾਰਦਵਾਜ਼, ਚੰਦਨ ਸ਼ਰਮਾ, ਲੋਕੇਸ਼ ਸ਼ਰਮਾ, ਸ਼੍ਰੀ ਚੰਦ ਸ਼ਰਮਾ, ਰਮੇਸ਼ ਕੰਬੋਜ਼, ਗੁੱਡੂ ਪ੍ਰਕਾਸ਼, ਪੱਪੂ, ਦੇਵੀ ਪ੍ਰਸ਼ਾਦ, ਵਰਸ਼ਾ ਰਾਣੀ, ਸੁਮਨ ਰਾਣੀ, ਸੁਨੀਤਾ ਰਾਣੀ, ਰਕਸ਼ਾ ਦੇਵੀ, ਰਜਤ ਕੁਮਾਰ ਆਦਿ ਹਾਜ਼ਰ ਸਨ।

# ਸਿਆਸੀ ਪਾਰਟੀਆਂ ਨੂੰ ਚੋਣ ਜ਼ਾਬਤੇ ਦੀ ਪਾਲਨਾ ਕਰਨ ਦੀ ਅਪੀਲ



ਪਟਿਆਲਾ , (ਪੱਤਰ ਪ੍ਰੇਰਕ)- ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸੰਦੀਪ ਹੰਸ ਨੇ ਵਿਧਾਨ ਸਭਾ ਚੋਣਾਂ ਸਬੰਧੀਂ ਲਾਗੂ ਹੋਏ ਚੋਣ ਜ਼ਾਬਤੇ ਤੋਂ ਜਾਣੂ ਕਰਵਾਉਣ ਲਈ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਅੱਜ ਇਕ ਅਹਿਮ ਮੀਟਿੰਗ ਕੀਤੀ। ਇਸ ਮੌਕੇ ਹੰਸ ਨੇ ਸਮੂਹ ਸਿਆਸੀ ਪਾਰਟੀਆਂ ਨੂੰ ਭਾਰਤ ਦੇ ਚੋਣ ਕਮਿਸ਼ਨ ਵੱਲੋਂ ਲਾਗੂ ਕੀਤੇ ਚੋਣ ਜਾਬਤੇ ਦੀ ਸਖ਼ਤੀ ਪਾਲਣਾ ਨਾਲ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਚੋਣ ਲੜਨ ਦੇ ਚਾਹਵਾਨ ਉਮੀਦਵਾਰਾਂ ਨੂੰ ਪੂਰਾ ਸਹਿਯੋਗ ਦੇਵੇਗਾ। ਉਨ੍ਹਾਂ ਕਿਹਾ ਕਿ ਸਿਆਸੀ ਪਾਰਟੀਆਂ ਆਪਣੀਆਂ ਸਾਰੀਆਂ ਗਤੀਵਿਧੀਆਂ ਨਿਰਧਾਰਤ ਨਿਯਮਾਂ ਤੇ ਕੋਵਿਡ ਮਹਾਮਾਰੀ ਦੇ ਮੱਦੇਨਜ਼ਰ ਨਿਰਧਾਰਤ ਨੇਮਾਂ ਅੰਦਰ ਰਹਿ ਕੇ ਹੀ ਕਰਨ ਤਾਂ ਉਨ੍ਹਾਂ ਨੂੰ ਕੋਈ ਦਿਕਤ ਨਹੀਂ ਆਵੇਗੀ। ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਉਮੀਦਵਾਰ ਲਈ ਕਾਨੂੰਨੀ ਚੋਣ ਖ਼ਰਚੇ ਦੀ ਸੀਮਾ 40 ਲੱਖ ਰੁਪਏ ਨਿਰਧਾਰਤ ਕੀਤੀ ਗਈ ਹੈ, ਇਸ ਲਈ ਸਾਰੇ ਉਮੀਦਵਾਰ ਨਿਯਮਾਂ ਦਾ ਪਾਲਣ ਕਰਨ ਕਿਉਂਕਿ ਉਨ੍ਹਾਂ ਦੇ ਖਰਚੇ 'ਤੇ ਨਜ਼ਰ ਰੱਖੀ ਜਾਵੇਗੀ। ਪ੍ਰਚਾਰ ਲਈ ਵਰਤੇ ਜਾਣ ਵਾਲੇ ਪ੍ਰਿੰ, ਇਲੈਕਟ੍ਰੋਨਿਕ ਅਤੇ ਸੋਸ਼ਲ ਮੀਡੀਆ ਪਲੇਟਫ਼ਾਰਮ 'ਤੇ ਵੀ ਚੋਣ ਕਮਿਸ਼ਨ ਵੱਲੋਂ ਤਿੱਖੀ ਨਜ਼ਰ ਰੱਖੀ ਜਾਵੇਗੀ, ਜਿਸ ਲਈ ਹਰ ਤਰ੍ਹਾਂ ਦੇ ਪ੍ਰਚਾਰ ਲਈ ਉਮੀਦਵਾਰਾਂ ਵੱਲੋਂ ਅਗੇਤੀਆਂ ਪ੍ਰਵਾਨਗੀਆਂ ਲੈਣੀਆਂ ਲਾਜਮੀ ਹਨ। ਉਨ੍ਹਾਂ ਕਿਹਾ ਕਿ ਮੁੱਲ ਦੀਆਂ ਖ਼ਬਰਾਂ ਦੇ ਮਾੜੇ ਰੁਝਾਨ ਨੂੰ ਠੱਲ ਪਾਉਣ ਲਈ ਪਾਰਟੀਆਂ ਸਹਿਯੋਗ ਦੇਣ। ਨਾਮਜਦਗੀ ਸਮੇਂ ਹਰ ਉਮੀਦਵਾਰ ਨੂੰ ਫਾਰਮ ਨੰਬਰ 26 ਭਰਨ ਸਮੇਂ ਹਲਫ਼ੀਆ ਬਿਆਨ ਦਾ ਹਰ ਕਾਲਮ ਭਰਨ ਸਮੇਂ ਆਪਣੇ ਸੋਸ਼ਲ ਮੀਡੀਆ ਖਾਤਿਆਂ ਦੀ ਵੀ ਜਾਣਕਾਰੀ ਦੇਵੇਗਾ। ਸੰਦੀਪ ਹੰਸ ਨੇ ਕਿਹਾ ਕਿ ਰੈਲੀਆਂ, ਮਾਰਚ ਤੇ ਮੀਟਿੰਗਾਂ 'ਤੇ 15 ਜਨਵਰੀ ਤੱਕ ਕੋਵਿਡ ਪਾਬੰਦੀਆਂ ਲਾਗੂ ਹਨ ਪਰੰਤੂ ਘਰ-ਘਰ ਪ੍ਰਚਾਰ ਕੀਤਾ ਜਾ ਸਕਦਾ ਹੈ, ਇਸ ਲਈ ਵੀ 5 ਤੋਂ ਜਿਆਦਾ ਵਿਅਕਤੀ ਨਹੀਂ ਹੋਣੇ ਚਾਹੀਦੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਵੱਖ-ਵੱਖ ਟੀਮਾਂ ਨਿਰੰਤਰ ਕਾਰਜਸ਼ੀਲ ਹਨ ਅਤੇ ਪੁਲਿਸ ਅਤੇ ਆਬਕਾਰੀ ਵਿਭਾਗ ਵੱਲੋਂ ਵੀ ਚੌਕਸੀ ਵਰਤੀ ਜਾ ਰਹੀ ਹੈ, ਇਸ ਲਈ ਨਸ਼ਿਆਂ ਦੀ ਵੰਡ ਸਮੇਤ ਕੋਈ ਵੀ ਗ਼ੈਰਕਾਨੂੰਨੀ ਗਤੀਵਿਧੀ ਨਾ ਕੀਤੀ ਜਾਵੇ। ਇਸ ਮੌਕੇ ਮੌਜੂਦ ਵਧੀਕ ਡਿਪਟੀ ਕਮਿਸ਼ਨਰ-ਕਮ-ਵਧੀਕ ਜ਼ਿਲ੍ਹਾ ਚੋਣ ਅਫ਼ਸਰ ਗੁਰਪ੍ਰੀਤ ਸਿੰਘ ਥਿੰਦ ਨੇ ਦੱਸਿਆ ਕਿ ਸਰਕਾਰੀ ਇਮਾਰਤਾਂ ਜਾਂ ਸਰਕਾਰੀ ਮਸ਼ੀਨਰੀ 'ਤੇ ਕੋਈ ਪ੍ਰਚਾਰ ਸਮੱਗਰੀ ਨਾ ਲਗਾਈ ਜਾਵੇ ਅਤੇ ਨਾ ਹੀ ਵਰਦੀਧਾਰੀ ਜਵਾਨਾਂ ਜਾਂ ਸੈਨਾ ਦੀ ਤਸਵੀਰ ਆਪਣੀ ਚੋਣ ਸਮਗਰੀ 'ਚ ਵਰਤੀ ਜਾਵੇ। ਇਸਤੋਂ ਬਿਨ੍ਹਾਂ ਕਿਸੇ ਧਾਰਮਿਕ ਅਸਥਾਨ 'ਤੇ ਚੋਣ ਪ੍ਰਚਾਰ ਨਾ ਕੀਤਾ ਜਾਵੇ ਅਤੇ ਨਾ ਹੀ ਧਰਮ ਜਾਤੀ ਆਦਿ ਦੇ ਨਾ 'ਤੇ ਗ਼ਲਤ ਪ੍ਰਚਾਰ ਕੀਤਾ ਜਾਵੇ। ਇਸ ਮੀਟਿੰਗ ਮੌਕੇ ਕਾਂਗਰਸ ਦੇ ਜ਼ਿਲ੍ਹਾ ਦਿਹਾਤੀ ਪ੍ਰਧਾਨ ਗੁਰਦੀਪ ਸਿੰਘ ਊਂਟਸਰ, ਕਾਂਗਰਸ ਦੇ ਦਫ਼ਤਰ ਇੰਚਾਰਜ ਮਹਿੰਦਰ ਸਿੰਘ, ਸ਼੍ਰੋਮਣੀ ਅਕਾਲੀ ਦਲ ਤੇ ਬਹੁਜਨ ਸਮਾਜ ਪਾਰਟੀ ਤੋਂ ਆਕਾਸ਼ ਸ਼ਰਮਾ ਤੇ ਸੁਖਬੀਰ ਸਿੰਘ, ਆਮ ਆਦਮੀ ਪਾਰਟੀ ਤੋਂ ਸੁਖਦੇਵ ਸਿੰਘ, ਐਨ.ਸੀ.ਪੀ. ਤੋਂ ਜਸਵਿੰਦਰ ਸਿੰਘ ਛਾਬੜਾ, ਸ਼ਿਵ ਸੈਨਾ ਤੋਂ ਸ਼ਮਾਂ ਕਾਂਤ ਪਾਂਡੇ, ਸ਼ਿਵ ਸੈਨਾ ਹਿੰਦੁਸਤਾਨ ਤੋਂ ਰਵਿੰਦਰ ਸਿੰਗਲਾ ਆਦਿ ਨੇ ਵਿਸ਼ਵਾਸ਼ ਦੁਆਇਆ ਕਿ ਉਹ ਚੋਣ ਜਾਬਤੇ ਦੀ ਪੂਰੀ ਤਰ੍ਹਾਂ ਪਾਲਣਾਂ ਕਰਨਗੇ।

# ਰਿਟਰਨਿੰਗ ਅਧਿਕਾਰੀ ਵੱਲੋਂ ਸਿਆਸੀ ਪਾਰਟੀਆਂ ਦੇ ਆਗੂਆਂ ਨਾਲ ਮੀਟਿੰਗ



ਸਮਾਣਾ , (ਪੱਤਰ ਪ੍ਰੇਰਕ)-ਐੱਸਡੀਐੱਮ ਸਮਾਣਾ ਕਮ ਰਿਟਰਨਿੰਗ ਅਫਸਰ ਟੀ. ਬੈਨਿਥ ਵੱਲੋਂ 14 ਫਰਵਰੀ ਨੂੰ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਪਾਰਦਰਸ਼ੀ ਢੰਗ ਨਾਲ ਕਰਵਾਉਣ ਲਈ ਸਮੂਹ ਸਿਆਸੀ ਪਾਰਟੀਆਂ ਦੇ ਆਗੂਆਂ ਨਾਲ ਮੀਟਿੰਗ ਕੀਤੀ। ਇਸ 'ਚ ਉਨ੍ਹਾਂ ਚੋਣ ਕਮਿਸ਼ਨ ਵਲੋਂ ਦਿੱਤੀਆਂ ਹਦਾਇਤਾਂ ਅਨੁਸਾਰ 15 ਜਨਵਰੀ ਤਕ ਕੋਈ ਵੀ ਇਕੱਠ ਜਾਂ ਰੈਲੀ ਨਾ ਕਰਨ, ਚੋਣਾਂ ਦੌਰਾਨ ਕਿਸੇ ਵੀ ਫਲੈਕਸ ਜਾਂ ਪੋਸਟਰ ਛਪਾਉਣ ਵੇਲੇ ਉਮੀਦਵਾਰਾਂ ਨੂੰ ਪ੍ਰਿੰਗਿ ਪ੍ਰੈੱਸ ਤੇ ਫਲੈਕਸ ਮਾਲਕਾਂ ਨੂੰ ਲਿਖਤੀ ਆਰਡਰ ਦੇ ਕੇ ਉਸ ਦਾ ਹਿਸਾਬ ਰੱਖਣਾ ਜ਼ਰੂਰੀ ਹੋਵੇਗਾ। ਰਿਟਰਨਿੰਗ ਅਧਿਕਾਰੀ ਨੇ ਕਿਹਾ ਕਿ ਜੋ ਵੀ ਫਲੈਕਸ ਜਾਂ ਪੋਸਟਰ ਛੱਪਣਗੇ ਉਨ੍ਹਾਂ ਉੱਪਰ ਛਾਪਾਖਾਨਾ ਦਾ ਨਾਂ ਵੀ ਜ਼ਰੂਰੀ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੋ ਵੀ ਹਦਾਇਤਾਂ ਚੋਣ ਕਮਿਸ਼ਨ ਵੱਲੋਂ ਜਾਰੀ ਹੁੰਦਿਆਂ ਹਨ ਉਨ੍ਹਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜੇ ਕੋਈ ਉਮੀਦਵਾਰ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਉਲੰਘਣਾ ਕਰਦਾ ਹੈ ਤਾਂ ਉਸ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਜੀਵਨ ਗਰਗ, ਕਾਮਰੇਡ ਸੁਭਾਸ਼ ਗਰਗ, ਵਿਨੋਦ ਸਿੰਗਲਾ, ਸੁਭਾਸ਼ ਪੰਜਰਥ ਤੇ ਐਡਵੋਕੇਟ ਗੁਲਜਾਰ ਸਿੰਘ ਵਿਰਕ ਸਮੇਤ ਚੋਣ ਅਮਲੇ ਦੇ ਅਧਿਕਾਰੀ ਵੀ ਹਾਜ਼ਰ ਸਨ

## ਸਾਊਥ ਏਸੀਅਨ ਟਰੈਥਲਨ 'ਚ ਨਵਾਂ ਰਿਕਾਰਡ ਬਣਾਉਣ ਵਾਲੇ ਐਥਲੀਟ ਸੁਭਾਸ ਕਲਸਰ ਦਾ ਕੀਤਾ ਸਨਮਾਨ

ਪਿਹੋਵਾ, (ਪੱਤਰ ਪ੍ਰੇਰਕ)-ਸਾਊਥ ਏਸੀਅਨ ਟਰੈਥਲਨ 'ਚ ਨਵਾਂ ਰਿਕਾਰਡ ਕਾਇਮ ਕਰਨ ਵਾਲੇ ਐਥਲੀਟ ਸੁਭਾਸ ਕਲਸਰ ਦਾ ਸਰਕਾਰੀ ਕਾਲਜ ਭੇਰੀਅਨ ਵਿਖੇ ਸਨਮਾਨ ਕੀਤਾ ਗਿਆ . ਪ੍ਰਿੰਸੀਪਲ ਰਾਜੇਸ ਸੈਣੀ ਨੇ ਦੱਸਿਆ ਕਿ ਸਾਊਥ ਏਸੀਅਨ ਟਰੈਥਲਨ 'ਚ ਰਿਕਾਰਡ ਕਾਇਮ ਕਰਕੇ ਐਥਲੀਟ ਸੁਭਾਸ ਕਾਲਾਸਰ ਨੇ ਅੰਤਰਰਾਸਟਰੀ ਪੱਧਰ 'ਤੇ ਦੇਸ ਦਾ ਨਾਂਅ ਰੌਸਨ ਕੀਤਾ ਹੈ . ਉਨ੍ਹਾਂ ਕਿਹਾ ਕਿ ਸੀਮਤ ਸਾਧਨਾਂ ਦੇ ਬਾਵਜੂਦ ਵੀ ਵਿਅਕਤੀ ਆਪਣੀ ਮਿਹਨਤ ਅਤੇ ਦ੍ਰਿੜ੍ਹ ਇਰਾਦੇ ਨਾਲ ਵੱਡੀਆਂ ਉਚਾਈਆਂ ਹਾਸਲ ਕਰ ਸਕਦਾ ਹੈ . ਅਥਲੀਟ ਸੁਭਾਸ ਇਸ ਦੀ ਜਿਉਂਦੀ ਜਾਗਦੀ ਮਿਸਾਲ ਹੈ . ਡਾ: ਦਿਨੇਸ ਯਾਦਵ ਨੇ ਦੱਸਿਆ ਕਿ ਇਹ ਮੁਕਾਬਲਾ ਦੱਖਣੀ ਏਸੀਆ ਦੇ ਨਾਲ-ਨਾਲ ਉਲੰਪਿਕ ਖੇਡ ਮੁਕਾਬਲਿਆਂ ਵਿੱਚ ਵੀ ਸਾਮਲ ਹੈ . ਸਟੇਜ ਸੰਚਾਲਕ ਪ੍ਰੋ. ਮੁਕੇਸ ਨੇ ਦੱਸਿਆ ਕਿ ਸੁਭਾਸ ਵਰਗਾ ਸਾਧਾਰਨ ਦਿੱਖ ਵਾਲਾ ਵਿਅਕਤੀ ਹੀ ਇਹ ਅਸਾਧਾਰਨ ਰਿਕਾਰਡ ਕਾਇਮ ਕਰਦਾ ਹੈ . ਇਸ ਮੌਕੇ ਡਾ. ਸੁਸੀਲ ਕੁਮਾਰ, ਡਾ. ਸੁਖਬੀਰ, ਡਾ. ਕੁਲਦੀਪ, ਡਾ. ਜਗੀਰ ਸਿੰਘ, ਪ੍ਰੋ. ਗੀਤਾ ਰਾਣੀ, ਪ੍ਰੋ. ਪ੍ਰੋ. ਜਤਿੰਦਰ, ਡਾ: ਮੋਨਿਕਾ, ਪ੍ਰੋ. ਅਲਕਾ, ਪ੍ਰੋ. ਸਵਾਤੀ ਅਤੇ ਨਾਨ-ਟੀਚਿੰਗ ਸਟਾਫ ਹਾਜਰ ਸੀ .

# ਦਰਜਾਚਾਰ ਕਾਮਿਆਂ ਨੇ ਘੇਰਿਆ ਡੀਸੀ ਦਫਤਰ




ਪਟਿਆਲਾ , (ਪੱਤਰ ਪ੍ਰੇਰਕ)-ਦਿ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਤੇ ਪੰਜਾਬ ਸੁਬਾਰਡੀਨੇਟ ਸਰਵਿਸ ਫੈੱਡਰੇਸ਼ਨ ਵੱਲੋਂ ਡਿਪਟੀ ਕਮਿਸ਼ਨਰ ਦੇ ਦਫਤਰ ਮੂਹਰੇ ਰੋਸ ਰੈਲੀ ਕੀਤੀ ਗਈ। ਮੁਲਾਜ਼ਮ ਆਗੂ ਜਗਮੋਹਨ ਨੌਲੱਖਾ ਨੇ ਦੱਸਿਆ ਮੁਲਾਜ਼ਮਾਂ ਦੀਆਂ ਮੰਗਾਂ ਸਬੰਧੀ ਜਿਵੇਂ ਕੱਚੇ ਮੁਲਾਜ਼ਮਾਂ ਨੂੰ ਪੱਕਾ ਨਾ ਕਰਨਾ, ਪੇਅ ਕਮਿਸ਼ਨ ਦੀਆਂ ਤਰੁੱਟੀਆਂ ਨੂੰ ਦੂਰ ਕਰਨਾ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨਾ, ਕਲਾਸ ਫੋਰਥ ਕਰਮਚਾਰੀ ਦੀ ਪੱਕੀ ਭਰਤੀ ਨਾ ਕਰਨ ਤੇ ਕਲਾਸ ਫੋਰਥ ਮੁਲਾਜ਼ਮਾਂ ਵੱਲੋਂ ਇਕ ਇੰਕਰੀਮੈਂਟ ਨੰਬਰ 2011 'ਚ ਪਿਛਲੀ ਅਕਾਲੀ ਸਰਕਾਰ ਤੋਂ ਪ੍ਰਾਪਤ ਕੀਤਾ ਸੀ ਜੋ ਪੰਜਾਬ ਦੀ ਕਾਂਗਰਸ ਸਰਕਾਰ ਵੱਲੋਂ ਉਹ ਵੀ ਖੋਹ ਲਿਆ ਗਿਆ। ਬਹੁਤ ਸਾਰੇ ਭੱਤੇ ਜਿਵੇਂ ਸਾਈਕਲ ਭੱਤਾ, ਪੇਂਡੂ ਭੱਤਾ, ਵਰਦੀ ਧੁਲਾਈ ਭੱਤਾ ਆਦਿ ਬਹੁਤ ਸਾਰੇ ਭੱਤੇ ਕੱਟ ਕੇ ਆਪਣੇ ਖਜ਼ਾਨੇ ਨੂੰ ਪ੍ਰਫੁੱਲਿਤ ਕੀਤਾ ਜਾ ਰਿਹਾ ਹੈ। ਇਨ੍ਹਾਂ ਸਾਰੇ ਮਾਮਲਿਆਂ ਤੇ ਮੁਲਾਜ਼ਮ ਆਗੂਆਂ ਨੇ ਆਪੋ-ਆਪਣੇ ਵਿਚਾਰ ਪ੍ਰਗਟਾਏ। ਇਸ ਮੌਕੇ ਬਲਜਿੰਦਰ ਸਿੰਘ, ਸੂਰਜ ਯਾਦਵ, ਰਾਮ ਲਾਲ ਰਾਮਾ, ਅਨਿਲ ਕੁਮਾਰ, ਬਲਵੀਰ ਚੰਦ, ਗੁਰਵਿੰਦਰ ਸਿੰਘ, ਪ੍ਰਕਾਸ਼ ਸਿੰਘ ਲੁਬਾਣਾ, ਹਰਬੰਸ ਸਿੰਘ, ਰਾਮ ਯੋਧਾ, ਅਮਰ ਨਾਥ ਨਰੜੂ, ਤਰਲੋਚਨ ਗਿਰ, ਦਿਆ ਸ਼ੰਕਰ ਤੇ ਸਤਨਰਾਇਣ ਗੋਨੀ ਹਾਜ਼ਰ ਸਨ।

# ਸਰਹੱਦੀ ਚੌਕੀ ਮੁਹਾਵਾ ਤੋਂ ਅਸਲਾ ਬਰਾਮਦ, ਤਸਕਰ ਪਾਕਿਸਤਾਨ ਭੱਜਣ 'ਚ ਕਾਮਯਾਬ



ਅੰਮ੍ਰਿਤਸਰ , (ਪੱਤਰ ਪ੍ਰੇਰਕ)- ਬੀਐੱਸਐੱਫ ਦੇ ਸੈਕਟਰ ਅੰਮ੍ਰਿਤਸਰ ਅਧੀਨ ਆਉਂਦੀ ਭਾਰਤ ਦੀ ਸਰਹੱਦੀ ਚੌਕੀ ਮੁਹਾਵਾ ਨਜ਼ਦੀਕ ਅਟਾਰੀ ਤੋਂ ਸਵੇਰੇ ਅਸਲਾ ਬਰਾਮਦ ਹੋ ਜਾਣ ਸਬੰਧੀ ਸੂਚਨਾ ਮਿਲੀ। ਪ੍ਰਾਪਤ ਜਾਣਕਾਰੀ ਮੁਤਾਬਕ ਬੀਐੱਸਐੱਫ ਮੁਤਾਬਕ ਸਰਹੱਦ 'ਤੇ ਸਥਿਤ ਭਾਰਤੀ ਚੌਕੀ ਪਿੰਡ ਮੁਹਾਵਾ ਨਜ਼ਦੀਕ ਅਟਾਰੀ ਦੇ ਸਾਹਮਣੇ ਤਾਰੋਂ ਪਾਰ ਪਾਕਿਸਤਾਨ ਵਾਲੇ ਪਾਸੇ ਤੇ ਬੀਐੱਸਐੱਫ 144 ਬਟਾਲੀਅਨ ਦੇ ਜਵਾਨ ਰਾਤ ਡਿਊਟੀ ਤੇ ਸਨ। ਉਨ੍ਹਾਂ ਨੇ ਪਾਕਿਸਤਾਨ ਵਾਲਿਓਂ ਪਾਸਿਓਂ ਰਾਤ ਸੰਘਣੀ ਧੁੰਦ ਵਿੱਚ ਪਾਕਿਸਤਾਨੀ ਤਸਕਰਾਂ ਦੀ ਹਲਚਲ ਵੇਖੀ ਤੇ ਭਾਰਤੀ ਸਾਈਡ ਡਿਊਟੀ ਕਰ ਰਹੇ ਬੀਐੱਸਐੱਫ ਜਵਾਨਾਂ ਨੇ ਪਾਕਿਸਤਾਨੀ ਤਸਕਰਾਂ ਨੂੰ ਲਲਕਾਰੇ ਮਾਰੇ। ਬੀਐੱਸਐੱਫ ਜਵਾਨਾਂ ਨੇ ਕੁਝ ਫਾਇਰਿੰਗ ਸਾਹਮਣਲੇ ਪਾਸੇ ਕੀਤੀ। ਸੰਘਣੀ ਧੁੰਦ ਦਾ ਫਾਇਦਾ ਉਠਾਉਂਦਿਆਂ ਪਾਕਿਸਤਾਨੀ ਤਸਕਰ ਮੌਕੇ ਦਾ ਫ਼ਾਇਦਾ ਉਠਾਉਂਦੇ ਹੋਏ ਭੱਜ ਗਏ। ਬੁੱਧਵਾਰ ਸਵੇਰੇ ਬੀਐੱਸਐੱਫ ਦੀ 144 ਬਟਾਲੀਅਨ ਚੌਕੀ ਮੁਹਾਵਾ ਦੇ ਜਵਾਨਾਂ ਨੇ ਪਾਕਿਸਤਾਨ ਵਾਲੇ ਪਾਸਿਓਂ ਆਏ ਤਸਕਰਾਂ ਵਾਲੀ ਜਗ੍ਹਾ 'ਤੇ ਛਾਣਬੀਣ ਕੀਤੀ ਤਾਂ ਪਾਕਿਸਤਾਨੀ ਤਸਕਰਾਂ ਦੇ ਪੈਰ ਵਾਪਸ ਪਾਕਿਸਤਾਨ ਭੱਜਣ ਦੇ ਛਪੇ ਹੋਏ ਮਿਲੇ ਜਿੱਥੇ ਕੁਝ ਦੂਰੀ 'ਤੇ ਪਾਕਿਸਤਾਨੀ ਤਸਕਰਾਂ ਦੇ ਚਾਈਨਾ ਵਿਚ ਬਣੀ ਪਿਸਤੌਲ ਤੇ ਕੁਝ ਰੌਂਦ ਮਿਲੇ। ਅਸਲੇ ਨੂੰ ਬੀਐੱਸਐੱਫ ਦੇ ਜਵਾਨਾਂ ਫੜ ਕੇ ਆਪਣੇ ਉੱਚ ਅਧਿਕਾਰੀਆਂ ਨੂੰ ਸੌਂਪ ਦਿੱਤਾ।

# ਵੀਰ ਬਾਲ ਦਿਵਸ' ਮਨਾਉਣ ਦਾ ਫੈਸਲਾ ਪ੍ਰਧਾਨ ਮੰਤਰੀ ਦਾ ਸ਼ਲਾਘਾਯੋਗ ਕਦਮ-ਬੀਬੀ ਗਿੱਲ

ਸਾਹਬਾਦ ਮਾਰਕੰਡਾ, (ਪੱਤਰ ਪ੍ਰੇਰਕ)- ਹਰਿਆਣਾ ਦੀ ਮਹਿਲਾ ਭਾਜਪਾ ਆਗੂ ਬੀਬੀ ਕਰਤਾਰ ਕੌਰ ਗਿੱਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਿੱਖਾਂ ਦੇ 10ਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ ਪੁਰਬ 'ਤੇ ਗੁਰੂ ਜੀ ਦੇ ਸਾਹਿਬਜਾਦੇ ਜੋਰਾਵਰ ਸਿੰਘ ਅਤੇ ਫਤਿਹ ਸਿੰਘ ਦੇ ਸਹੀਦੀ ਦਿਵਸ 26 ਦਸੰਬਰ ਨੂੰ ਹਰ ਸਾਲ ਵੀਰ ਬਾਲ ਦਿਵਸ ਵਜੋਂ ਮਨਾਉਣ ਦਾ ਇਤਿਹਾਸਕ ਫੈਸਲਾ ਲੈ ਕੇ ਸਲਾਘਾਯੋਗ ਕਦਮ ਚੁੱਕਿਆ ਹੈ ਜਿਸ ਨਾਲ ਚਾਰ ਸਾਹਿਬਜਾਦਿਆਂ ਦੀ ਰਾਸਟਰ ਭਗਤੀ ਨਾਲ ਦੇਸ ਦੇ ਕਰੋੜਾਂ ਬੱਚਿਆਂ ਨੂੰ ਦੇਸ ਭਗਤੀ ਤੇ ਰਾਸਟਰ ਸੇਵਾ ਦੀ ਪ੍ਰੇਰਨਾ ਮਿਲੇਗੀ . ਉਨ੍ਹਾਂ ਕਿਹਾ ਕਿ ਹੁਣ ਹਰ ਸਾਲ 26 ਦਸੰਬਰ ਨੂੰ ਵੀਰ ਬਾਲ ਦਿਵਸ ਵਜੋਂ ਮਨਾਉਣ ਨਾਲ ਸਾਹਿਬਜਾਦਿਆਂ ਦੀ ਹਿੰਮਤ ਤੇ ਨਿਆਂ ਸਥਾਪਨਾ ਦੀਆਂ ਉਨ੍ਹਾਂ ਦੀਆਂ ਕੋਸਿਓਿਸਾਂ ਨੂੰ ਹਮੇਸਾ ਯਾਦ ਰੱਖਿਆ ਜਾ ਸਕੇਗਾ . ਇਹ ਵੀਰ ਬਾਲ ਦਿਵਸ ਉਸੀ ਦਿਨ ਮਨਾਇਆ ਜਾਵੇਗਾ ਜਿਸ ਦਿਨ ਸਾਹਿਬਜਾਦਾ ਜੋਰਾਵਰ ਸਿੰਘ ਅਤੇ ਸਾਹਿਬਜਾਦਾ ਫਤਿਹ ਸਿੰਘ ਨੂੰ ਦੀਵਾਰ 'ਚ ਜਿੰਦਾ ਚਿਣਵਾ ਦਿੱਤਾ ਗਿਆ ਸੀ . ਇਨ੍ਹਾਂ ਦੋਵਾਂ ਮਹਾਨ ਹਸਤੀਆਂ ਨੇ ਧਰਮ ਦੇ ਮਹਾਨ ਸਿਧਾਂਤਾਂ ਨਾਲ ਵਿਚਲਿਤ ਹੋਣ ਦੀ ਥਾਂ ਮੌਤ ਨੂੰ ਚੁਣਿਆ ਸੀ . ਮਾਤਾ ਗੁਜਰੀ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਚਾਰ ਸਾਹਿਬਜਾਦਿਆਂ ਦੀ ਬਹਾਦੁਰੀ ਅਤੇ ਆਦਰਸਾਂ ਨੇ ਲੱਖਾਂ ਲੋਕਾਂ ਨੂੰ ਤਾਕਤ ਦਿੱਤੀ ਸੀ . ਉਨ੍ਹਾਂ ਕਿਹਾ ਕਿ ਹਰਿਆਣਾ ਦਾ ਸਮੁੱਚਾ ਸਿੱਖ ਭਾਈਚਾਰਾ ਵੀ ਇਸ ਐਲਾਨ ਲਈ ਦੇਸ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕਰਦਾ ਹੈ . ਸੂਬਾ ਭਾਜਪਾ ਆਗੂ ਹਰਿਆਣਾ ਦੀ ਮੈਂਬਰ ਬੀਬੀ ਗਿੱਲ ਨੇ ਨਾਲ ਹੀ ਮੋਦੀ ਸਰਕਾਰ ਨੂੰ ਬੇਨਤੀ ਕੀਤੀ ਹੈ, ਕਿ ਉਹ ਦੇਸ ਦੇ ਸਕੂਲਾਂ 'ਚ ਪੜ੍ਹਨ ਵਾਲੇ ਬੱਚਿਆ ਦੇ ਸਿਲੇਬਸ 'ਚ ਚਾਰ ਸਾਹਿਬਜਾਦਿਆਂ ਦੀ ਲਾਸਾਨੀ ਸਹਾਦਤ ਨੂੰ ਵੀ ਸਾਮਿਲ ਕੀਤਾ ਜਾਵੇ ਤਾਂ ਕਿ ਸਾਡੇ ਬੱਚਿਆਂ ਨੂੰ ਚਾਰ ਸਾਹਿਬਜਾਦਿਆਂ ਦੀ ਸਹਾਦਤ ਬਾਰੇ ਸਹੀ ਜਾਣਕਾਰੀ ਮਿਲ ਸਕੇ .

# ਸ਼ਿਵ ਸੈਨਾ ਹਿੰਦੁਸਤਾਨ ਦੇ ਅਹੁਦੇਦਾਰਾਂ ਨੇ ਕੀਤੀਆਂ ਨਿਯੁਕਤੀਆਂ



ਅੰਮ੍ਰਿਤਸਰ, (ਪੱਤਰ ਪ੍ਰੇਰਕ)- ਸ਼ਿਵ ਸੈਨਾ ਹਿੰਦੁਸਤਾਨ ਦੇ ਜਨਰਲ ਸਕੱਤਰ ਪੰਜਾਬ ਅਨਿਲ ਲਾਲ ਤੇ ਜ਼ਿਲ੍ਹਾ ਉਪ ਪ੍ਰਧਾਨ ਰਾਹੁਲ ਅਰੋੜਾ ਦੀ ਅਗਵਾਈ ਵਿਚ ਅਹਿਮ ਮੀਟਿੰਗ ਕੀਤੀ ਗਈ, ਜਿਸ ਵਿਚ ਅਨਿਲ ਲਾਲ ਨੇ ਪਾਰਟੀ ਨੂੰ ਜ਼ਿਲ੍ਹਾ ਪੱਧਰ 'ਤੇ ਮਜ਼ਬੂਤ ਕਰਦੇ ਹੋਏ ਰਾਜ ਕੁਮਾਰ ਨੂੰ ਜ਼ਿਲ੍ਹਾ ਸਕੱਤਰ ਤੇ ਸੁਭਾਸ਼ ਚੰਦਰ ਨੂੰ ਵਾਰਡ ਨੰਬਰ 56 ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਅਨਿਲ ਲਾਲ ਨੇ ਗੱਲਬਾਤ ਕਰਦਿਆਂ ਕਿਹਾ ਕਿਵਿਧਾਨਸਭਾ ਚੋਣਾਂ ਦੇ ਮੱਦੇਨਜ਼ਰ ਅਹੁਦੇਦਾਰਾਂ ਦੇ ਨਾਲ ਵਿਚਾਰ ਚਰਚਾ ਕੀਤੀ ਗਈ ਹੈ, ਜਿਸ ਵਿਚ ਫੈਸਲਾ ਲਿਆ ਗਿਆ ਹੈ ਕਿ ਰਾਸ਼ਟਰੀ ਪ੍ਰਧਾਨ ਪਵਨ ਗੁਪਤਾ, ਰਾਸ਼ਟਰੀ ਜਨਰਲ ਸਕੱਤਰ ਤੇ ਪੰਜਾਬਪ੍ਰਭਾਰੀ ਕ੍ਰਿਸ਼ਨ ਸ਼ਰਮਾ, ਕਾਰਜਕਾਰੀ ਪੰਜਾਬ ਪ੍ਰਧਾਨ ਸੰਜੀਵ ਦੇਵ ਦੇ ਨਿਰਦੇਸ਼ਾਂ ਅਨੁਸਾਰ ਸ਼ਿਵ ਸੈਨਾ ਹਿੰਦੁਸਤਾਨ ਆਪਣੇ ਰਾਜਨੀਤਿਕ ਵਿੰਗ ਹਿੰਦੁਸਤਾਨ ਸ਼ਕਤੀ ਸੈਨਾ ਦੇ ਬੈਨਰ ਹੇਠ ਵਿਧਾਨ ਸਭਾ ਚੋਣਾਂ ਪੂਰੇ ਜ਼ੋਰ-ਸ਼ੋਰ ਨਾਲ ਲੜੇਗੀ, ਜਿਸ ਲਈ ਅੰਮ੍ਰਿਤਸਰਤੋਂ ਸੰਭਾਵਿਤ ਉਮੀਦਵਾਰਾਂ ਦਾ ਇਕ ਪੈਨਲ ਬਣਾ ਕੇ ਪਾਰਟੀ ਹਾਈਕਮਾਨ ਤੋਂ ਅਪੀਲ ਕੀਤੀ ਜਾਵੇਗੀ ਕਿ ਅੰਮ੍ਰਿਤਸਰਵਿਚ ਵਿਧਾਨਸਭਾਚੋਣਾਂ ਹੇਤੁ ਟਿਕਟ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਚੋਣਾਂ ਦੇ ਮੱਦੇਨਜ਼ਰ ਅਹੁਦੇਦਾਰਾਂ ਨੂੰ ਲਾਮਬੰਦ ਕਰਨ ਲਈ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਅਤੇ ਰਾਸ਼ਟਰੀ ਪ੍ਰਧਾਨ ਪਵਨ ਗੁਪਤਾ,ਰਾਸ਼ਟਰੀ ਜਨਰਲ ਸਕੱਤਰ ਤੇ ਪੰਜਾਬ ਪ੍ਰਭਾਰੀ ਕ੍ਰਿਸ਼ਨ ਸ਼ਰਮਾ, ਕਾਰਜਕਾਰੀ ਪੰਜਾਬ ਪ੍ਰਧਾਨ ਸੰਜੀਵਦੇਵ ਵਲੋਂ ਚੋਣਾਂ ਸਬੰਧੀ ਅਹੁਦੇਦਾਰਾਂ ਦੇ ਨਾਲ ਵਿਚਾਰ ਕੀਤਾ ਜਾ ਰਿਹਾ ਹੈ

# ਕਾਂਗਰਸ ਸਰਕਾਰ ਪੰਜਾਬ 'ਚ ਵਪਾਰ ਅਤੇ ਉਦਯੋਗ ਦੇ ਵਿਕਾਸ ਲਈ ਵਚਨਬੱਧ : ਓ. ਪੀ. ਸੋਨੀ



ਜਲੰਧਰ , (ਪੱਤਰ ਪ੍ਰੇਰਕ)- ਪੰਜਾਬ ਦੇ ਉੱਪ-ਮੁੱਖ ਮੰਤਰੀ ਓ. ਪੀ. ਸੋਨੀ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਪੰਜਾਬ 'ਚ ਕਾਂਗਰਸ ਸਰਕਾਰ ਵਪਾਰ ਅਤੇ ਉਦਯੋਗ ਦੇ ਵਿਕਾਸ ਲਈ ਵਚਨਬੱਧ ਹੈ ਅਤੇ ਵਪਾਰੀਆਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਸਰਕਾਰ ਵਲੋਂ ਹਰ ਸੰਭਵ ਯਤਨ ਕੀਤੇ ਜਾਣਗੇ। ਸੋਨੀ ਨੇ ਦੱਸਿਆ ਕਿ ਇਨਵੈਸਟ ਪੰਜਾਬ ਦੇ ਮਾਧਿਅਮ ਰਾਹੀਂ 2661 ਪ੍ਰਾਜੈਕਟਾਂ 'ਚ 86819 ਕਰੋੜ ਪੰਜਾਬ 'ਚ ਨਿਵੇਸ਼ ਹੋਣ ਜਾ ਰਿਹਾ ਹੈ, ਜਿਸ ਨਾਲ ਸਿੱਧੇ ਤੌਰ 'ਤੇ ਪੰਜਾਬ 'ਚ 323260 ਨਵੀਆਂ ਨੌਕਰੀਆਂ ਦੇ ਮੌਕੇ ਪੈਦਾ ਹੋਣਗੇ। ਸੋਨੀ ਨੇ ਦੱਸਿਆ ਕਿ ਪੰਜਾਬ 'ਚ ਫੂਡ ਪ੍ਰੋਸੈਸਿੰਗ, ਇੰਡਸਟਰੀ, ਸਰਵਿਸ ਸੈਕਟਰ, ਟੂਰਿਜਮ ਅਤੇ ਟ੍ਰੇਡ ਦੇ ਵਿਕਾਸ ਲਈ ਸਟੇਟ ਜੀ. ਡੀ. ਪੀ. ਨੂੰ ਅਗਲੇ ਦੋ ਸਾਲਾਂ 'ਚ 8 ਲੱਖ ਕਰੋੜ ਰੁਪਏ 'ਤੇ ਲਿਜਾਣ 'ਚ ਸਰਕਾਰ ਪ੍ਰਭਾਵਸ਼ਾਲੀ ਕਦਮ ਉਠਾ ਰਹੀ ਹੈ।

ਸੋਨੀ ਨੇ ਦੱਸਿਆ ਕਿ ਪੰਜਾਬ ਪ੍ਰਦੇਸ਼ ਵਪਾਰ ਮੰਡਲ, ਵੱਖ-ਵੱਖ ਟ੍ਰੇਡ ਅਤੇ ਇੰਡਸਟ੍ਰੀਅਲ ਐਸੋਸੀਏਸ਼ਨ ਵਲੋਂ ਦੱਸੀਆਂ ਗਈਆਂ ਦਿੱਕਤਾਂ ਅਤੇ ਸੁਝਾਅ ਕਾਰਨ ਸਰਕਾਰ ਵਲੋਂ ਹੇਠ ਲਿਖੀਆਂ ਰਾਹਤਾਂ ਦਿੱਤੀਆਂ ਗਈਆਂ:

* ਸਾਲ 14-15, 15-16, 16-17 ਦੇ 40 ਹਜਾਰ ਵੈਟ ਕੇਸਾਂ ਨੂੰ ਰੱਦ ਕਿਤਾ ਗਿਆ।
* ਬਾਕੀ ਬਚੇ 8 ਹਜਾਰਾਂ ਕੇਸਾਂ ਦਾ ਨਿਪਟਾਰਾ 30 ਫੀਸਦੀ ਟੈਕਸ ਲੈ ਕੇ ਕੀਤਾ ਜਾਵੇਗਾ। ਉਸ ਟੈਕਸ ਦਾ 20 ਫੀਸਦੀ ਤੁਰੰਤ ਅਤੇ 80 ਫੀਸਦੀ ਅਗਲੇ ਵਿੱਤੀ ਸਾਲ ਤੱਕ ਜਮ੍ਹਾ ਕਰਵਾਉਣਾ ਹੋਵੇਗਾ।
* ਪੱਟੀ-ਮਖੂ ਰੇਲ ਲਿੰਕ ਲਈ ਜਮੀਨ ਐਕਵਾਇਰ ਕਰ ਕੇ ਰੇਲਵੇ ਨੂੰ ਤੁਰੰਤ ਸੌਂਪੀ ਜਾਵੇਗੀ, ਜਿਸ ਨਾਲ ਅੰਮ੍ਰਿਤਸਰ ਤੋਂ ਮੁੰਬਈ ਦਾ ਸਫਰ 240 ਕਿਲੋਮੀਟਰ ਘੱਟ ਹੋਵੇਗਾ ; ਪੰਜਾਬ 'ਚ ਮਾਝੇ ਅਤੇ ਮਾਲਵੇ 'ਚ ਸਿੱਧਾ ਸੰਪਰਕ ਬਣੇਗਾ ; ਐਕਸਪੋਰਟ, ਸ਼ਿਪਮੈਂਟਸ ਛੇਤੀ ਬੰਦਰਗਾਹ ਤੱਕ ਪਹੁੰਚ ਸਕੇਗੀ ਅਤੇ ਦੇਸ਼ ਨੂੰ ਇਕ ਨਵੀਂ ਡਿਫੈਂਸ ਲਾਈਨ ਮਿਲੇਗੀ।
* ਉਦਯੋਗ ਲਈ ਬਿਜਲੀ ਦੇ ਫਿਕਸਡ ਚਾਰਿਜਜ 50 ਫੀਸਦੀ ਕੀਤੇ ਗਏ।
* ਅੰਮ੍ਰਿਤਸਰ 'ਚ ਐਗਜੀਬਿਸ਼ਨ ਸੈਂਟਰ ਨੂੰ ਮਨਜੂਰੀ ਦਿੱਤੀ ਗਈ।
* ਉਦਯੋਗਾਂ ਲਈ ਫੋਕਲ ਪੁਆਇੰਟਾਂ 'ਤੇ 150 ਕਰੋੜ ਦੀ ਲਾਗਤ ਨਾਲ ਬੁਨਿਆਦੀ ਢਾਂਚੇ ਨੂੰ ਮਜਬੂਤ ਕਰਨ ਲਈ ਮਨਜੂਰੀ ਦਿੱਤੀ ਗਈ।
* ਸੰਸਥਾਗਤ ਟੈਕਸ ਦੀ ਸਮਾਪਤੀ ਕੀਤੀ ਗਈ।
* 2 ਕਿਲੋਵਾਟ ਤੱਕ ਲੋਡ ਵਾਲੇ ਘਰੇਲੂ ਬਿਜਲੀ ਖਪਤਕਾਰਾਂ ਦੇ ਬਕਾਏ ਮਾਫ ਕੀਤੇ ਗਏ ਅਤੇ 7 ਕਿਲੋਵਾਟ ਤੱਕ ਲੋਡ ਵਾਲੇ ਘਰੇਲੂ ਖਪਤਕਾਰਾਂ ਲਈ ਬਿਜਲੀ ਦੀਆਂ ਕੀਮਤਾਂ 3 ਰੁਪਏ ਪ੍ਰਤੀ ਯੂਨਿਟ ਘਟਾਈਆਂ ਗਈਆਂ।
* ਉਦਯੋਗਿਕ ਇਕਾਈਆਂ ਲਈ ਸ਼ੁਰੂ ਦੀ ਪ੍ਰਕਿਰਿਆ ਨੂੰ ਸੌਖਾਲਾ ਬਣਾਇਆ ਗਿਆ।
* ਪੰਜਾਬ ਲਘੂ ਉਦਯੋਗ ਅਤੇ ਬਰਾਮਦ ਨਿਗਮ ਦੇ ਅਧੀਨ ਫੋਕਲ ਪੁਆਇੰਟਾਂ 'ਚ ਡਿਫਾਲਟਰ ਪਲਾਂਟਾਂ ਲਈ ਯਕਮੁਸ਼ਤ ਨਿਪਟਾਰਾ ਸਕੀਮ ਲਿਆਂਦੀ ਗਈ।
* ਪੈਟਰੋਲ ਦੀ ਕੀਮਤ 10 ਰੁਪਏ ਪ੍ਰਤੀ ਲਿਟਰ ਅਤੇ ਡੀਜਲ ਦੀ ਕੀਮਤ 5 ਰੁਪਏ ਪ੍ਰਤੀ ਲਿਟਰ ਘੱਟ ਕੀਤੀ ਗਈ।
* ਸ਼ਹਿਰੀ ਖੇਤਰਾਂ 'ਚ ਪਾਣੀ ਦੀ ਸਪਲਾਈ ਅਤੇ ਸੀਵਰੇਜ ਦੇ ਬਕਾਏ ਮੁਆਫ ਕੀਤੇ ਗਏ।

# ਹਾਈ ਕੋਰਟ ਤੋਂ ਜ਼ਮਾਨਤ ਮਿਲਣ ਤੋਂ ਬਾਅਦ ਮੀਡੀਆ ਨਾਲ ਰੂਬਰੂ ਹੋਏ ਮਜੀਠੀਆ, ਕਿਹਾ- ਪੀਐੱਮ ਦੀ ਸੁਰੱਖਿਆ 'ਚ ਕੁਤਾਹੀ ਨਹੀਂ ਬਲਕਿ ਸਾਜ਼ਿਸ਼



ਚੰਡੀਗੜ੍ਹ , (ਪੱਤਰ ਪ੍ਰੇਰਕ)- ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਬਿਕਰਮ ਸਿੰਘ ਮਜੀਠੀਆ ਨੇ ਦਾਅਵਾ ਕੀਤਾ ਹੈ ਕਿ ਪੰਜਾਬ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੁਰੱਖਿਆ 'ਚ ਕੁਤਾਹੀ ਨਹੀਂ ਹੋਈ ਬਲਕਿ ਸਾਜ਼ਿਸ਼ ਰਚੀ ਗਈ। ਪੁਲਿਸ ਬਲ ਦਾ ਮੁਕੰਮਲ ਸਿਆਸੀਕਰਨ ਹੋਣ ਕਾਰਨ ਡੀਜੀਪੀ ਚਟੋਪਾਧਿਆਏ ਨੇ ਪ੍ਰਧਾਨ ਮੰਤਰੀ ਮੋਦੀ ਦੀ ਹਾਲੀਆ ਫਿਰੋਜ਼ਪੁਰ ਰੈਲੀ ਦੌਰਾਨ ਉਨ੍ਹਾਂ ਦੀ ਸੁਰੱਖਿਆ ਨਾਲ ਸਮਝੌਤਾ ਕਰਨ ਦੀ ਮਨਜ਼ੂਰੀ ਦਿੱਤੀ ਸੀ। ਇਹ ਇਕ ਯੋਜਨਾਬੱਧ ਸਾਜ਼ਿਸ਼ ਸੀ, ਜੋ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਰਚੀ ਗਈ ਤੇ ਇਸ 'ਚ ਖ਼ੁਦ ਮੁੱਖ ਮੰਤਰੀ ਤੇ ਗ੍ਰਹਿ ਮੰਤਰੀ ਮੁੱਖ ਸਾਜ਼ਿਸ਼ਕਰਤਾ ਸਨ। ਉਧਰ, ਡਰੱਗਜ਼ ਮਾਮਲੇ 'ਚ ਐੱਫਆਈਆਰ ਦਰਜ ਹੋਣ ਤੋਂ ਬਾਅਦ ਗ਼ਾਇਬ ਹੋਣ ਬਾਰੇ ਸਫ਼ਾਈ ਦਿੰਦੇ ਹੋਏ ਮਜੀਠੀਆ ਨੇ ਕਿਹਾ, 'ਮੈਂ ਫ਼ਰਾਰ ਨਹੀਂ ਹੋਇਆ ਸੀ, 'ਰਾਹੂ ਤੇ ਕੇਤੂ' (ਚੰਨੀ ਤੇ ਰੰਧਾਵਾ) ਨੂੰ ਪਤਾ ਸੀ ਕਿ ਮੈਂ ਕਿੱਥੇ ਹਾਂ। ਪਹਿਲਾਂ ਕਾਰਜਕਾਰੀ ਡੀਜੀਪੀ ਚਟੋਪਾਧਿਆਏ 'ਤੇ ਵਰ੍ਹਦੇ ਹੋਏ ਮਜੀਠੀਆ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਯੋਗ ਨਾਲ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਇਸ ਉੱਚ ਅਹੁਦੇ 'ਤੇ ਬਿਠਾਇਆ ਤੇ ਉਨ੍ਹਾਂ ਆਪਣੇ ਗ਼ੈਰ-ਜ਼ਿੰਮੇਵਾਰੀ ਵਾਲੇ ਰਵੱਈਏ ਨਾਲ ਪੰਜਾਬ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ। ਮਜੀਠੀਆ ਨੇ ਪ੍ਰਧਾਨ ਮੰਤਰੀ ਦੀ ਸੁਰੱਖਿਆ ਦੇ ਮੁੱਦੇ 'ਤੇ ਮੁੱਖ ਮੰਤਰੀ ਦੀ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਅਸੀਂ ਦੇਖਿਆ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਰਜੀਵ ਗਾਂਧੀ ਨੂੰ ਹਾਰ ਪਹਿਨਾਉਣ ਆਏ ਲੋਕਾਂ ਨੇ ਉਨ੍ਹਾਂ ਦੀ ਕਿਵੇਂ ਹੱਤਿਆ ਕਰ ਦਿੱਤੀ ਸੀ। ਡਰੱਗਜ਼ ਮਾਮਲੇ 'ਚ ਹਾਈ ਕੋਰਟ ਤੋਂ ਜ਼ਮਾਨਤ ਮਿਲਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਮਜੀਠੀਆ ਨੇ ਕਿਹਾ, ਕਾਂਗਰਸ ਸਰਕਾਰ ਵੱਲੋਂ ਉਨ੍ਹਾਂ ਨੂੰ ਝੂਠੇ ਮਾਮਲੇ 'ਚ ਫਸਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਸੱਚਾਈ ਦੀ ਜਿੱਤ ਹੋਈ। ਉਨ੍ਹਾਂ ਸੂਬੇ ਦੇ ਇਕ ਪੁਲਿਸ ਮੁਖੀ, ਐੱਸਐੱਸਪੀ ਤੇ ਕਈ ਹੋਰ ਪੁਲਿਸ ਅਧਿਕਾਰੀਆਂ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀਆਂ ਗ਼ੈਰ-ਕਾਨੂੰਨੀ ਮੰਗਾਂ ਮੰਨਣ ਤੋਂ ਇਨਕਾਰ ਕਰ ਦਿੱਤਾ ਤੇ ਸਰਕਾਰ ਦੇ ਨਾਜਾਇਜ਼ ਹੁਕਮਾਂ ਦੀ ਪਾਲਣਾ ਕਰਨ ਦੀ ਬਜਾਇ ਆਪਣਾ ਅਹੁਦਾ ਛੱਡਣ ਦਾ ਫ਼ੈਸਲਾ ਕੀਤਾ। ਉਨ੍ਹਾਂ ਕਿਹਾ ਕਿ ਪਿਛਲੇ ਤਿੰਨ ਮਹੀਨੇ ਤੋਂ ਕਾਂਗਰਸ ਨੇ ਸਿਰਫ ਬਦਲਾਖੋਰੀ ਦੀ ਰਾਜਨੀਤੀ ਹੀ ਕੀਤੀ ਹੈ। ਸੂਬੇ ਦੇ ਇਤਿਹਾਸ 'ਚ ਪਹਿਲਾਂ ਕਦੇ ਵੀ ਏਨੇ ਘੱਟ ਸਮੇਂ ਲਈ ਤਿੰਨ ਡੀਜੀਪੀ ਤੇ ਬਿਊਰੋ ਆਫ ਇਨਵੈਸਟੀਗੇਸ਼ਨ (ਬੀਓਆਈ) ਦੇ ਚਾਰ ਨਿਰਦੇਸ਼ਕਾਂ ਨੂੰ ਨਹੀਂ ਬਦਲਿਆ ਗਿਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਤੇ ਗ੍ਰਹਿ ਮੰਤਰੀ ਰੰਧਾਵਾ ਨੇ ਉਨ੍ਹਾਂ ਨੂੰ ਝੂਠੇ ਮਾਮਲੇ 'ਚ ਫਸਾਉਣ ਲਈ ਰੋਜ਼ਾਨਾਂ ਮੀਟਿੰਗਾਂ ਕੀਤੀ। ਇੱਥੋਂ ਤਕ ਕਿ ਇਸ ਖੇਤਰ 'ਚ ਡਰੱਗਜ਼ ਦੇ ਖ਼ਤਰੇ ਦੇ ਮੁੱਦੇ 'ਤੇ ਜਨਹਿੱਤ ਪਟੀਸ਼ਨ 'ਤੇ ਮੇਰੇ ਖ਼ਿਲਾਫ਼ ਝੂਠਾ ਮਾਮਲਾ ਦਰਜ ਕਰਨ ਤੋਂ ਭੱਜ ਗਈ, ਜੋ ਡੀਜੀਪੀ ਐੱਸ ਚਟੋਪਾਧਿਆਏ ਦੇ ਹੁਕਮ 'ਤੇ ਕੀਤਾ ਗਿਆ ਸੀ, ਜਿਨ੍ਹਾਂ ਨੂੰ ਖ਼ਾਸ ਕਰਕੇ ਇਸੇ ਮਕਸਦ ਲਈ ਲਿਆਂਦਾ ਗਿਆ ਸੀ। ਇਕ ਸਵਾਲ ਦੇ ਜਵਾਬ 'ਚ ਮਜੀਠੀਆ ਨੇ ਕਿਹਾ, ਮੈਂ ਫ਼ਰਾਰ ਨਹੀਂ ਸੀ। ਮੈਂ ਕਹਿ ਰਿਹਾ ਹਾਂ ਕਿ ਇਹ ਗੱਲ ਰਾਹੂ-ਕੇਤੂ (ਚੰਨੀ ਤੇ ਰੰਧਾਵਾ) ਨੂੰ ਪਤਾ ਸੀ।

# ਧੀਆਂ ਦੀ ਲੋਹੜੀ ਮਨਾਏ ਜਾਣ ਨੂੰ ਪਹਿਲ ਦਿੱਤੀ ਜਾਣੀ ਚਾਹੀਦੀ : ਸੰਧੂ



ਅੰਮ੍ਰਿਤਸਰ, (ਪੱਤਰ ਪ੍ਰੇਰਕ)-ਬੀਐੱਨਐੱਸ ਇੰਟਰਨੈਸ਼ਨਲ ਸਕੂਲ ਭਿੱਟੇਵੱਡ ਵਿਖੇ ਅਧਿਆਪਕਾਂ ਦੇ ਵੱਲੋਂ ਲੋਹੜੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ। ਸਕੂਲ ਪ੍ਰਬੰਧਕੀ ਕਮੇਟੀ ਦੇ ਐੱਮਡੀ ਗੁਰਚਰਨ ਸਿੰਘ ਸੰਧੂ ਦੇ ਦਿਸ਼ਾਂ-ਨਿਰਦੇਸ਼ਾਂ ਤੇ ਚੇਅਰਮੈਨ ਕਰਮਿੰਦਰ ਸਿੰਘ ਸੰਧੂ ਦੇ ਬੇਮਿਸਾਲ ਪ੍ਰਬੰਧਾਂ ਹੇਠ ਕਰਵਾਏ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਪਾਕ ਤੇ ਪਵਿੱਤਰ ਭੁੱਗਾ ਬਾਲਣ ਦੀ ਰਸਮ ਅਦਾ ਕਰਦਿਆਂ ਸਮੂਹਿਕ ਅਧਿਆਪਕਾਵਾਂ ਦੇ ਵੱਲੋਂ ਲੋਹੜੀ ਨੂੰ ਸਮਰਪਿਤ ਸੱਭਿਆਚਾਰਕ ਗੀਤ ਗਾਉਣ ਤੋਂ ਇਲਾਵਾ ਪੰਜਾਬੀ ਸੱਭਿਆਚਾਰ ਦੇ ਅਨਿੱਖੜਵੇਂ ਅੰਗ ਗਿੱਧੇ ਭੰਗੜੇ ਦੀ ਪੇਸ਼ਕਾਰੀ ਵੀ ਕੀਤੀ। ਇਸ ਮੌਕੇ ਐੱਮਡੀ ਗੁਰਚਰਨ ਸਿੰਘ ਸੰਧੂ ਨੇ ਲੋਹੜੀ ਤਿਉਹਾਰ ਮਨਾਏ ਜਾਣ ਦੇ ਕਾਰਨਾ ਤੇ ਇਤਿਹਾਸ 'ਤੇ ਰੌਸ਼ਨੀ ਪਾਉਂਦਿਆਂ ਕਿਹਾ ਪੰਜਾਬੀ ਸੱਭਿਆਚਾਰਕ ਰਹੁ-ਰੀਤਾਂ, ਰਵਾਇਤਾਂ ਤੇ ਰਵਾਇਤਾਂ ਵਿੱਚ ਲੋਹੜੀ ਮਨਾਏ ਜਾਣ ਦਾ ਖਾਸ ਮਹੱਤਵ ਹੈ। ਉਨ੍ਹਾਂ ਕਿਹਾ ਇਸ ਦੀ ਹਰਮਨ ਪਿਆਰਤਾ ਜਿੰਨੀ ਪੰਜਾਬ ਦੇ ਵਿੱਚ ਹੈ ਉਨ੍ਹੀ ਹੀ ਦੇਸ਼-ਵਿਦੇਸ਼ ਦੇ ਹੋਰਨਾਂ ਹਿੱਸਿਆ ਵਿੱਚ ਹੈ। ਉਨ੍ਹਾਂ ਕਿਹਾ ਕਿ ਬੜੇ ਅਫਸੋਸ ਦੀ ਗੱਲ ਹੈ ਕਿ ਲੋਹੜੀ ਵਰਗੇ ਪਾਕ ਪਵਿੱਤਰ ਤਿਉਹਾਰ ਨੂੰ ਕੁੱਝ ਮਨਚਲੇ ਲੋਕਾਂ ਵੱਲੋਂ ਪੱਛਮੀ ਸੱਭਿਅਤਾ ਦੀ ਰੰਗਤ ਦਿੱਤੀ ਜਾ ਰਹੀ ਹੈ। ਇਸ ਤੇ ਰੋਕ ਲਗਾਉਣਾ ਸਮੇਂ ਦੀ ਮੰਗ ਅਤੇ ਲੋੜ ਹੈ। ਉਨ੍ਹਾਂ ਕਿਹਾ ਕਿ ਧੀਆਂ ਦੀ ਲੋਹੜੀ ਮਨਾਏ ਜਾਣ ਨੂੰ ਪਹਿਲ ਦਿੱਤੀ ਜਾਣੀ ਚਾਹੀਦੀ ਹੈ। ਅੰਤ ਵਿੱਚ ਸਰਬੱਤ ਦੇ ਭਲੇ ਲਈ ਅਰਦਾਸ ਕਰਨ ਦੇ ਨਾਲਖ਼ਨਾਲ ਮੂੰਗਫਲੀ ਰਿਓੜੀਆਂ ਵੀ ਵੰਡੀਆਂ ਗਈਆਂ। ਇਸ ਮੌਕੇ ਇੰਚਾਰਜ ਵਰਿੰਦਰ ਕੌਰ, ਸੁਪਰਵਾਈਜ਼ਰ ਜੋਤੀ ਠਾਕੁਰ, ਸਰਬਜੀਤ ਕੌਰ, ਸੁਖਜਿੰਦਰ ਕੌਰ, ਸੰਦੀਪ ਕੌਰ, ਮਨ੍ਹਪੀਤ ਕੌਰ, ਜ਼ਸਬੀਰ ਕੌਰ, ਰਜਵੰਤ ਕੌਰ, ਰਾਜਵਿੰਦਰ ਕੌਰ, ਮਹਿਕਪ੍ਰੀਤ ਕੌਰ, ਨਵਨੀਤ ਕੌਰ, ਗੁਰਿੰਦਰ ਕੌਰ, ਦੀਪਕ ਆਦਿ ਹਾਜ਼ਰ ਸਨ।

# ਨੌਜਵਾਨਾਂ ਦੇ ਜਜਬਾਤਾਂ ਨਾਲ ਖੇਡਣ ਵਾਲੀ ਕੋਈ ਵੀ ਰਾਜਨੀਤਕ ਪਾਰਟੀ ਸੱਤਾ ਦੀਆਂ ਪੌੜੀਆਂ ਨਹੀਂ ਚੜ੍ਹ ਸਕਦੀ-ਰਾਜੂ ਖੰਨਾ

ਅਮਲੋਹ, (ਪੱਤਰ ਪ੍ਰੇਰਕ)-ਕਾਂਗਰਸ ਪਾਰਟੀ ਵਲੋਂ ਭਾਵੇਂ ਪੰਜਾਬ ਦੇ ਨੌਜਵਾਨਾਂ ਨਾਲ ਘਰ-ਘਰ ਨੌਕਰੀ ਦੇਣ, ਬੇਰੁਜਗਾਰੀ ਭੱਤਾ ਤੇ ਸਮਾਰਟ ਫੋਨ ਦੇਣ ਦਾ ਝੂਠਾ ਵਾਅਦਾ ਕਰਕੇ ਉਨ੍ਹਾਂ ਦੇ ਜਜਬਾਤਾਂ ਨਾਲ ਖਿਲਵਾੜ ਕਰਕੇ ਸੱਤਾ ਤਾਂ ਹਥਿਆਈ, ਪਰ ਹੁਣ ਪੰਜਾਬ ਦਾ ਯੂਥ ਕਾਂਗਰਸ ਪਾਰਟੀ ਤੇ ਆਮ ਆਦਮੀ ਪਾਰਟੀ ਨੂੰ ਜਜਬਾਤਾਂ ਨਾਲ ਖਿਲਵਾੜ ਨਹੀਂ ਕਰਨ ਦੇਵੇਗਾ . ਇਸ ਗੱਲ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਬਸਪਾ ਗੱਠਜੋੜ ਦੇ ਹਲਕਾ ਅਮਲੋਹ ਤੋਂ ਉਮੀਦਵਾਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਨੇ ਪਾਰਟੀ ਦਫਤਰ ਅਮਲੋਹ ਵਿਖੇ ਵੱਡੀ ਗਿਣਤੀ ਨੌਜਵਾਨਾਂ ਨੂੰ ਅਕਾਲੀ ਦਲ ਵਿਚ ਸਾਮਿਲ ਕਰਨ ਸਮੇਂ ਕੀਤਾ . ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੂੰ ਅਲਵਿਦਾ ਕਹਿ ਕੇ ਨੌਜਵਾਨ ਪਾਰਟੀ ਵਿਚ ਸਾਮਿਲ ਹੋਏ ਹਨ ਜਿਸ ਨਾਲ ਪਾਰਟੀ ਹੋਰ ਮਜਬੂਤ ਹੋਈ ਹੈ . ਉਨ੍ਹਾਂ ਕਿਹਾ ਕਿ ਕਾਂਗਰਸ ਤੇ ਆਮ ਆਦਮੀ ਪਾਰਟੀ ਸਿਰਫ ਤੇ ਸਿਰਫ ਸੱਤਾਂ ਦੀਆਂ ਪੌੜੀਆਂ ਚੜ੍ਹਨ ਲਈ ਨੌਜਵਾਨ ਵਰਗ ਨੂੰ ਝੂਠੇ ਸੁਪਨੇ ਤਾਂ ਦਿਖਾ ਸਕਦੀਆਂ ਹਨ, ਪਰ ਇਨ੍ਹਾਂ ਤੋਂ ਕੋਈ ਆਸ ਕਰਨੀ ਵਾਜਬ ਨਹੀਂ . ਇਸ ਮੌਕੇ ਰਾਹੁਲ ਅਮਲੋਹ ਨੂੰ ਐਸ.ਓ.ਆਈ. ਦਾ ਸਹਿਰੀ ਪ੍ਰਧਾਨ, ਗੁਰਸੇਵਕ ਸਿੰਘ ਭਾਂਬਰੀ, ਅਰਸਦੀਪ ਸਿੰਘ ਤੇ ਗੁਰਿੰਦਰ ਸਿੰਘ ਨੂੰ ਐਸ.ਓ.ਆਈ. ਜਥੇਬੰਦੀ ਦਾ ਸੀਨੀਅਰ ਮੀਤ ਪ੍ਰਧਾਨ ਵੀ ਨਿਯੁਕਤ ਕੀਤਾ ਗਿਆ . ਇਸ ਮੌਕੇ ਤੇ ਸੂਬਾ ਜਰਨਲ ਸਕੱਤਰ ਹਰਜੋਤ ਸਿੰਘ ਸਲਾਣਾ, ਸਿਮਰਜੀਤ ਸਿੰਘ ਛੀਨੂੰ, ਸਾਹਿਦ ਖਾਂ, ਅਰਸਪ੍ਰੀਤ ਸਿੰਘ, ਮੰਮੂ ਅਮਲੋਹ ਆਦਿ ਹਾਜਰ ਸਨ .

# ਜੈ ਹੋ ਕਲੱਬ ਨੇ ਵੈਕਸੀਨੇਸ਼ਨ ਕੈਂਪ ਲਾਇਆ




ਅੰਮ੍ਰਿਤਸਰ, (ਪੱਤਰ ਪ੍ਰੇਰਕ)-'ਜੈ ਹੋ ਕਲੱਬ' ਵਲੋਂ ਬੱਚਿਆਂ ਲਈ ਵੈਕਸੀਨ ਕੈਂਪ ਲਗਾਇਆ ਗਿਆ, ਜਿਸ ਵਿਚ 15 ਸਾਲ ਤੋਂ ਲੈ ਕੇ 18 ਸਾਲ ਤਕ ਦੇ ਬੱਚਿਆਂ ਨੂੰ ਵੈਕਸੀਨ ਲਗਾਈ ਗਈ। ਪ੍ਰਧਾਨ ਵਿੱਕੀ ਦੱਤਾ ਨੇ ਲੋਕਾਂ ਨੂੰ ਅਪੀਲ ਦੀ ਸਾਨੂੰ ਸਾਰਿਆਂ ਨੂੰ ਵੈਕਸੀਨ ਲਗਵਾਉਣੀ ਚਾਹੀਦੀ ਹੈ। ਵੈਕਸੀਨ ਹੀ ਸਾਨੂੰ ਕੋਰੋਨਾ ਤੋਂ ਬਚਾ ਸਕਦੀ ਹੈ। ਅੱਜ ਵੀ ਕਈ ਲੋਕ ਅਜਿਹੇ ਹਨ, ਜਿਨ੍ਹਾਂ ਨੇ ਹੁਣ ਤਕ ਵੈਕਸੀਨ ਦੀ ਪਹਿਲੀ ਡੋਜ਼ ਹੀ ਨਹੀਂ ਲਗਵਾਈ, ਉਨ੍ਹਾਂ ਲੋਕਾਂ ਨੂੰ ਵੀ ਵੈਕਸੀਨ ਜਰੂਰ ਲਗਵਾਉਣੀ ਚਾਹੀਦੀ ਹੈ। ਇਸ ਮੌਕੇ ਵਿੱਕੀ ਸ਼ਿਕਾਰਪੁਰੀਆ, ਵਿਨਕਲ ਸਿੰਘ, ਸੁਭਾਸ਼ ਦੱਤਾ, ਕਰਨਬੀਰ ਆਦਿ ਮੌਜੂਦ ਸਨ।

# ਵਿਵੇਕ ਪਬਲਿਕ ਸਕੂਲ 'ਚ ਲੋਹੜੀ ਦਾ ਤਿਉਹਾਰ ਮਨਾਇਆ



ਅੰਮ੍ਰਿਤਸਰ, (ਪੱਤਰ ਪ੍ਰੇਰਕ)-ਵਿਵੇਕ ਪਬਲਿਕ ਸਕੂਲ ਹੈਰੀਟੇਜ ਸਿਟੀ ਅਜਨਾਲਾ ਰੋਡ ਵਿਖੇ ਲੋਹੜੀ ਦਾ ਤਿਉਹਾਰ ਮਨਾਇਆ ਗਿਆ। ਸਕੂਲ ਦੇ ਵਿਹੜੇ ਨੂੰ ਪਤੰਗਾਂ ਨਾਲ ਸਜਾਇਆ ਗਿਆ। ਪੰਜਾਬ ਦਾ ਲੋਕ ਨਾਚ ਭੰਗੜਾ ਪੇਸ਼ ਕੀਤਾ ਗਿਆ। ਲੋਹੜੀ ਨਾਲ ਸਬੰਧਤ ਗੀਤ ਗਾਏ ਗਏ ਅਤੇ ਲੋਹੜੀ ਦੇ ਗੀਤਾਂ 'ਤੇ ਨੱਚਿਆਂ ਗਿਆ। ਅੰਤ ਵਿੱਚ ਸਕੂਲ ਡਾਇਰੈਕਟਰ ਸ੍ਰੀਮਤੀ ਨਿਧੀ ਮਹਿਰਾ ਅਤੇ ਪ੍ਰਿੰਸੀਪਲ ਸ੍ਰੀਮਤੀ ਮੀਨਾਕਸ਼ੀ ਮਹਿਰਾ ਨੇ ਸਾਰਿਆਂ ਨੂੰ ਮਕਰ ਸੰਕ੍ਰਾਂਤੀ ਦੀ ਮਹੱਤਤਾ ਦੀ ਵਧਾਈ ਦਿੱਤੀ ਅਤੇ ਸ਼ੁਭ ਕਾਮਨਾਵਾਂ ਦੇ ਨਾਲ ਲੋਹੜੀ ਦਾ ਪ੍ਰਕਾਸ਼ ਕੀਤਾ, ਮੂੰਗਫਲੀ ਅਤੇ ਰੇਵੜੀ ਵੰਡੀ ਗਈ।

Editor: Surinder Singh, Dr. Bhai Paramjit Singh Publisher, Owner and Printers of Fortnightly 'Garjdi Saver' Printed from K.J. Printers, Published from Garjdi Saver Office 366/B-2, Anardana Chowk, Patiala, (Punjab) (R.N.I No.042481/86)

ਐਡੀਟਰ ਸੁਰਿੰਦਰ ਸਿੰਘ, ਪ੍ਰਿੰਟਰ ਪਬਲੀਸ਼ਰ ਅਤੇ ਮਾਲਕ ਡਾ. ਭਾਈ ਪਰਮਜੀਤ ਸਿੰਘ ਨੇ ਕੇ.ਜੇ. ਪ੍ਰਿੰਟਰਜ਼ ਤੋਂ ਛਪਵਾਕੇ ਦਫਤਰ ਪੰਦਰਵਾੜਾ 'ਗਰਜਦੀ ਸਵੇਰ' 366/ਬੀ-2 ਅਨਾਰਦਾਨਾ ਚੌਂਕ ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਆਰ.ਐਨ.ਆਈ. ਨੰ. 042481/86, ਫੋਨ ਨੰ: 0175-2216759